Ministry of JUSTICE

PRISON REFORM TRUST

# ਕੈਦੀਆਂ ਲਈ ਜਾਣਕਾਰੀ

2008 Punjabi

© Prison Reform Trust and HM Prison Service/NOMS

This publication can be shared, copied, distributed and transmitted but not sold. It can not be altered in any way without the permission of the copyright owners.

The National Offender Management Service: part of the Ministry of Justice protecting the public and reducing re-offending by delivering probation and prison services.

The Prison Reform Trust works to create a fair and decent prison system. We do this by looking at how prisons are working, giving information to prisoners, staff and people outside and by asking the government and officials to make changes.

First published in 2008 by Prison Reform Trust

ISBN: 0946209 86 3

For further information, contact:

Prison Reform Trust
15 Northburgh Street
London EC1V 0JR
020 7251 5070
www.prisonreformtrust.org.uk

Both HMPS and the Prison Reform Trust would like to thank prisoners and staff at HMP Wandsworth for helping with this book and Mencap for its work to make the book easier to read.

The Prison Reform Trust would like to thank the Big Lottery Fund and the Diana, Princess of Wales Memorial Fund for supporting our charity to improve information for prisoners.

# ਕੈਦੀਆਂ ਲਈ ਜਾਣਕਾਰੀ

# ਜੇਲ੍ਹ ਵਿੱਚ ਕੌਣ ਕੰਮ ਕਰਦਾ ਹੈ?

**ਗਵਰਨਰ** ਜਾਂ **ਡਾਇਰੈਕਟਰ** ਜੇਲ੍ਹ ਦੇ ਇਨ-ਚਾਰਜ ਹੁੰਦੇ ਹਨ। ਇਸ ਕਿਤਾਬ ਵਿੱਚ ਅਸੀਂ ਗਵਰਨਰ ਸ਼ਬਦ ਵਰਤਦੇ ਹਾਂ।

**ਜੇਲ੍ਹ ਆਫ਼ਿਸਰ** - ਜੇਲ੍ਹ ਵਿੱਚ ਕਈ ਤਰ੍ਹਾਂ ਦਾ ਕੰਮ ਕਰਦੇ ਹਨ ਅਤੇ ਉਹ ਸਟਾਫ਼ ਹੁੰਦੇ ਹਨ ਜਿਨ੍ਹਾਂ ਨੂੰ ਤੁਸੀਂ ਸਭ ਤੋਂ ਜ਼ਿਆਦਾ ਦੇਖੋਗੇ।

**ਅਪਰਾਧੀ ਸੁਪਰਵਾਈਜ਼ਰ** - ਤੁਹਾਡਾ ਅਪਰਾਧੀ ਸੁਪਰਵਾਈਜ਼ਰ ਤੁਹਾਡੀ ਸਜ਼ਾ ਦੀ ਯੋਜਨਾ ਦੇ ਟੀਚਿਆਂ ਨੂੰ ਪੂਰਾ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਤੁਹਾਡੇ ਅਪਰਾਧੀ ਮੈਨੇਜਰ ਦੇ ਨਾਲ ਮਿਲਕੇ ਕੰਮ ਕਰੇਗਾ।

**ਨਿੱਜੀ ਆਫ਼ਿਸਰ** - ਇਹ ਉਹ ਜੇਲ੍ਹ ਆਫ਼ਿਸਰ ਹੁੰਦਾ ਹੈ ਜੋ ਤੁਹਾਡੀ ਮਦਦ ਕਰਨ ਲਈ ਸਮਾਂ ਕੱਢਦਾ ਹੈ ਅਤੇ ਜੋ ਤੁਹਾਡੀ ਤਰੱਕੀ ਦੀਆਂ ਰਿਪੋਰਟਾਂ ਲਿਖੇਗਾ। ਉਹ ਤੁਹਾਡੇ ਨਾਲ ਮਿਲ ਕੇ ਤੁਹਾਡੀ ਸਜ਼ਾ ਦੀ ਯੋਜਨਾ 'ਤੇ ਵੀ ਕੰਮ ਕਰ ਸਕਦੇ ਹਨ।

**ਪ੍ਰੋਬੇਸ਼ਨ ਆਫ਼ਿਸਰ** - ਕੋਈ ਵਿਅਕਤੀ ਜੋ ਜੇਲ੍ਹ ਛੱਡਣ ਤੋਂ ਬਾਅਦ ਦੁਬਾਰਾ ਅਪਰਾਧ ਨਾ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਤੁਹਾਡੇ ਨਾਮ ਮਿਲਕੇ ਕੰਮ ਕਰਦਾ ਹੈ।

**ਮਨੋਵਿਗਿਆਨਕ** - ਤੁਹਾਡਾ ਮੁਲਾਂਕਣ ਕਰਦਾ ਹੈ ਅਤੇ ਦੁਬਾਰਾ ਅਪਰਾਧ ਕਰਨ ਦੇ ਵਿਹਾਰ ਸੰਬੰਧੀ ਕੋਰਸ ਚਲਾਉਣ ਲਈ ਦੂਸਰੇ ਸਟਾਫ਼ ਦੇ ਨਾਲ ਮਿਲਕੇ ਕੰਮ ਕਰਦਾ ਹੈ।

**ਚੈਪਲੇਨ** - ਤੁਹਾਡੇ ਧਰਮ ਦਾ ਪਾਲਣ ਕਰਨ ਵਿੱਚ ਤੁਹਾਡੀ ਮਦਦ ਕਰੇਗਾ। ਉਹ ਕਈ ਵੱਖ-ਵੱਖ ਧਰਮਾਂ ਤੋਂ ਹੋਣਗੇ। ਤੁਸੀਂ ਉਹਨਾਂ ਨਾਲ ਇਸ ਬਾਰੇ ਵੀ ਗੱਲ ਕਰ ਸਕਦੇ ਹੋ ਕਿ ਤੁਸੀਂ ਕਿਵੇਂ ਮਹਿਸੂਸ ਕਰ ਰਹੇ ਹੋ।

**ਸਿੱਖਿਆ ਅਤੇ ਵਰਕਸ਼ਾਪ ਸਟਾਫ਼** - ਕਲਾਸਾਂ ਅਤੇ ਵਰਕਸ਼ਾਪਾਂ ਚਲਾਉਂਦਾ ਹੈ।

**ਸਿਹਤ-ਸੰਭਾਲ ਸਟਾਫ਼** - ਇਹ ਨਰਸਾਂ, ਡਾਕਟਰ, ਦੰਦਾਂ ਦੇ ਡਾਕਟਰ ਆਦਿ ਹੁੰਦੇ ਹਨ।

**CARAT ਕਰਮਚਾਰੀ** - ਨਸ਼ੀਲੇ ਪਦਾਰਤਾਂ ਸੰਬੰਧੀ ਸਮੱਸਿਆਵਾਂ ਵਿੱਚ ਕੈਦੀਆਂ ਦੀ ਮਦਦ ਕਰਦੇ ਹਨ।

**IMB ਮੈਂਬਰ** - ਉਹ ਲੋਕ ਹੁੰਦੇ ਹਨ ਜੋ ਜਾਂਚ ਕਰਦੇ ਹਨ ਕਿ ਜੇਲ੍ਹਾਂ ਨੂੰ ਬਿਨਾਂ ਪੱਖਪਾਤ ਦੇ ਚਲਾਇਆ ਜਾਂਦਾ ਹੈ। ਉਹ ਸਥਾਨਕ ਇਲਾਕੇ ਦੇ ਸਵੈ-ਸੇਵਕ ਹੁੰਦੇ ਹਨ।

**ਸਰਕਾਰੀ ਜੇਲ੍ਹ ਮੁਲਾਕਾਤੀ** - ਇਹ ਉਹ ਲੋਕ ਜੋ ਉਹਨਾਂ ਕੈਦੀਆਂ ਨੂੰ ਮਿਲਣ ਆ ਸਕਦੇ ਹਨ ਜਿਨ੍ਹਾਂ ਕੋਲ ਹੋ ਸਕਦਾ ਹੈ ਕਿ ਜ਼ਿਆਦਾ ਮਿਲਣ ਵਾਲੇ ਨਾ ਹੋਣ।

# ਵਿਸ਼ਾ-ਵਸਤੂ - ਇਸ ਕਿਤਾਬ ਵਿੱਚ ਕੀ ਕੁਝ ਹੈ


| ਵਿਸ਼ਾ-ਸੂਚੀ | ਪੰਨਾ |
|---|---|
| ਇਸ ਕਿਤਾਬ ਬਾਰੇ | **4** |
| ਜਦੋਂ ਤੁਸੀਂ ਪਹਿਲੀ ਵਾਰ ਪਹੁੰਚਦੇ ਹੋ | **5** |
| ਸਜ਼ਾ ਨਾ ਭੁਗਤ ਰਹੇ ਕੈਦੀ | **7** |
| ਫ਼ੌਜਦਾਰੀ ਕੈਦੀ | **16** |
| ਇਮੀਗ੍ਰੇਸ਼ਨ ਸੰਬੰਧੀ ਨਜ਼ਰਬੰਦ ਵਿਅਕਤੀ | **18** |
| ਤੁਹਾਡਾ ਦੋਸ਼ ਸਿੱਧ ਹੋਣ ਜਾਂ ਤੁਹਾਡੀ ਸਜ਼ਾਂ ਦੇ ਵਿਰੁੱਧ ਅਪੀਲ ਕਰਨੀ | **22** |
| ਹਿਸਾਬ ਲਗਾਉਣਾ ਕਿ ਤੁਸੀਂ ਕਿੰਨੀ ਦੇਰ ਤਕ ਜੇਲ੍ਹ ਵਿੱਚ ਰਹੋਗੇ | **25** |
| ਨਜਿੱਠਣ ਵਾਲੀਆਂ ਚੀਜ਼ਾਂ - ਜੇਲ੍ਹ ਦੇ ਬਾਹਰ | **29** |
| ਲੋਕ ਜੋ ਜੇਲ੍ਹ ਵਿੱਚ ਤੁਹਾਡੀ ਸਹਾਇਤਾ ਕਰ ਸਕਦੇ ਹਨ | **37** |
| ਪਰਿਵਾਰ ਅਤੇ ਦੋਸਤਾਂ ਦੇ ਨਾਲ ਸੰਪਰਕ ਰੱਖਣਾ | **39** |
| ਆਪਣੇ ਵਕੀਲ ਜਾਂ ਹੋਰ ਸਰਕਾਰੀ ਵਿਅਕਤੀਆਂ ਨਾਲ ਸੰਪਰਕ ਕਰਨਾ | **47** |
| ਜੇਲ੍ਹ ਦਾ ਜੀਵਨ | **49** |
| ਤੁਹਾਡੀ ਸਿਹਤ | **65** |
| ਤੁਹਾਡਾ ਧਰਮ | **78** |
| ਜੇਲ੍ਹ ਦੇ ਨਿਯਮ | **83** |
| ਕੋਈ ਸ਼ਿਕਾਇਤ ਜਾਂ ਬੇਨਤੀ ਕਿਵੇਂ ਕਰਨੀ ਹੈ | **110** |
| ਅਪਰਾਧੀ ਪ੍ਰਬੰਧਨ, ਸਜ਼ਾ ਦੀ ਯੋਜਨਾ ਬਣਾਉਣੀ ਅਤੇ ਰਿਹਾਈ ਲਈ ਤਿਆਰ ਹੋਣਾ | **118** |
| ਅਸਥਾਈ ਲਾਇਸੈਂਸ 'ਤੇ ਰਿਹਾ ਹੋਣਾ | **134** |
| ਰਿਹਾਈ ਅਤੇ ਨਿਗਰਾਨੀ | **138** |
| ਵਿਦੇਸ਼ੀ ਨਾਗਰਿਕ ਕੈਦੀ | **151** |
| ਨੌਜਵਾਨ ਕੈਦੀ ਅਤੇ ਨੌਜਵਾਨ ਕੈਦੀਆਂ ਦੀਆਂ ਸੰਸਥਾਵਾਂ | **155** |

# ਇਸ ਕਿਤਾਬ ਬਾਰੇ

**ਇਹ ਕਿਤਾਬ ਤੁਹਾਨੂੰ ਉਹ ਮੁੱਖ ਗੱਲਾਂ ਦੱਸੇਗੀ ਜਿਨ੍ਹਾਂ ਬਾਰੇ ਤੁਹਾਨੂੰ ਜੇਲ੍ਹ ਵਿੱਚ ਰਹਿੰਦੇ ਹੋਏ ਜਾਣਨ ਦੀ ਲੋੜ ਹੁੰਦੀ ਹੈ ਜਿਵੇਂ ਕਿ**

✓ ਜੇਲ੍ਹ ਦੇ ਨਿਯਮ ਅਤੇ ਕੰਮ ਕਰਨ ਦੇ ਤਰੀਕੇ
✓ ਤੁਹਾਡੇ ਅਧਿਕਾਰ।

**ਜੇ ਤੁਸੀਂ ਇਸ ਕਿਤਾਬ ਵਿੱਚ ਕਿਸੇ ਗੱਲ ਬਾਰੇ ਯਕੀਨੀ ਨਹੀਂ ਹੋ ਤਾਂ ਜੇਲ੍ਹ ਆਫ਼ਿਸਰ ਨੂੰ ਪੁੱਛੋ**

## ਇਹ ਕਿਤਾਬ ਕਿਸਦੇ ਲਈ ਹੈ?

ਇਹ ਕਿਤਾਬ ਪੁਰਸ਼ ਕੈਦੀਆਂ ਲਈ ਹੈ ਜਿਨ੍ਹਾਂ ਵਿੱਚ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਪੁਰਸ਼ ਕੈਦੀ ਸ਼ਾਮਲ ਹਨ।

## ਇਹ ਕਿਤਾਬ ਕਿਸ ਬਾਰੇ ਹੈ?

- ਇਹ ਤੁਹਾਨੂੰ ਦੱਸੇਗੀ ਕਿ ਜੇਲ੍ਹ ਦੇ ਜੀਵਨ ਬਾਰੇ ਤੁਹਾਨੂੰ ਕੀ ਜਾਣਨ ਦੀ ਲੋੜ ਹੈ।
- ਨਿਯਮ ਅਤੇ ਕੰਮ ਕਰਨ ਦੇ ਤਰੀਕੇ ਹਰ ਇੱਕ ਜੇਲ੍ਹ ਵਿੱਚ ਵੱਖ-ਵੱਖ ਹੋ ਸਕਦੇ ਹਨ। ਕਦੇ-ਕਦੇ ਜੇਲ੍ਹ ਦੇ ਨਿਯਮ ਬਹੁਤ ਜਲਦੀ ਬਦਲਦੇ ਹਨ। ਤੁਹਾਨੂੰ ਉਹਨਾਂ ਨਿਯਮਾਂ ਵਿੱਚ ਕਿਸੇ ਤਬਦੀਲੀਆਂ ਦੇ ਬਾਰੇ ਦੱਸਿਆ ਜਾਵੇਗਾ ਜੋ ਤੁਹਾਨੂੰ ਪ੍ਰਭਾਵਿਤ ਕਰਦੇ ਹਨ।
- ਜੇਲ੍ਹ ਦੀ ਲਾਇਬ੍ਰੈਰੀ ਵਿੱਚ ਨਿਯਮਾਂ ਦੀਆਂ ਕਾਪੀਆਂ ਹਨ।
- ਭਾਵੇਂ ਤੁਸੀਂ ਲਾਇਬ੍ਰੈਰੀ ਵਿੱਚ ਨਹੀਂ ਜਾ ਸਕਦੇ ਹੋ ਤੁਸੀਂ ਤਾਂ ਤੁਸੀਂ ਇਹਨਾਂ ਨਿਯਮਾਂ ਨੂੰ ਦੇਖਣ ਦੀ ਮੰਗ ਕਰ ਸਕਦੇ ਹੋ।

## ਇਸ ਕਿਤਾਬ ਦੀਆਂ ਕਾਪੀਆਂ ਕਿੱਥੇ ਮਿਲਣਗੀਆਂ

- ਜੇਲ੍ਹ ਦੀ ਲਾਇਬ੍ਰੇਰੀ ਵਿੱਚ।
- ਜੇ ਤੁਹਾਨੂੰ ਇਹ ਲਾਇਬ੍ਰੇਰੀ ਤੋਂ ਨਹੀਮ ਮਿਲਦੀਆਂ ਹਨ ਤਾਂ ਜੇਲ੍ਹ ਦਾ ਸਟਾਫ਼ ਇਸ ਕਿਤਾਬ, ਜਾਂ ਇਸਦੇ ਕਿਸੇ ਹਿੱਸੇ, ਦੀਆਂ ਕਾਪੀਆਂ ਪ੍ਰਿੰਟ ਕਰ ਸਕਦਾ ਹੈ।
- ਜੇ ਤੁਹਾਡੇ ਕੋਲ ਕੋਈ ਪ੍ਰਿੰਟ ਕੀਤੀ ਹੋਈ ਕਾਪੀ ਹੈ, ਤਾਂ ਤੁਹਾਨੂੰ ਇਸਨੂੰ ਰੱਖਣ ਜਾਂ ਆਪਣੇ ਵਿੰਗ ਵਿੱਚ ਦੂਜਿਆਂ ਨਾਲ ਸਾਂਝਾ ਕਰਨ ਦੀ ਆਗਿਆ ਦਿੱਤੀ ਜਾ ਸਕਦੀ ਹੈ।
- ਜੇ ਤੁਹਾਡੇ ਕੋਲ ਕੋਈ ਕਾਪੀ ਹੈ ਤਾਂ ਕਿਰਪਾ ਕਰਕੇ ਇਸਦਾ ਧਿਆਨ ਰੱਖੋ ਕਿਉਂਕਿ ਹੋ ਸਕਦਾ ਹੈ ਕਿ ਹੋਰ ਕਾਪੀ ਅਸਾਨੀ ਨਾਲ ਨਾ ਮਿਲੇ।

# ਜਦੋਂ ਤੁਸੀਂ ਪਹਿਲੀ ਵਾਰ ਪਹੁੰਚਦੇ ਹੋ

## ਜਦੋਂ ਤੁਸੀ ਪਹਿਲੀ ਵਾਰ ਜੇਲ੍ਹ ਪਹੁੰਚੋਗੇ ਤਾਂ ਇਸ ਤਰ੍ਹਾਂ ਹੋਵੇਗਾ

- ✓ ਤੁਹਾਨੂੰ ਜੇਲ੍ਹ ਦੇ ਸਵਾਗਤੀ ਖੇਤਰ ਵਿੱਚ ਲਿਜਾਇਆ ਜਾਵੇਗਾ।
- ✓ ਜੇ ਤੁਸੀਂ ਨਸ਼ੀਲੇ ਪਦਾਰਥ ਲੈਂਦੇ ਰਹੇ ਹੋ ਜਾਂ ਸ਼ਰਾਬ ਪੀਂਦੇ ਰਹੇ ਹੋ ਅਤੇ ਤੁਹਾਨੂੰ ਇਸ ਸੰਬੰਧ ਵਿੱਚ ਮਦਦ ਚਾਹੀਦੀ ਹੈ ਤਾਂ ਸਟਾਫ਼ ਨੂੰ ਦੱਸੋ।
- ✓ ਜੇਲ੍ਹ ਦਾ ਸਟਾਫ਼ ਤੁਹਾਡੇ ਨਾਲ ਮਿਲਕੇ ਫ਼ੈਸਲਾ ਕਰੇਗਾ ਕਿ ਤੁਸੀਂ ਕਿਹੜੇ ਕੱਪੜੇ ਪਹਿਨਣੇ ਹਨ। ਜੇ ਤੁਸੀਂ ਕੋਈ ਸਜ਼ਾ ਭੁਗਤ ਰਹੇ ਕੈਦੀ ਹੋ ਤਾਂ ਤੁਹਾਨੂੰ ਜੇਲ੍ਹ ਦੇ ਕੱਪੜੇ ਪਹਿਨਣੇ ਪੈ ਸਕਦੇ ਹਨ।
- ✓ ਜੇਲ੍ਹ ਸਟਾਫ਼ ਦਾ ਮੈਂਬਰ ਉਹਨਾਂ ਸਾਰੀਆਂ ਚੀਜ਼ਾਂ ਦੀ ਸੂਚੀ ਤਿਆਰ ਕਰੇਗਾ ਜੋ ਤੁਸੀਂ ਆਪਣੇ ਨਾਲ ਲੈ ਕੇ ਆਏ ਹੋ। ਹੋ ਸਕਦਾ ਹੈ ਤੁਸੀਂ ਕੁਝ ਚੀਜ਼ਾਂ ਆਪਣੇ ਕੋਲ ਰੱਖ ਸਕੋ। ਬਾਕੀ ਸਭ ਕੁਝ ਤੁਹਾਡੇ ਲਈ ਇੱਕ ਸੁਰੱਖਿਅਤ ਜਗ੍ਹਾ ਵਿੱਚ ਰੱਖ ਦਿੱਤਾ ਜਾਵੇਗਾ। ਜਦੋਂ ਤੁਸੀਂ ਵਾਪਸ ਜਾਓਗੇ ਤਾਂ ਤੁਹਾਨੂੰ ਸਭ ਕੁਝ ਵਾਪਸ ਮਿਲ ਜਾਵੇਗਾ, ਅਜਿਹੀ ਕਿਸੇ ਚੀਜ਼ ਨੂੰ ਛੱਡ ਕੇ ਜੋ ਖ਼ਤਰਨਾਕ ਜਾਂ ਕਾਨੂੰਨ ਦੇ ਵਿਰੁੱਧ ਹੋਵੇ। ਉਦਾਹਰਨ ਲਈ ਚਾਕੂ ਜਾਂ ਨਸ਼ੀਲੇ ਪਦਾਰਥ।
- ✓ ਜੇਲ੍ਹ ਸਟਾਫ਼ ਦਾ ਕੋਈ ਮੈਂਬਰ ਤੁਹਾਡੀ ਤਲਾਸ਼ੀ ਲਵੇਗਾ। ਜੇ ਤੁਹਾਡੀ ਕੋਈ ਮੈਡੀਕਲ ਸਮੱਸਿਆ ਹੈ ਜਿਸਦਾ ਅਰਥ ਹੈ ਕਿ ਤੁਹਾਡੇ ਲਈ ਆਪਣੇ ਪੂਰੇ ਸਰੀਰ ਦੀ ਤਲਾਸ਼ੀ ਦੇਣਾ ਮੁਸ਼ਕਲ ਹੈ ਤਾਂ ਤੁਸੀਂ ਕਿਸੇ ਡਾਕਟਰ ਨੂੰ ਮਿਲਣ ਲਈ ਕਹਿ ਸਕਦੇ ਹੋ।
- ✓ ਜੇ ਤੁਸੀਂ ਕੋਈ ਸਿਹਤ ਸੰਬੰਧੀ ਸਮੱਸਿਆ ਹੈ ਤਾਂ ਵੀ ਤੁਸੀਂ ਕਿਸੇ ਡਾਕਟਰ ਜਾਂ ਨਰਸ ਨੂੰ ਮਿਲਣ ਲਈ ਕਹਿ ਸਕਦੇ ਹੋ। ਜੇ ਤੁਸੀਂ ਕੋਈ ਦਵਾਈ ਲੈ ਰਹੇ ਹੋ, ਜਾਂ ਜੇ ਤੁਹਾਨੂੰ ਨਸ਼ੀਲੇ ਪਦਾਰਥਾਂ ਜਾਂ ਸ਼ਰਾਬ ਨਾਲ ਸੰਬੰਧਿਤ ਕੋਈ ਸਮੱਸਿਆ ਹੈ ਤਾਂ ਡਾਕਟਰ ਜਾਂ ਨਰਸ ਨੂੰ ਦੱਸੋ। ਜੇ ਤੁਸੀਂ ਬਹੁਤ ਨਿਰਾਸ਼ ਜਾਂ ਚੀਜ਼ਾਂ ਬਾਰੇ ਫਿਕਰਮੰਦ ਮਹਿਸੂਸ ਕਰਦੇ ਹੋ ਤਾਂ ਵੀ ਉਹਨਾਂ ਨੂੰ ਦੱਸੋ।
- ✓ ਤੁਹਾਨੂੰ ਆਪਣੇ ਪਰਿਵਾਰ ਨੂੰ ਫ਼ੋਨ ਕਰਨ ਦੀ ਆਗਿਆ ਦਿੱਤੀ ਜਾਵੇਗੀ। ਤੁਹਾਨੂੰ ਇਹ ਵੀ ਦੱਸਿਆ ਜਾਵੇਗਾ ਕਿ ਉਹਨਾਂ ਦੀ ਤੁਹਾਡੇ ਨਾਲ ਮੁਲਾਕਾਤ ਦਾ ਪ੍ਰਬੰਧ ਕਿਵੇਂ ਕਰਨਾ ਹੈ।
- ✓ ਤੁਹਾਨੂੰ ਇੱਕ ਜੇਲ੍ਹ ਨੰਬਰ ਦਿੱਤਾ ਜਾਵੇਗਾ।
- ✓ ਤੁਹਾਨੂੰ ਇੱਕ ਕੋਠੜੀ ਦਿੱਤੀ ਜਾਵੇਗੀ ਜਿਸ ਵਿੱਚ ਤੁਸੀਂ ਸੋਵੋਗੇ।
- ✓ ਜੇ ਤੁਸੀਂ ਚਾਹੋ ਤਾਂ ਤੁਸੀਂ ਨਹਾ ਸਕਦੇ ਹੋ ਜਾਂ ਸ਼ਾਵਰ ਲੇ ਸਕਦੇ ਹੋ।
- ✓ ਤੁਸੀਂ ਦੂਸਰੇ ਸਟਾਫ਼ ਨੂੰ ਮਿਲੋਗੇ। ਕੋਈ ਵਿਅਕਤੀ ਤੁਹਾਡੀ ਇੰਟਰਵਿਊ ਲੈ ਸਕਦਾ ਹੈ ਜਿਸਨੂੰ ਜੇਲ੍ਹ ਆਫ਼ਿਸਰ ਕਹਿੰਦੇ ਹਨ।
- ✓ ਸਟਾਫ਼ ਤੁਹਾਡੀਆਂ ਉਂਗਲੀਆਂ ਦੇ ਨਿਸ਼ਾਨ ਲੈ ਸਕਦਾ ਹੈ ਅਤੇ ਤੁਹਾਡੀ ਫ਼ੋਟੋ ਖਿੱਚ ਸਕਦਾ ਹੈ।
- ✓ ਸਟਾਫ਼ ਤੁਹਾਨੂੰ ਜੇਲ੍ਹ ਦੇ ਜੀਵਨ ਬਾਰੇ ਹੋਰ ਜਾਣਕਾਰੀ ਦੇਵੇਗਾ ਅਤੇ ਦੱਸੇਗਾ ਕਿ ਤੁਹਾਨੂੰ ਕੀ ਕਰਨ ਦੀ ਲੋੜ ਹੈ। ਇਸਨੂੰ ਭਰਤੀ ਕਹਿੰਦੇ ਹਨ।

# ਵਧੇਰੇ ਜਾਣਕਾਰੀ

## ਤੁਸੀਂ ਕਿੱਥੇ ਸੌਂਵੋਗੇ (ਤੁਹਾਡੀ ਕੋਠੜੀ ਵਿੱਚ)

- ਹੋ ਸਕਦਾ ਹੈ ਤੁਹਾਨੂੰ ਆਪਣੀ ਕੋਠੜੀ ਕਿਸੇ ਦੇ ਨਾਲ ਸਾਂਝੀ ਕਰਨੀ ਪਵੇ। ਜੇ ਇਸ ਤਰ੍ਹਾਂ ਹੈ ਤਾਂ ਸਟਾਫ਼ ਇਸ ਬਾਰੇ ਵਿਚਾਰ ਕਰੇਗਾ ਕਿ ਤੁਹਾਡੇ ਨਾਲ ਰਹਿਣ ਲਈ ਸਭ ਤੋਂ ਸਹੀ ਵਿਅਕਤੀ ਕਿਹੜਾ ਹੋਵੇਗਾ। ਜੇ ਤੁਹਾਨੂੰ ਇਸ ਸੰਬੰਧ ਵਿੱਚ ਕੋਈ ਸਮੱਸਿਆਵਾਂ ਹਨ ਤਾਂ ਤੁਸੀਂ ਉਹਨਾਂ ਨੂੰ ਦੱਸ ਸਕਦੇ ਹੋ। ਜੇ ਤੁਸੀਂ ਸਿਗਰਟ-ਬੀੜੀ ਨਹੀਂ ਪੀਂਦੇ ਤਾਂ ਤੁਹਾਨੂੰ ਕਿਸੇ ਅਜਿਹੇ ਵਿਅਕਤੀ ਦੇ ਨਾਲ ਕੋਠੜੀ ਸਾਂਝੀ ਕਰਨ ਲਈ ਨਹੀਂ ਕਿਹਾ ਜਾਵੇਗਾ ਜੋ ਸਿਗਰਟ-ਬੀੜੀ ਪੀਂਦਾ ਹੈ। ਜੇ ਤੁਸੀਂ ਫਿਕਰਮੰਦ ਹੋ ਜਾਂ ਅਸੁਰੱਖਿਅਤ ਮਹਿਸੂਸ ਕਰਦੇ ਹੋ ਤਾਂ ਸਟਾਫ਼ ਨੂੰ ਦੱਸੋ।

- ਕੁਝ ਜੇਲ੍ਹਾਂ ਵਿੱਚ ਵਿਸ਼ੇਸ਼ ਖੇਤਰ ਹੁੰਦੇ ਹਨ ਜਿੱਥੇ ਅਪਰਾਧੀ ਪਹਿਲੀ ਰਾਤ ਨੂੰ ਸੌਂਦੇ ਹਨ ਤਾਂ ਜੋ ਉਹ ਜੇਲ੍ਹ ਵਿੱਚ ਰਹਿਣ ਦੇ ਆਦਿ ਹੋ ਸਕਣ।

## ਕੀ ਕਰਨਾ ਹੈ ਜੇ...

**ਜਦੋਂ ਤੁਸੀਂ ਜੇਲ੍ਹ ਪਹੁੰਚਦੇ ਹੋ ਤਾਂ ਤੁਸੀਂ ਪਰੇਸ਼ਾਨ ਜਾਂ ਫਿਕਰਮੰਦ ਮਹਿਸੂਸ ਕਰਦੇ ਹੋ**

ਜੇ ਤੁਸੀਂ ਇਸ ਤਰ੍ਹਾਂ ਮਹਿਸੂਸ ਕਰਦੇ ਹੋ ਤਾਂ ਕਿਸੇ ਨਾਲ ਗੱਲ ਕਰਨੀ ਮਹੱਤਵਪੂਰਨ ਹੁੰਦਾ ਹੈ।

ਤੁਸੀਂ ਇਹਨਾਂ ਲੋਕਾਂ ਨੂੰ ਦੱਸ ਸਕਦੇ ਹੋ

- ✓ ਜੇਲ੍ਹ ਦਾ ਸਟਾਫ਼। ਹੋ ਸਕਦਾ ਹੈ ਤੁਹਾਡੇ ਕੋਲ ਕੋਈ ਵਿਅਕਤੀ ਹੋਵੇ ਜਿਸਨੂੰ ਨਿੱਜੀ ਆਫ਼ਿਸਰ ਕਹਿੰਦੇ ਹਨ। ਤੁਸੀਂ ਜੇਲ੍ਹ ਦੇ ਤੁਹਾਡੇ ਖੇਤਰ (ਇਸਨੂੰ ਵਿੰਗ ਜਾਂ ਲੈਂਡਿੰਗ ਕਿਹਾ ਜਾਂਦਾ ਹੈ) ਦੇ ਲਈ ਇਨ-ਚਾਰਜ ਆਫ਼ਿਸਰ ਨਾਲ ਗੱਲ ਕਰ ਸਕਦੇ ਹੋ।
- ✓ ਡਾਕਟਰ ਜਾਂ ਨਰਸ ਜਿਸਨੇ ਤੁਹਾਡੀ ਸਿਹਤ ਦੀ ਜਾਂਚ ਕੀਤੀ ਸੀ
- ✓ ਚੈਪਲੇਨ
- ✓ ਸ੍ਰੋਤਾ ਦਾ ਬਡੀ (ਸਾਥੀ) ਕਹਿਲਾਉਣ ਵਾਲਾ ਕੈਦੀ
- ✓ ਸਮਾਰੀਟਨਜ਼।

**ਤੁਹਾਨੂੰ ਬੱਚਿਆਂ ਜਾਂ ਉਹਨਾਂ ਦੂਜੇ ਲੋਕਾਂ ਬਾਰੇ ਚਿੰਤਾ ਹੈ ਜਿਨ੍ਹਾਂ ਦੀ ਤੁਸੀਂ ਦੇਖਭਾਲ ਕਰਦੇ ਹੋ**

- ਉਪਰੋਕਤ ਸੂਚੀ ਵਿੱਚ ਦਿੱਤੇ ਲੋਕਾਂ ਵਿੱਚੋਂ ਕਿਸੇ ਵੀ ਨਾਲ ਗੱਲ ਕਰੋ।

**ਤੁਹਾਨੂੰ ਕਿਸੇ ਵਕੀਲ ਨੂੰ ਮਿਲਣ ਦੀ ਲੋੜ ਹੈ - ਜੇ ਤੁਹਾਨੂੰ ਅਦਾਲਤ ਛੱਡਣ ਤੋਂ ਪਹਿਲਾਂ ਮਿਲਣ ਦਾ ਮੌਕਾ ਨਹੀਂ ਮਿਲਿਆ ਸੀ**

- ਜੇਲ੍ਹ ਆਫ਼ਿਸਰ ਨੂੰ ਜਾਂ ਰਿਸੈਪਸ਼ਨ 'ਤੇ ਕਹੋ ਕਿ ਉਹ ਤੁਹਾਡੇ ਵਕੀਲ ਨਾਲ ਮੁਲਾਕਾਤ ਦਾ ਪ੍ਰਬੰਧ ਕਰਨ ਵਿੱਛ ਤੁਹਾਡੀ ਮਦਦ ਕਰਨ।

# ਸਜ਼ਾ ਨਾ ਭੁਗਤ ਰਹੇ ਕੈਦੀ

## ਸਜ਼ਾ ਨਾ ਭੁਗਤ ਰਹੇ ਕੈਦੀ ਕਿਹੜੇ ਹੁੰਦੇ ਹਨ?

✓ **ਸਜ਼ਾ ਨਾ ਭੁਗਤ ਰਹੇ ਕੈਦੀ** ਉਹ ਕੈਦੀ ਹੁੰਦੇ ਹਨ ਜੋ ਆਪਣੇ ਮੁਕੱਦਮੇ ਲਈ ਅਦਾਲਤ ਜਾਣ ਦੀ ਉਡੀਕ ਕਰ ਰਹੇ ਹੁੰਦੇ ਹਨ।

✓ ਸਜ਼ਾ ਨਾ ਭੁਗਤ ਰਹੇ ਕੈਦੀਆਂ ਨਾਲ ਇਸ ਤਰੀਕਾ ਨਾਲ ਵਿਹਾਰ ਕੀਤਾ ਜਾਂਦਾ ਹੈ ਕਿ ਉਹ **ਦੋਸ਼ੀ ਨਹੀਂ ਹਨ**। ਇਹ ਇਸ ਲਈ ਹੁੰਦਾ ਹੈ ਕਿਉਂਕਿ ਉਹਨਾਂ ਦੇ ਅਪਰਾਧ ਲਈ ਮੁਕੱਦਮਾ ਚਲਾਉਣ ਵਾਸਤੇ ਉਹ ਅਜੇ ਅਦਾਲਤ ਨਹੀਂ ਗਏ ਹਨ।

✓ ਕੁਝ ਚੀਜ਼ਾਂ ਹਨ ਜਿਹੜੀਆਂ ਸਜ਼ਾ ਨਾ ਭੁਗਤ ਰਹੇ ਕੈਦੀ ਕਰ ਸਕਦੇ ਹਨ ਪਰ ਸਜ਼ਾ ਭੁਗਤ ਰਹੇ ਕੈਦੀ ਨਹੀਮ ਕਰ ਸਕਦੇ ਹਨ। ਉਦਾਹਰਨ ਲਈ, ਉਹ ਅਜੇ ਵੀ ਵੋਟ ਪਾ ਸਕਦੇ ਹਨ ਅਤੇ ਆਪਣੇ ਕੱਪੜੇ ਪਹਿਨ ਸਕਦੇ ਹਨ।

✓ ਸਜ਼ਾ ਨਾ ਭੁਗਤ ਰਹੇ ਕੈਦੀਆਂ ਨੂੰ ਅਜੇ ਵੀ ਦੂਜੇ ਕੈਦੀਆਂ ਵਾਲੇ ਜ਼ਿਆਦਾਤਰ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ।

ਸਜ਼ਾ ਨਾ ਭੁਗਤ ਰਹੇ ਕੈਦੀ ਦੇ ਰੂਪ ਵਿੱਚ, ਤੁਹਾਨੂੰ ਹੇਠਾਂ ਲਿਕੇ ਕੰਮਾਂ ਵਿੱਚ ਮਦਦ ਅਤੇ ਸਹਾਇਤਾ ਮਿਲਣੀ ਚਾਹੀਦੀ ਹੈ

- ਜਮਾਨਤ ਮੰਗਣੀ
- ਆਪਣਾ ਘਰ ਅਤੇ ਨੌਕਰੀ ਰੱਖਣੀ
- ਆਪਣੇ ਮੁਕੱਦਮੇ ਲਈ ਤਿਆਰ ਹੋਣਾ
- ਪਰਿਵਾਰ ਅਤੇ ਦੋਸਤਾਂ ਦੇ ਨਾਲ ਸੰਪਰਕ ਰੱਖਣਾ
- ਕਿਸੇ ਬਿਜ਼ਨੇਸ ਨੂੰ ਚਲਾਉਣ ਵਿੱਚ ਸ਼ਾਮਲ ਹੋਣਾ ਜਾਰੀ ਰੱਖਣਾ, ਜਦੋਂ ਤਕ ਇਹ ਕਾਨੂੰਨੀ ਤੌਰ 'ਤੇ ਜਾਇਜ਼ ਹੋਵੇ
- ਕਿਸੇ ਸਮੱਸਿਆਵਾਂ ਦੇ ਸੰਬੰਧ ਵਿੱਚ ਮਦਦ ਹਾਸਲ ਕਰਨੀ ਜੋ ਤੁਹਾਨੂੰ ਹੋ ਸਕਦੀਆਂ ਹਨ।

## ਜੇ ਤੁਸੀਂ ਸਜ਼ਾ ਨਾ ਭੁਗਤ ਰਹੇ ਕੈਦੀ ਹੋ ਤਾਂ ਜਮਾਨਤ ਦੀ ਮੰਗ ਕਰਨੀ

ਜਮਾਨਤ ਮੰਗਣ ਦਾ ਅਰਥ ਹੁੰਦਾ ਹੈ ਕਿ ਤੁਸੀਂ ਆਪਣੇ ਮੁਕੱਦਮੇ ਦੀ ਉਡੀਕ ਕਰਦੇ ਹੋਏ ਜੇਲ੍ਹ ਤੋਂ ਰਿਹਾ ਕੀਤੇ ਜਾਣ ਦੀ ਮੰਗ ਕਰ ਰਹੇ ਹੋ।

**ਪ੍ਰਿਜ਼ਨ ਸਰਵਿਸ ਆਰਡਰਾਂ 6100 ਅਤੇ 6101** ਵਿੱਚ ਹੋਰ ਜਾਣਕਾਰੀ ਦਿੱਤੀ ਗਈ ਹੈ।

ਲਾਇਬ੍ਰੇਰੀ ਵਿੱਚ ਦੋਵਾਂ ਦੀ ਕਾਪੀ ਉਪਲਬਧ ਹੈ।

## ਜਮਾਨਤ ਦੀ ਮੰਗ ਕਿਵੇਂ ਕਰਨੀ ਹੈ

### ਮੁੱਖ ਗੱਲਾਂ

- ✓ ਤੁਸੀਂ ਉਸੇ ਅਦਾਲਤ ਨੂੰ, ਜਾਂ 'ਚੈਂਬਰਜ਼ ਵਿੱਚ ਜੱਜ' ਕਹਿਲਾਉਣ ਵਾਲੇ ਕਿਸੇ ਵਿਅਕਤੀ ਤੋਂ, ਇੱਕ ਤੋਂ ਵੱਧ ਵਾਰ ਜਮਾਨਤ ਦੀ ਮੰਗ ਕਰ ਸਕਦੇ ਹੋ, ਜੇ ਉਹ ਪਹਿਲੀ ਵਾਰ ਨਾਂਹ ਕਹਿੰਦੇ ਹਨ। ਪਰ ਤੁਸੀਂ ਇਹ ਸਿਰਫ਼ ਤਾਂ ਹੀ ਕਰ ਸਕਦੇ ਹੋ ਜੇ ਤੁਸੀਂ ਉਹਨਾਂ ਨੂੰ ਨਵਾਂ ਕਾਰਨ ਦੱਸਦੇ ਹੋ ਕਿ ਉਹਨਾਂ ਨੂੰ ਤੁਹਾਨੂੰ ਜਮਾਨਤ 'ਤੇ ਕਿਉਂ ਛੱਡਿਆ ਜਾਣਾ ਚਾਹੀਦਾ ਹੈ।

- ✓ ਜਦੋਂ ਤੁਸੀਮ ਜਮਾਨਤ ਦੀ ਮੰਗ ਕਰਦੇ ਹੋ, ਤਾਂ ਉਹ ਸਾਰੇ ਕਾਰਨ ਦਵੋ ਜੋ ਤੁਸੀਂ ਦੇ ਸਕਦੇ ਹੋ ਕਿ ਅਦਾਲਤ ਵੱਲੋਂ ਤੁਹਾਨੂੰ ਜਮਾਨਤ ਕਿਉਂ ਦਿੱਤੀ ਜਾਣੀ ਚਾਹੀਦੀ ਹੈ।

- ✓ ਜੇ ਅਦਾਲਤ ਤੁਹਾਨੂੰ ਜਮਾਨਤ ਦੇਣ ਤੋਂ ਮਨ੍ਹਾਂ ਕਰ ਦਿੰਦੀ ਹੈ,ਤਾਂ ਦੁਬਾਰਾ ਜਮਾਨਤ ਮੰਗਣ ਤੋਂ ਪਹਿਲਾਂ ਕਾਰਨਾਂ ਨੂੰ ਦੇਖੋ। ਜੇ ਤੁਸੀਂ ਯਕੀਨੀ ਨਹੀਂ ਹੋ ਕਿ ਤੁਹਾਨੂੰ ਜਮਾਨਤ ਕਿਉਂ ਨਹੀਂ ਮਿਲੀ ਤਾਂ ਜਮਾਨਤ ਬਾਰੇ ਜਾਣਕਾਰੀ ਅਧਿਕਾਰੀ (ਬੇਲ ਇਨਫ਼ਾਰਮੇਸ਼ਨ ਆਫ਼ਿਸਰ) ਜਾਂ ਕਾਨੂੰਨੀ ਸੇਵਾਵਾਂ ਬਾਰੇ ਅਧਿਕਾਰੀ ਜਾਂ ਆਪਣੇ ਵਕੀਲ ਨਾਲ ਗੱਲ ਕਰੋ।

- ✓ ਜੇ ਤੁਹਾਨੂੰ ਜਮਾਨਤ ਮੰਗਣ ਦੇ ਸੰਬੰਧ ਵਿੱਚ ਕੋਈ ਮਦਦ ਚਾਹੀਦੀ ਹੋਵੇ ਤਾਂ ਵੀ ਤੁਸੀਂ ਜਮਾਨਤ ਬਾਰੇ ਜਾਣਕਾਰੀ ਅਧਿਕਾਰੀ ਨਾਲ ਗੱਲ ਕਰ ਸਕਦੇ ਹੋ। ਰਹਿਣ ਦੀ ਜਗ੍ਹਾ ਦੇ ਸੰਬੰਧ ਵਿੱਚ ਮਦਦ ਕਰਨ ਲਈ ਕਲਿਅਰਸਪਰਿੰਗ ਕਹਿਲਾਉਣ ਵਾਲੀ ਇੱਕ ਯੋਜਨਾ ਹੈ।

- ✓ ਜੇ ਤੁਹਾਨੂੰ ਕਾਨੂੰਨੀ ਸਹਾਇਤਾ ਲਈ ਅਰਜ਼ੀ ਦੇਣ ਲਈ ਕੋਈ ਮਦਦ ਚਾਹੀਦੀ ਹੋਵੇ (ਕਾਨੂੰਨੀ ਸਲਾਹ ਦੀ ਪ੍ਰਤਿਨਿਧਤੱਵ ਦੇ ਖ਼ਰਚੇ ਵਿੱਚ ਮਦਦ ਲਈ ਪੈਸੇ), ਤਾਂ ਲੀਗਲ ਸਰਵਿਸ ਆਫ਼ਿਸਰ ਨਾਲ ਗੱਲ ਕਰੋ।

- ✓ ਇਸ ਤੋਂ ਪਹਿਲਾਂ ਕਿ ਅਦਾਲਤ ਤੁਹਾਨੂੰ ਜਮਾਨਤ ਦੇਵੇ ਤੁਹਾਡੇ ਕੋਲ ਰਹਿਣ ਲਈ ਕਿਸੇ ਸਥਾਨ ਦਾ ਪਤਾ ਹੋਣਾ ਚਾਹੀਦਾ ਹੈ।

## ਰਹਿਣ ਲਈ ਕੋਈ ਜਗ੍ਹਾ

- ਜੇ ਤੁਸੀਂ ਜਮਾਨਤ ਦੀ ਮੰਗ ਕਰਦੇ ਹੋ, ਤਾਂ ਤੁਹਾਨੂੰ ਅਦਾਲਤ ਨੂੰ ਕਿਸੇ ਸਥਾਨ ਦਾ ਪਤਾ ਦੇਣਾ ਪਵੇਗਾ ਜਿੱਥੇ ਤੁਸੀਂ ਜਮਾਨਤ 'ਤੇ ਰਿਹਾ ਹੋਣ ਤੋਂ ਬਾਅਦ ਰਹਿ ਸਕਦੇ ਹੋ। ਇਹ ਤੁਹਾਡੇ ਆਪਣੇ ਘਰ ਵਿੱਚ ਜਾਂ ਦੋਸਤਾਂ ਅਤੇ ਪਰਿਵਾਰ ਦੇ ਨਾਲ ਹੋ ਸਕਦਾ ਹੈ। (ਤੁਹਾਡੇ ਦੋਸਤਾਂ ਜਾਂ ਪਰਿਵਾਰ ਵਲੋਂ ਪਹਿਲਾਂ ਅਦਾਲਤ ਨੂੰ ਇਹ ਦੱਸਣਾ ਪਵੇਗਾ ਕਿ ਤੁਸੀਂ ਉਹਨਾਂ ਨਾਲ ਰਹਿ ਸਕਦੇ ਹੋ।)

- ਜੇ ਤੁਹਾਡੇ ਕੋਲ ਰਹਿਣ ਦੀ ਕੋਈ ਜਗ੍ਹਾ ਨਾ ਹੋਵੇ, ਤਾਂ ਮਦਦ ਲਈ ਬੇਲ ਇਨਫਾਰਮੇਸ਼ਨ ਆਫਿਸਰ ਜਾਂ ਕਾਨੂੰਨੀ ਸੇਵਾਵਾਂ ਦੇ ਅਧਿਕਾਰੀ ਨਾਲ ਗੱਲ ਕਰੋ। ਉਹ ਸ਼ਾਇਦ ਤੁਹਾਡੇ ਰਹਿਣ ਲਈ ਹੋਸਟਲ ਵਰਗੀ ਕੋਈ ਜਗ੍ਹਾ ਲੱਭਣ ਵਿੱਚ ਤੁਹਾਡੀ ਮਦਦ ਕਰ ਸਕਣਗੇ।

## ਜੇ ਤੁਹਾਡੇ ਮੁਕੱਦਮੇ ਦੀ ਸੁਣਵਾਈ ਮੈਜਿਸਟ੍ਰੇਟ ਦੀ ਕੋਰਟ ਵਿੱਚ ਹੋਵੇਗੀ

ਜਦੋਂ ਵੀ ਤੁਸੀਂ ਆਪਣੇ ਕੇਸ ਬਾਰੇ ਮੈਜਿਸਟ੍ਰੇਟ ਦੀ ਅਦਾਲਤ ਵਿੱਚ ਜਾਂਦੇ ਹੋ ਤੁਸੀਂ ਹਰ ਵਾਰ ਜਮਾਨਤ ਦੀ ਮੰਗ ਕਰ ਸਕਦੇ ਹੋ। ਜਾਂ ਤੁਸੀਂ ਆਪਣੇ ਵਕੀਲ ਨੂੰ ਜਮਾਨਤ ਮੰਗਣ ਲਈ ਕਹਿ ਸਕਦੇ ਹੋ।

1. ਜਮਾਨਤ ਦੀ ਮੰਗ ਕਰਨ ਲਈ ਤੁਹਾਨੂੰ ਕੁਝ ਫ਼ਾਰਮ ਭਰਨੇ ਪੈਂਦੇ ਹਨ। ਤੁਹਾਡੇ ਵਕੀਲ ਜਾਂ ਕਾਨੂੰਨੀ ਸੇਵਾਵਾਂ ਦੇ ਅਧਿਕਾਰੀ ਨੂੰ ਅਜਿਹਾ ਕਰਨ ਵਿੱਚ ਤੁਹਾਡੀ ਮਦਦ ਕਰਨੀ ਚਾਹੀਦੀ ਹੈ।

2. ਜੇ ਅਦਾਲਤ ਤੁਹਾਨੂੰ ਜਮਾਨਤ ਨਹੀਂ ਦਿੰਦੀ ਹੈ, ਤਾਂ ਤੁਹਾਨੂੰ ਇਹ ਸਮਝਾਉਣ ਵਾਲੀ ਇੱਕ ਚਿੱਟੀ ਮਿਲੇਗੀ ਕਿ ਅਜਿਹਾ ਕਿਉਂ ਹੈ। ਇਸ ਚਿੱਠੀ ਨੂੰ ਸੰਭਾਲ ਕਰ ਰੱਖੋ ਕਿਉਂਕਿ ਜੇ ਤੁਸੀਂ ਦੁਬਾਰਾ ਜਮਾਨਤ ਮੰਗਣੀ ਚਾਹੁੰਦੇ ਹੋ ਤਾਂ ਇਹ ਇਹ ਉਪਯੋਗੀ ਹੋ ਸਕਦਾ ਹੈ।

3. ਜੇ ਮੈਜਿਸਟ੍ਰੇਟ ਦੀ ਕੋਰਟ ਤੁਹਾਨੂੰ ਬਿਲਕੁਲ ਜਮਾਨਤ ਨਾ ਦੇਣ ਦਾ ਫ਼ੈਸਲਾ ਕਰਦੀ ਹੈ, ਤਾਂ ਇਸ ਬਾਰੇ ਤੁਹਾਨੂੰ ਦੱਸਣ ਲਈ ਉਹ ਤੁਹਾਨੂੰ ਕਾਗ਼ਜ਼ ਦਾ ਇੱਕ ਟੁਕੜਾ ਭੇਜਣਗੇ ਜਿਸਨੂੰ ਸਰਟੀਫ਼ਿਕੇਟ ਕਹਿੰਦੇ ਹਨ।

4. ਜੇ ਮੈਜਿਸਟ੍ਰੇਟ ਦੀ ਕੋਰਟ ਤੁਹਾਨੂੰ ਇਹ ਕਹਿੰਦੇ ਹੋਏ ਸਰਟੀਫ਼ਿਕੇਟ ਭੇਜਦੀ ਹੈ ਕਿ ਉਹਨਾਂ ਨੇ ਸਾਰੀਆਂ ਗੱਲਾਂ ਸੁਣ ਲਈਆਂ ਹਨ, ਤਾਂ ਤੁਸੀਂ ਜਮਾਨਤ ਮੰਗਣ ਲਈ ਸਰਟੀਫ਼ਿਕੇਟ ਕ੍ਰਾਊਨ ਕੋਰਟ ਨੂੰ ਭੇਜ ਸਕਦੇ ਹੋ।

5. ਜੇ ਕ੍ਰਾਊਨ ਕੋਰਟ ਨਾਂਹ ਕਹਿੰਦੀ ਹੈ, ਤਾਂ ਤੁਸੀਂ ਜਮਾਨਤ ਦੀ ਮੰਗ ਕਰਨ ਲਈ ਹਾਈ ਕੋਰਟ ਵਿੱਚ ਇੱਕ ਅਜਿਹੇ ਵਿਅਕਤੀ ਨੂੰ ਲਿਖ ਸਕਦੇ ਹੋ ਜਿਸਨੂੰ ਚੈਂਬਰਜ਼ ਵਿੱਚ ਜੱਜ ਕਹਿੰਦੇ ਹਨ।

## ਜੇ ਤੁਹਾਡੇ ਮੁਕੱਦਮੇ ਦੀ ਸੁਣਵਾਈ ਕ੍ਰਾਊਨ ਕੋਰਟ ਵਿੱਚ ਹੋਵੇਗੀ

1. ਉਸ ਮੈਜਿਸਟ੍ਰੇਟ ਦੀ ਕੋਰਟ ਦੇ ਕਲਰਕ ਨੂੰ ਲਿਖੋ ਜਿਸਨੇ ਤੁਹਾਨੂੰ ਕਰਾਊਨ ਕੋਰਟ ਵਿਖੇ ਸੁਣਵਾਈ ਲਈ ਭੇਜਿਆ ਹੈ। ਜਾਂ ਆਪਣੇ ਵਕੀਲ ਨੂੰ ਤੁਹਾਡੇ ਵੱਲੋਂ ਅਜਿਹਾ ਕਰਨ ਲਈ ਕਹੋ।

2. ਤੁਸੀਂ ਆਪਣੇ ਵਕੀਲ ਨੂੰ ਸਿੱਧਾ ਕਰਾਊਨ ਕੋਰਟ ਵਿੱਚ ਅਰਜ਼ੀ ਦੇਣ ਲਈ ਕਹਿ ਸਕਦੇ ਹੋ।

3. ਜੇ ਤੁਹਾਡੇ ਕੋਲ ਵਕੀਗ ਲਈ ਲੋੜੀਂਦੇ ਪੈਸੇ ਨਹੀਂ ਹਨ ਅਤੇ ਤੁਹਾਡੇ ਕੋਲ ਕਾਨੂੰਨੀ ਸਹਾਇਤਾ ਨਹੀਂ ਹੈ ਤਾਂ ਤੁਸੀਂ ਆਫ਼ਿਸ਼ਿਅਲ ਸਾਲਿਸਿਟਰ ਕਹਿਲਾਉਣ ਵਾਲੇ ਵਿਅਕਤੀ ਨੂੰ ਤੁਹਾਡੀ ਮਦਦ ਕਰਨ ਲਈ ਕਹਿ ਸਕਦੇ ਹੋ। ਕਾਨੂੰਨੀ ਸੇਵਾਵਾਂ ਦੇ ਅਧਿਕਾਰੀ ਨੂੰ ਪੁੱਛੋ ਕਿ ਇਹ ਕਿਵੇਂ ਕਰਨਾ ਹੈ। **ਪ੍ਰਿਜ਼ਨ ਸਰਵਿਸ ਆਰਡਰ 2600** ਵਿੱਚ ਆਫ਼ਿਸ਼ਿਅਲ ਸਾਲੀਸਿਟਰ ਅਤੇ ਦੂਜੀਆਂ ਕਾਨੂੰਨੀ ਗੱਲਾਂ ਦੇ ਬਾਰੇ ਹੋਰ ਜਾਣਕਾਰੀ ਹੈ। ਤੁਹਾਨੂੰ ਜੇਲ੍ਹ ਦੀ ਲਾਇਬ੍ਰੇਰੀ ਤੋਂ ਇਸਦੀ ਕਾਪੀ ਮਿਲ ਸਕਦੀ ਹੈ।

## ਜੇ ਮੈਜਿਸਟ੍ਰੇਟ ਦੀ ਕੋਰਟ ਅਤੇ ਕ੍ਰਾਊਨ ਕੋਰਟ ਨੇ ਤੁਹਾਨੂੰ ਜਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ

ਤਾਂ ਤੁਸੀਂ ਹਾਈ ਕੋਰਟ ਵਿਖੇ **ਚੈਂਬਰਜ਼ ਵਿੱਚ ਜੱਜ** ਤੋਂ ਜਮਾਨਤ ਦੀ ਮੰਗ ਕਰ ਸਕਦੇ ਹੋ।

ਤੁਸੀਂ ਹੇਠਾਂ ਲਿਕੇ ਤਰੀਕੇ ਰਾਹੀਂ ਚੈਂਬਰਜ਼ ਵਿੱਚ ਜੱਜ ਤੋਂ ਜਮਾਨਤ ਮੰਗ ਸਕਦੇ ਹੋ

1. ਆਪਣੇ ਵਕੀਲ ਨੂੰ ਤੁਹਾਡੇ ਵੱਲੋਂ ਅਜਿਹਾ ਕਰਨ ਲਈ ਕਹੋ। ਜੇ ਤੁਸੀਂ ਕਿਸੇ ਵਕੀਲ ਲਈ ਭੁਗਤਾਨ ਕਰ ਰਹੇ ਹੋ, ਤਾਂ ਤੁਹਾਡੇ ਵੱਲੋਂ ਅਜਿਹਾ ਕਰਨ ਲਈ ਤੁਹਾਨੂੰ ਉਹਨਾਂ ਨੂੰ ਭੁਗਤਾਨ ਕਰਨਾ ਪਵੇਗਾ।

2. ਜੇ ਤੁਹਾਡੇ ਕੋਲ ਕਿਸੇ ਵਕੀਲ ਲਈ ਲੋੜੀਂਦੇ ਪੈਸੇ ਨਹੀਂ ਹਨ ਜਾਂ ਤੁਹਾਨੂੰ ਕਾਨੂੰਨੀ ਸਹਾਇਤਾ ਨਹੀਮ ਮਿਲ ਸਕਦੀ ਹੈ, ਤਾਂ ਤੁਸੀਂ ਆਫ਼ਿਸ਼ਅਲ ਸਾਲੀਸਿਟਰ ਨੂੰ ਤੁਹਾਡੇ ਵੱਲੋਂ ਜਮਾਨਤ ਮੰਗਣ ਲਈ ਕਹਿ ਸਕਦੇ ਹੋ। ਇਹ ਦੱਸਣ ਲਈ ਕਿ ਤੁਹਾਡੇ ਕੋਲ ਕਿੰਨੇ ਪੈਸੇ ਹਨ, ਤੁਹਾਨੂੰ ਇੱਕ ਫ਼ਾਰਮ ਭਰਨ ਦੀ ਲੋੜ ਹੋਵੇਗੀ। ਇਹ ਇਹ ਆਫ਼ਿਸ਼ਿਅਲ ਸਾਲੀਸਿਟਰ ਨੂੰ ਇਹ ਦਿਖਾਉਣ ਲਈ ਹੁੰਦਾ ਹੈ ਕਿ ਤੁਹਾਡੇ ਕੋਲ ਕਿਸੇ ਵਕੀਲ ਦਾ ਭੁਗਤਾਨ ਕਰਨ ਲਈ ਲੋੜੀਂਦੇ ਪੈਸੇ ਨਹੀਂ ਹਨ।

## ਜੇ ਸਜ਼ਾ ਸੁਣਾਏ ਜਾਣ ਲਈ ਤੁਹਾਨੂੰ ਕ੍ਰਾਊਨ ਕੋਰਟ ਲਿਜਾਇਆ ਜਾ ਰਿਹਾ ਹੈ

ਤੁਸੀਂ ਕ੍ਰਾਊਨ ਕੋਰਟ ਨੂੰ ਤੁਹਾਨੂੰ ਜਮਾਨਤ ਦੇਣ ਲਈ ਨਿਵੇਦਨ ਕਰ ਸਕਦੇ ਹੋ। ਜੇਕਰ ਕ੍ਰਾਊਨ ਕੋਰਟ ਤੁਹਾਨੂੰ ਜਮਾਨਤ ਨਹੀਂ ਦਿੰਦੀ, ਤਾਂ ਤੁਸੀਂ ਹਾਈ ਕੋਰਟ ਦੇ ਚੈਂਬਰਾਂ ਵਿੱਚ ਜੱਜ ਨੂੰ ਨਿਵੇਦਨ ਕਰ ਸਕਦੇ ਹੋ।

## ਜੇਕਰ ਤੁਹਾਨੂੰ ਜਮਾਨਤ ਮਿਲ ਜਾਂਦੀ ਹੈ ਤਾਂ ਕੀ ਹੁੰਦਾ ਹੈ?

ਜਮਾਨਤ ਮਿਲ ਜਾਣ 'ਤੇ ਤੁਹਾਨੂੰ ਕੁਝ ਨਿਯਮਾਂ ਦੀ ਪਾਲਣਾ ਕਰਨੀ ਪੈਂਦੀ ਹੈ।

ਉਦਾਹਰਨ ਲਈ

- ਜਦੋਂ ਵੀ ਤੁਹਾਨੂੰ ਵਾਪਸ ਅਦਾਲਤ ਵਿੱਚ ਹਾਜ਼ਰ ਹੋਣ ਲਈ ਕਿਹਾ ਜਾਂਦਾ ਹੈ, ਤਾਂ ਤੁਹਾਨੂੰ ਅਜਿਹਾ ਜ਼ਰੂਰ ਕਰਨਾ ਚਾਹੀਦਾ ਹੈ, ਜਦੋਂ ਤਕ ਕਿ ਤੁਹਾਡੇ ਕੋਲ ਅਜਿਹਾ ਨਾ ਕਰਨ ਲਈ ਕੋਈ ਚੰਗਾ ਕਾਰਨ ਨਾ ਹੋਵੇ।

- ਤੁਹਾਨੂੰ ਕੁਝ ਵਿਸ਼ੇਸ਼ ਕੰਮ ਕਰਨੇ ਪੈ ਸਕਦੇ ਹਨ ਜਿਵੇਂ ਕਿ ਇੱਕ ਨਿਸ਼ਚਿਤ ਪਤੇ 'ਤੇ ਰਹਿਣਾ, ਹਰ ਰੋਜ਼ ਪੁਲੀਸ ਸਟੇਸ਼ਨ ਜਾਣਾ ਜਾਂ ਇੱਕ ਟੈਗ ਪਹਿਨਣਾ।

- ਤੁਹਾਨੂੰ ਅਜਿਹੇ ਮਿੱਤਰਾਂ ਜਾਂ ਪਰਿਵਾਰ ਨੂੰ ਲੱਭਣਾ ਪੈ ਸਕਦਾ ਹੈ ਜੋ, ਜੇਕਰ ਤੁਸੀਂ ਅਦਾਲਤ ਵਿੱਚ ਹਾਜ਼ਰ ਨਹੀਂ ਹੁੰਦੇ ਹੋ ਤਾਂ ਕੁਝ ਪੈਸਿਆਂ ਦਾ ਭੁਗਤਾਨ ਕਰਨ ਲਈ ਸਹਿਮਤ ਹੋਣ। ਇਹਨਾਂ ਵਿਅਕਤੀਆਂ ਨੂੰ **ਜਾਮਨ** ਕਿਹਾ ਜਾਂਦਾ ਹੈ।

ਜੇਕਰ ਤੁਸੀਂ ਨਿਯਮ ਤੋੜਦੇ ਹੋ, ਤਾਂ ਤੁਹਾਨੂੰ ਸ਼ਾਇਦ ਗ੍ਰਿਫ਼ਤਾਰ ਕੀਤਾ ਜਾਂ ਕਿਸੇ ਅਪਰਾਧ ਲਈ ਮੁਲਜ਼ਮ ਬਣਾਇਆ ਜਾ ਸਕਦਾ ਹੈ। ਜੇਕਰ ਤੁਸੀਂ ਅਦਾਲਤ ਵਿੱਚ ਹਾਜ਼ਰ ਨਹੀਂ ਹੁੰਦੇ ਹੋ, ਤਾਂ ਤੁਹਾਡੇ ਪਰਿਵਾਰ ਜਾਂ ਉਹਨਾਂ ਮਿੱਤਰਾਂ ਨੂੰ ਜੋ ਜਾਮਨ ਹਨ, ਸ਼ਾਇਦ ਉਸ ਸਾਰੇ ਧਨ ਦਾ ਭੁਗਤਾਨ ਕਰਨਾ ਪੈ ਸਕਦਾ ਹੈ ਜਿਸ ਦਾ ਭੁਗਤਾਨ ਕਰਨ ਦੀ ਉਹਨਾਂ ਨੇ ਸਹਿਮਤੀ ਦਿੱਤੀ ਸੀ, ਜਾਂ ਫਿਰ ਉਹਨਾਂ ਨੂੰ ਆਪ ਜੇਲ੍ਹ ਵਿਚ ਜਾਣਾ ਪੈ ਸਕਦਾ ਹੈ।

## ਜਾਮਨ

- ਜਾਮਨ ਉਹ ਮਿੱਤਰ ਜਾਂ ਪਰਿਵਾਰ ਹੁੰਦੇ ਹਨ ਜੋ ਕੁਝ ਧਨ ਦਾ ਭੁਗਤਾਨ ਕਰਨ 'ਤੇ ਸਹਿਮਤੀ ਦਿੰਦੇ ਹਨ ਜੇਕਰ ਤੁਹਾਨੂੰ ਜਮਾਨਤ 'ਤੇ ਛੱਡਿਆ ਜਾਂਦਾ ਹੈ ਅਤੇ ਤੁਸੀਂ ਬੁਲਾਏ ਜਾਣ 'ਤੇ ਅਦਾਲਤ ਵਿੱਚ ਹਾਜ਼ਰ ਨਹੀਂ ਹੁੰਦੇ ਹੋ।

## ਤੁਹਾਡਾ ਪਰਿਵਾਰ ਜਾਂ ਮਿੱਤਰ ਕਿਵੇਂ ਜਾਮਨ ਬਣ ਸਕਦੇ ਹਨ

### ਜੇ ਤੁਹਾਨੂੰ ਲੱਗਦਾ ਹੈ ਕਿ ਮੈਜਿਸਟ੍ਰੇਟਾਂ ਦੀ ਅਦਾਲਤ ਵਿੱਚ ਪੇਸ਼ ਹੋਣ ਸਮੇਂ ਤੁਹਾਨੂੰ ਸ਼ਾਇਦ ਜਮਾਨਤ ਮਿਲ ਸਕਦੀ ਹੈ

ਯਕੀਨੀ ਬਣਾਓ ਕਿ ਜਾਮਨ ਬਣਨ ਦੀ ਸਹਿਮਤੀ ਦੇਣ ਵਾਲਾ ਪਰਿਵਾਰ ਜਾਂ ਮਿੱਤਰ, ਅਦਾਲਤ ਵਿੱਚ ਤੁਹਾਡੇ ਨਾਲ ਹੋਣ। ਜੇ ਤੁਹਾਨੂੰ ਜਮਾਨਤ ਮਿਲ ਜਾਂਦੀ ਹੈ ਅਤੇ ਅਦਾਲਤ ਕਹਿੰਦੀ ਹੈ ਕਿ ਇਹ ਵਿਅਕਤੀ ਜਾਮਨ ਬਣਨ ਲਈ ਬਿਲਕੁਲ ਠੀਕ ਹਨ, ਤਾਂ ਤੁਹਾਨੂੰ ਉੱਥੇ ਅਤੇ ਉਸੇ ਸਮੇਂ 'ਤੇ ਰਿਹਾ ਕਰ ਦਿੱਤਾ ਜਾਏਗਾ।

### ਜੇਕਰ ਤੁਹਾਨੂੰ ਉਸ ਸਮੇਂ ਜਮਾਨਤ ਮਿਲਦੀ ਹੈ ਜਦੋਂ ਤੁਸੀਂ ਅਦਾਲਤ ਵਿੱਚ ਨਹੀਂ ਹੁੰਦੇ

1. ਤੁਹਾਡੇ ਮਿੱਤਰਾਂ ਜਾਂ ਪਰਿਵਾਰ ਨੂੰ ਜਾਂਚ ਲਈ ਅਦਾਲਤ ਜਾਂ ਪੁਲੀਸ ਸਟੇਸ਼ਨ ਜ਼ਰੂਰ ਜਾਣਾ ਚਾਹੀਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਜਾਮਨ ਬਣ ਸਕਦੇ ਹਨ। ਉਹਨਾਂ ਨੂੰ ਇਹ ਦਿਖਾਉਣ ਲਈ ਕੁਝ ਦਸਤਾਵੇਜ਼ ਆਪਣੇ ਨਾਲ ਲਿਜਾਣੇ ਪੈਣਗੇ ਕਿ ਉਹ ਲੋੜ ਹੋਣ 'ਤੇ ਧਨ ਦਾ ਭੁਗਤਾਨ ਕਰ ਸਕਦੇ ਹਨ।

2. ਤੁਹਾਡੇ ਮਿੱਤਰਾਂ ਜਾਂ ਪਰਿਵਾਰ ਨੂੰ ਇਹ ਦੱਸਣ ਲਈ ਇੱਕ ਦਸਤਾਵੇਜ਼ 'ਤੇ ਦਸਤਖਤ ਕਰਨੇ ਪੈਣਗੇ ਕਿ ਉਹ ਜਾਮਨ ਬਣਨ ਲਈ ਸਹਿਮਤ ਹਨ।

3. ਜੇਕਰ ਅਦਾਲਤ ਜਾਂ ਪੁਲੀਸ ਸਟੇਸ਼ਨ ਵਾਲੇ ਇਹ ਸੋਚਦੇ ਹਨ ਕਿ ਉਹ ਵਿਅਕਤੀ ਜਾਮਨ ਬਣਨ ਲਈ ਬਿਲਕੁਲ ਸਹੀ ਹਨ ਤਾਂ ਉਹ ਤੁਹਾਡੇ ਮਿੱਤਰਾਂ ਜਾਂ ਪਰਿਵਾਰ ਨੂੰ ਇੱਕ ਦਸਤਾਵੇਜ਼ ਦੇਣਗੇ ਜਿਸਨੂੰ ਇੱਕ ਸਰਟੀਫ਼ਿਕੇਟ ਕਿਹਾ ਜਾਂਦਾ ਹੈ।

4. ਤੁਹਾਡੇ ਰਿਹਾ ਹੋ ਸਕਣ ਤੋਂ ਪਹਿਲਾਂ ਤੁਹਾਡੇ ਮਿੱਤਰਾਂ ਜਾਂ ਪਰਿਵਾਰ ਨੂੰ ਇਹ ਸਰਟੀਫ਼ਿਕੇਟ ਜੇਲ੍ਹ ਵਿੱਚ ਜ਼ਰੂਰ ਲਿਜਾਉਣਾ ਚਾਹੀਦਾ ਹੈ। ਇਹ ਜੇਲ੍ਹ ਨੂੰ ਇਹ ਦਿਖਾਉਣ ਲਈ ਹੁੰਦਾ ਹੈ ਕਿ ਅਦਾਲਤਾਂ ਜਾਂ ਪੁਲੀਸ ਨੇ ਕਿਹਾ ਹੈ ਕਿ ਉਹਨਾਂ ਦਾ ਜਾਮਨ ਬਣਨਾ ਸਹੀ ਹੈ।

## ਤੁਹਾਨੂੰ ਜਮਾਨਤ ਮਿਲ ਜਾਣ 'ਤੇ ਜੇਲ੍ਹ ਤੋਂ ਆਵਾਜਾਈ

- ਜੇਕਰ ਤੁਹਾਨੂੰ ਜ਼ਮਾਨਤ ਮਿਲ ਜਾਂਦੀ ਹੈ ਅਤੇ ਤੁਹਾਡੇ ਕੋਲ ਅਦਾਲਤ ਤੋਂ ਘਰ ਤਕ ਜਾਣ ਲਈ ਕੋਈ ਪੈਸੇ ਨਹੀਂ ਹਨ, ਤਾਂ ਤੁਹਾਨੂੰ ਅਦਾਲਤ ਤਕ ਲਿਆਉਣ ਵਾਲਾ ਸਟਾਫ਼ ਤੁਹਾਡੇ ਲਈ ਇੱਕ ਯਾਤਰਾ ਵਾਰੰਟ ਅਖਵਾਉਣ ਵਾਲੀ ਕਿਸੇ ਚੀਜ਼ ਨੂੰ ਪ੍ਰਾਪਤ ਕਰਨ ਦਾ ਪ੍ਰਬੰਧ ਕਰ ਸਕਦਾ ਹੈ। ਇਹ ਇੱਕ ਟਿਕਟ ਹੁੰਦੀ ਹੈ ਜਿਸ ਨਾਲ ਤੁਸੀਂ ਉਸ ਪਤੇ ਤਕ ਮੁਫ਼ਤ ਯਾਤਰਾ ਕਰ ਸਕਦੇ ਹੋ ਜਿੱਥੇ ਤੁਸੀਂ ਆਪਣੀ ਜਮਾਨਤ ਦੀ ਅਵਧੀ ਬਿਤਾਉਣੀ ਚਾਹੁੰਦੇ ਹੋ।

- ਤੁਸੀਂ ਉਸ ਸਟਾਫ਼ ਤੋਂ ਵੀ ਇੱਕ ਯਾਤਰਾ ਵਾਰੰਟ ਪ੍ਰਾਪਤ ਕਰ ਸਕਦੇ ਹੋ ਜੋ ਤੁਹਾਨੂੰ ਜੇਲ੍ਹ ਲੈਕੇ ਗਿਆ ਸੀ। ਜਾਂ ਫਿਰ ਜੇਕਰ ਤੁਸੀਂ ਜੇਲ੍ਹ ਵਿੱਚ ਹੋ ਅਤੇ ਤੁਸੀਂ ਇੱਕ ਵੀਡੀਓ ਲਿੰਕ ਰਾਹੀਂ ਅਦਾਲਤ ਨਾਲ ਗੱਲ ਕੀਤੀ ਸੀ ਤਾਂ ਤੁਸੀਂ ਇਸ ਨੂੰ ਜੇਲ੍ਹ ਦੇ ਸਟਾਫ਼ ਤੋਂ ਵੀ ਲੈ ਸਕਦੇ ਹੋ।

## ਅਦਾਲਤ ਜਾਣ ਲਈ ਤਿਆਰ ਹੋਣਾ

ਤੁਹਾਨੂੰ ਅਦਾਲਤ ਵਿੱਚ ਆਪਣੇ ਮੁਕੱਦਮੇ ਦੀ ਤਿਆਰੀ ਕਰਨ ਅਤੇ ਇੱਕ ਵਕੀਲ ਲੱਭਣ ਵਿੱਚ ਮਦਦ ਲੈਣ ਲਈ ਜੇਲ੍ਹ ਵਿਚਲੇ ਕਾਨੂੰਨੀ ਸੇਵਾਵਾਂ ਅਧਿਕਾਰੀ ਨਾਲ ਗੱਲ ਕਰਨੀ ਚਾਹੀਦੀ ਹੈ।

## 1. ਆਪਣੇ ਮੁਕੱਦਮੇ ਲਈ ਗਵਾਹ ਇਕੱਠੇ ਕਰਨੇ

- ਆਪਣੇ ਮੁਕੱਦਮੇ 'ਤੇ ਬੋਲਣ ਲਈ ਗਵਾਹ ਪ੍ਰਾਪਤ ਕਰਨ ਵਿੱਚ ਮਦਦ ਲੈਣ ਲਈ ਆਪਣੇ ਵਕੀਲ ਨੂੰ ਕਹੋ।

- ਜੇਕਰ ਤੁਹਾਡਾ ਕੋਈ ਵਕੀਲ ਨਹੀਂ ਹੈ ਤਾਂ ਤੁਸੀਂ ਮਦਦ ਲੈਣ ਲਈ ਕਾਨੂੰਨੀ ਸੇਵਾਵਾਂ ਅਧਿਕਾਰੀ ਨੂੰ ਨਿਵੇਦਨ ਕਰਕੇ ਸਕਦੇ ਹੋ।

- ਕਾਨੂੰਨੀ ਸੇਵਾਵਾਂ ਅਧਿਕਾਰੀ ਤੁਹਾਡੇ ਲਈ ਗਵਾਹ ਇਕੱਠੇ ਨਹੀਂ ਕਰ ਸਕਦਾ। ਪਰ ਉਹ ਤੁਹਾਡੇ ਮਿੱਤਰਾਂ ਜਾਂ ਪਰਿਵਾਰ ਨੂੰ ਤੁਹਾਡੇ ਲਈ ਗਵਾਹ ਲੱਭਣ ਦੀ ਕੋਸ਼ਿਸ਼ ਕਰਨ ਦਾ ਨਿਵੇਦਨ ਕਰਦਾ ਹੋਇਆ ਇੱਕ ਪੱਤਰ ਲਿਖਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ।

- ਤੁਸੀਂ ਪੁਲੀਸ ਨੂੰ ਪੱਤਰ ਲਿਖ ਕੇ ਆਪਣੇ ਲਈ ਗਵਾਹ ਲੱਭਣ ਦੀ ਕੋਸ਼ਿਸ਼ ਕਰਨ ਲਈ ਨਿਵੇਦਨ ਕਰ ਸਕਦੇ ਹੋ। ਪਰ ਪੁਲੀਸ ਇਹ ਵਾਇਦਾ ਨਹੀਂ ਕਰ ਸਕਦੀ ਕਿ ਇਹ ਵਿਅਕਤੀ ਮੁਕੱਦਮੇ 'ਤੇ ਆਉਣਗੇ।

## 2. ਆਪਣੇ ਕਾਨੂੰਨੀ ਕੰਮ ਵਿੱਚ ਮਦਦ ਲੈਣ ਲਈ ਕੰਪਿਊਟਰ ਦਾ ਇਸਤੇਮਾਲ ਕਰਨਾ

- ਤੁਸੀਂ ਇਸ ਕੰਮ ਲਈ ਆਪਣੇ ਖ਼ੁਦ ਦੇ ਪਰਸਨਲ ਕੰਪਿਊਟਰ ਦਾ ਇਸਤੇਮਾਲ ਨਹੀਂ ਕਰਦੇ।
- ਜੇਕਰ ਤੁਸੀਂ ਆਪਣੇ ਕਾਨੂੰਨੀ ਕੰਮ ਵਿੱਚ ਮਦਦ ਲੈ ਲਈ ਜੇਲ੍ਹ ਦੇ ਕਿਸੇ ਕੰਪਿਊਟਰ ਦਾ ਇਸਤੇਮਾਲ ਕਰਨਾ ਚਾਹੁੰਦੇ ਹੋ ਤਾਂ ਗਵਰਨਰ ਨੂੰ ਨਿਵੇਦਨ ਕਰੋ।
- ਜੇਕਰ ਗਵਰਨਰ ਸੋਚਦਾ ਹੈ ਕਿ ਤੁਹਾਨੂੰ ਆਪਣੇ ਮੁਕੱਦਮੇ ਨੂੰ ਨਿਰਪੱਖ ਬਣਾਉਣ ਲਈ ਇਸਦੀ ਲੋੜ ਹੈ ਤਾਂ ਉਹ ਤੁਹਾਡੇ ਦੁਆਰਾ ਜੇਲ੍ਹ ਦੇ ਕਿਸੇ ਲੈਪਟਾਪ ਕੰਪਿਊਟਰ ਦਾ ਇਸਤੇਮਾਲ ਕੀਤੇ ਜਾਣ ਦਾ ਪ੍ਰਬੰਧ ਕਰ ਦੇਵੇਗਾ।
- ਜੇਕਰ ਗਵਰਨਰ ਤੁਹਾਨੂੰ ਜੇਲ੍ਹ ਦੇ ਕਿਸੇ ਲੈਪਟਾਪ ਦਾ ਇਸਤੇਮਾਲ ਕਰਨ ਦੀ ਆਗਿਆ ਦਿੰਦਾ ਹੈ ਤਾਂ ਤੁਹਾਨੂੰ ਕੁਝ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ।
- **ਜੇਲ ਸੇਵਾ ਹਿਦਾਇਤਾਂ (ਪ੍ਰਿਜ਼ਨ ਸਰਵਿਸ ਇਨਸਟ੍ਰਕਸ਼ਨਜ਼) 2/2001** ਵਿੱਚ ਇਸ ਬਾਰੇ ਵਧੇਰੇ ਜਾਣਕਾਰੀ ਦਿੱਤੀ ਗਈ ਹੈ। ਇਸਦੀ ਇੱਕ ਪ੍ਰਤੀ ਲਾਇਬ੍ਰੇਰੀ ਵਿੱਚ ਹੈ।

## 3. ਤੁਹਾਡੀਆਂ ਚੀਜ਼ਾਂ

- ਰਿਹਾ ਹੋਣ ਦੀ ਸਥਿਤੀ ਵਿੱਚ ਆਪਣੀਆਂ ਸਾਰੀਆਂ ਨਿੱਜੀ ਚੀਜ਼ਾਂ ਆਪਣੇ ਨਾਲ ਅਦਾਲਤ ਵਿੱਚ ਲੈ ਜਾਓ। ਜੇਕਰ ਤੁਹਾਡੇ ਰਿਹਾ ਹੋਣ ਤੋਂ ਬਾਅਦ ਜੇਲ੍ਹ ਵਿੱਚ ਅਜੇ ਵੀ ਚੀਜ਼ਾਂ ਬਾਕੀ ਰਹਿ ਜਾਂਦੀਆਂ ਹਨ, ਤਾਂ ਤੁਹਾਨੂੰ ਉਹਨਾਂ ਨੂੰ ਲਿਜਾਏ ਜਾਣ ਦੀ ਜਾਣ ਦਾ ਪ੍ਰਬੰਧ ਕਰਨ ਲਈ ਜੇਲ੍ਹ ਨਾਲ ਸੰਪਰਕ ਕਰਨਾ ਪਵੇਗਾ।

# ਕਿਸੇ ਸਜ਼ਾ ਨਾ ਭੁਗਤ ਰਹੇ ਕੈਦੀ ਹੋਣ ਬਾਰੇ ਹੋਰ ਗੱਲਾਂ

### ਤੁਹਾਡੀ ਸਿਹਤ

- ਜੇਕਰ ਤੁਸੀਂ ਅਜਿਹਾ ਨਹੀਂ ਚਾਹੁੰਦੇ ਤਾਂ ਤੁਹਾਨੂੰ ਜੇਲ੍ਹ ਵਿਚਲੇ ਸਿਹਤ ਸੰਭਾਲ ਸਟਾਫ਼ ਤੋਂ NHS ਸਿਹਤ ਸੰਭਾਲ ਸੇਵਾ **ਨਹੀਂ** ਲੈਣੀ ਪੈਂਦੀ
- ਤੁਸੀਂ ਕਿਸੇ ਪ੍ਰਾਈਵੇਟ ਡਾਕਟਰ ਜਾਂ ਡੈਂਟਿਸਟ ਤੋਂ ਸਿਹਤ ਸੰਭਾਲ ਸੇਵਾ ਨਹੀਂ ਲੈ ਸਕਦੇ, ਪਰ ਤੁਹਾਨੂੰ ਸ਼ਾਇਦ ਇਸ ਲਈ ਭੁਗਤਾਨ ਕਰਨਾ ਪੈ ਸਕਦਾ ਹੈ।
- ਜੇਕਰ ਤੁਸੀਂ ਅਜਿਹਾ ਕਰਨਾ ਚਾਹੁੰਦੇ ਹੋ ਤਾਂ ਸਿਹਤ ਸੰਭਾਲ ਸਟਾਫ਼ ਨੂੰ ਨਿਵੇਦਨ ਕਰੋ। ਉਹ ਅਤੇ ਗਵਰਨਰ ਆਮ ਤੌਰ 'ਤੇ ਤੁਹਾਨੂੰ ਅਜਿਹਾ ਕਰਨ ਦੇਣਗੇ।

## ਵੋਟ ਪਾਉਣੀ

ਤੁਸੀਂ ਜੇਲ੍ਹ ਵਿੱਚ ਰਹਿੰਦੇ ਹੋਏ ਅਜੇ ਵੀ ਵੋਟ ਪਾ ਸਕਦੇ ਹੋ ਜੇਕਰ:

- ਤੁਹਾਡੇ 'ਤੇ ਦੋਸ਼ ਸਿੱਧ ਨਹੀਂ ਹੋਏ ਹਨ
- ਤੁਹਾਡੇ 'ਤੇ ਦੋਸ਼ ਸਿੱਧ ਹੋ ਚੁੱਕੇ ਹਨ, ਪਰ ਤੁਹਾਨੂੰ ਅਜੇ ਤਕ ਸਜ਼ਾ ਨਹੀਂ ਸੁਣਾਈ ਗਈ ਹੈ।
- ਤੁਸੀਂ ਇੱਕ ਦੀਵਾਨੀ ਕੈਦੀ ਹੋ ਜੋ ਕਿ ਜੁਰਮਾਨਿਆਂ ਦਾ ਭੁਗਤਾਨ ਨਾ ਕਰਨ ਕਰਕੇ ਜਾਂ ਫਿਰ ਉਹ ਨਾ ਕਰਨ ਲਈ ਜੇਲ੍ਹ ਵਿੱਚ ਰੱਖੇ ਗਏ ਹੋ ਜੋ ਕਿ ਅਦਾਲਤ ਨੇ ਤੁਹਾਨੂੰ ਕਰਨ ਲਈ ਕਿਹਾ ਹੈ (ਇਸ ਨੂੰ ਅਦਾਲਤ ਦੀ ਮਾਨਹਾਨੀ ਕਿਹਾ ਜਾਂਦਾ ਹੈ)

ਇਸ ਤੋਂ ਪਹਿਲਾਂ ਕਿ ਤੁਸੀਂ ਵੋਟ ਪਾ ਸਕੋ, ਤੁਹਾਡਾ ਨਾਮ **ਮਤਦਾਤਾ ਰਜਿਸਟਰ** ਅਖਵਾਉਂਦੀ ਇੱਕ ਸੂਚੀ 'ਤੇ ਜ਼ਰੂਰ ਦਰਜ ਹੋਣਾ ਚਾਹੀਦਾ ਹੈ।

ਜੇਕਰ ਤੁਹਾਡਾ ਨਾਮ ਪਹਿਲਾਂ ਤੋਂ ਮਤਦਾਤਾ ਰਜਿਸਟਰ 'ਤੇ ਦਰਜ ਨਹੀਂ ਹੈਂ

1. ਤੁਹਾਨੂੰ ਇੱਕ ਫ਼ਾਰਮ ਭਰ ਕੇ ਜੇਲ੍ਹ ਤੋਂ ਬਾਹਰ, ਇੱਕ ਇਲੈਕਟੋਰਲ ਰਜਿਸਟ੍ਰੇਸ਼ਨ ਆਫ਼ਿਸਰ ਅਖਵਾਉਂਦੇ ਵਿਅਕਤੀ ਨੂੰ ਭੇਜਣਾ ਪਵੇਗਾ। ਫਾਰਮ ਭੇਜਣ ਦੇ ਪਤੇ ਜੇਲ ਪ੍ਰਬੰਧਨ ਨਿਯਮਾਵਲੀ 4650 ਵਿੱਚ ਦਿੱਤੇ ਹੋਏ ਹਨ। ਇਸ ਦੀ ਇੱਕ ਕਾਪੀ ਜੇਲ ਦੀ ਲਾਇਬ੍ਰੇਰੀ ਵਿੱਚ ਉਪਲਬਧ ਹੈ।

2. ਫ਼ਾਰਮ ਲਈ ਜਾਂ ਮਤਦਾਨ ਬਾਰੇ ਵਧੇਰੇ ਜਾਣਕਾਰੀ ਲਈ ਆਪਣੇ ਨਿੱਜੀ ਅਧਿਕਾਰੀ ਜਾਂ ਜੇਲ੍ਹ ਦੇ ਕਿਸੇ ਦੂਸਰੇ ਅਧਿਕਾਰੀ ਨੂੰ ਨਿਵੇਦਨ ਕਰੋ।

3. **ਪ੍ਰਿਜ਼ਨ ਸਰਵਿਸ ਆਰਡਰ 4650** ਵਿੱਚ ਮਤਦਾਨ ਬਾਰੇ ਵਧੇਰੇ ਜਾਣਕਾਰੀ ਦਿੱਤੀ ਗਈ ਹੈ। ਇਹ ਤੁਹਾਨੂੰ ਡਾਕ ਰਾਹੀਂ ਮਤਦਾਨ ਕਰਨ (ਜਿੱਥੇ ਤੁਸੀਂ ਡਾਕ ਦੁਆਰਾ ਵੋਟ ਪਾਉਂਦੇ ਹੋ) ਜਾਂ ਪ੍ਰੋਕਸੀ ਵੋਟਿੰਗ (ਜਿੱਥੇ ਕੋਈ ਹੋਰ ਵਿਅਕਤੀ ਤੁਹਾਡੇ ਲਈ, ਤੁਹਾਡੀ ਵੋਟ ਪਾਉਂਦਾ ਹੈ) ਵਰਗੀਆਂ ਚੀਜ਼ਾਂ ਬਾਰੇ ਵੀ ਦੱਸਦਾ ਹੈ।

## ਕੰਮ ਅਤੇ ਇਸ ਲਈ ਭੁਗਤਾਨ ਕੀਤਾ ਜਾਣਾ

- ਜੇਕਰ ਤੁਸੀਂ ਅਜਿਹਾ ਨਹੀਂ ਚਾਹੁੰਦੇ ਤਾਂ ਤੁਹਾਨੂੰ ਜੇਲ੍ਹ ਵਿੱਚ ਕੰਮ **ਨਹੀਂ** ਕਰਨਾ ਪੈਂਦਾ
- ਜੇਕਰ ਤੁਸੀਂ ਕੰਮ ਕਰਨਾ ਚਾਹੁੰਦੇ ਹੋ ਪਰ ਤੁਹਾਡੇ ਕੋਲ ਕਰਨ ਲਈ ਕੋਈ ਕੰਮ ਨਹੀਂ ਹੈ, ਤਾਂ ਤੁਹਾਨੂੰ ਹਰ ਹਫ਼ਤੇ ਆਪਣੀ ਜ਼ਰੂਰਤ ਦੀਆਂ ਚੀਜ਼ਾਂ ਖ਼ਰੀਦਣ ਲਈ ਥੋੜੇ ਜਿਹੇ ਪੈਸਿਆਂ ਦਾ ਭੁਗਤਾਨ ਕੀਤਾ ਜਾਵੇਗਾ।
- ਜੇਕਰ ਤੁਸੀਂ ਉਸ ਕੰਮ ਲਈ ਨਾਂਹ ਕਰ ਸਕਦੇ ਹੋ ਜੋ ਤੁਹਾਨੂੰ ਦਿੱਤਾ ਜਾਂਦਾ ਹੈ, ਤਾਂ ਤੁਹਾਨੂੰ ਸ਼ਾਇਦ ਜੇਲ੍ਹ ਤੋਂ ਕੋਈ ਧਨ ਨਹੀਂ ਮਿਲੇਗਾ ਅਤੇ ਤੁਹਾਨੂੰ ਸ਼ਾਇਦ ਕਿਸੇ ਹੋਰ ਕੰਮ ਦੀ ਪੇਸ਼ਕਸ਼ ਨਹੀਂ ਕੀਤੀ ਜਾਵੇਗੀ। ਦੀਵਾਨੀ ਕੈਦੀ ਉਹ ਵਿਅਕਤੀ ਹੁੰਦੇ ਹਨ ਜਿਨ੍ਹਾਂ ਨੂੰ ਅਜਿਹੇ ਕੰਮਾਂ ਲਈ ਜੇਲ੍ਹ ਭੇਜਿਆ ਜਾਂਦਾ ਹੈ ਜਿਵੇਂ ਕਿ:

# ਫ਼ੌਜਦਾਰੀ ਕੈਦੀ

ਆਪਣੇ ਬੱਚਿਆਂ ਦੀ ਦੇਖਭਾਲ ਕਰਨ ਲਈ ਰੱਖ-ਰਖਾਵ ਭੱਤੇ ਦਾ ਭੁਗਤਾਨ ਨਾ ਕਰਨਾ

- ਜੁਰਮਾਨਿਆਂ ਜਾਂ ਕਰਜ਼ਿਆਂ ਦਾ ਭੁਗਤਾਨ ਨਾ ਕਰਨਾ
- ਉਸ ਧਨ ਦਾ ਭੁਗਤਾਨ ਨਾ ਕਰਨਾ ਜਿਸ ਦਾ ਭੁਗਤਾਨ ਕਰਨ 'ਤੇ ਉਹ ਸਹਿਮਤ ਹੋਏ ਸਨ
- ਜੇਕਰ ਉਹਨਾਂ ਦਾ ਜਾਣਕਾਰੀ ਕੋਈ ਵਿਅਕਤੀ ਜਮਾਨਤ 'ਤੇ ਸੀ ਅਤੇ ਅਦਾਲਤ ਵਿੱਚ ਪੇਸ਼ ਨਹੀਂ ਹੋਇਆ ਸੀ।
- ਉਹ ਸਭ ਨਾ ਕਰਨਾ ਜੋ ਅਦਾਲਤ ਨੇ ਉਹਨਾਂ ਨੂੰ ਕਰਨ ਲਈ ਕਿਹਾ ਹੈ

ਦੀਵਾਨੀ ਕੈਦੀਆਂ ਨਾਲ ਲਗਭਗ ਸਜ਼ਾ ਭੁਗਤ ਰਹੇ ਕੈਦੀਆਂ ਵਾਲਾ ਹੀ ਵਿਵਹਾਰ ਕੀਤਾ ਜਾਂਦਾ ਹੈ। ਪਰ ਕੁਝ ਅੰਤਰ ਹੁੰਦੇ ਹਨ। ਉਦਾਹਰਨ ਲਈ, ਜੇ ਤੁਸੀਂ ਇੱਕ ਦੀਵਾਨੀ ਕੈਦੀ ਹੋ ਤਾਂ

- ਮੁਲਾਕਾਤਾਂ, ਪੱਤਰਾਂ ਅਤੇ ਫ਼ੋਨ ਕਾਲਾਂ ਪ੍ਰਤੀ ਤੁਹਾਡੇ ਅਧਿਕਾਰ ਗੈਰ ਸਜ਼ਾ ਭੁਗਤ ਰਹੇ ਕੈਦੀਆਂ ਵਾਲੇ ਹੀ ਹੁੰਦੇ ਹਨ। ਪੰਨਾ 40 ਦੇਖੋ।

- ਜੇਕਰ ਤੁਸੀਂ ਦੂਸਰੇ ਕੈਦੀਆਂ ਨਾਲ ਮਿਲਣਾ-ਜੁਲਣਾ ਨਹੀਂ ਚਾਹੁੰਦੇ ਹੋ ਤਾਂ ਤੁਹਾਡੇ ਲਈ ਇਹ ਜ਼ਰੂਰੀ ਨਹੀਮ ਹੁੰਦਾ।

- ਤੁਸੀਂ ਆਪਣੇ ਖ਼ੁਦ ਦੇ ਕੱਪੜੇ ਪਹਿਣ ਸਕਦੇ ਹੋ। ਜੇਕਰ ਤੁਹਾਡੇ ਕੋਲ ਕਾਫੀ ਕੱਪੜੇ ਨਹੀਂ ਹਨ, ਤਾਂ ਤੁਸੀਂ ਜੇਲ੍ਹ ਦੇ ਸਟਾਫ਼ ਨੂੰ ਕੁਝ ਕੱਪੜੇ ਲੈ ਕੇ ਦੇਣ ਲਈ ਨਿਵੇਦਨ ਕਰ ਸਕਦੇ ਹੋ।

- ਤੁਹਾਨੂੰ ਸ਼ਾਇਦ ਵੋਟ ਪਾਉਣ ਦੀ ਆਗਿਆ ਦਿੱਤੀ ਜਾ ਸਕਦੀ ਹੈ ਜੇਕਰ ਤੁਹਾਨੂੰ ਅਦਾਲਤ ਦੀ ਮਾਨਹਾਨੀ ਕਰਨ ਲਈ ਜਾਂ ਫਿਰ ਕਿਸੇ ਜੁਰਮਾਨੇ ਦਾ ਭੁਗਤਾਨ ਕਰਨ ਲਈ ਜੇਲ੍ਹ ਭੇਜਿਆ ਗਿਆ ਹੈ। ਜੇਲ ਪ੍ਰਬੰਧਨ ਨਿਯਮਵਾਲੀ 4650 ਵਿੱਚ ਇਸ ਬਾਰੇ ਵਧੇਰੇ ਜਾਣਕਾਰੀ ਦਿੱਤੀ ਗਈ ਹੈ। ਇਸਦੀ ਇੱਕ ਪ੍ਰਤੀ ਲਾਇਬ੍ਰੇਰੀ ਵਿੱਚ ਹੈ।

# ਇੱਕ ਦੀਵਾਨੀ ਕੈਦੀ ਹੋਣ ਬਾਰੇ ਹੋਰ ਗੱਲਾਂ

## ਜੇਲ੍ਹ ਤੋਂ ਜਲਦੀ ਰਿਹਾ ਕੀਤਾ ਜਾਣਾ

- ਅਦਾਲਤ ਦੁਆਰਾ ਤੁਹਾਨੂੰ ਜੇਲ੍ਹ ਵਿੱਚ ਭੇਜੇ ਜਾਣ ਦੇ ਕਾਰਨ 'ਤੇ ਨਿਰਭਰ ਕਰਦੇ ਹੋਏ ਤੁਹਾਨੂੰ ਜੇਲ੍ਹ ਵਿੱਚੋਂ ਜਲਦੀ ਰਿਹਾ ਕੀਤਾ ਜਾਣਾ ਸ਼ਾਇਦ ਸੰਭਵ ਨਹੀਂ ਹੋ ਸਕਦਾ। ਇੱਥੋਂ ਤਕ ਕਿ ਤੁਹਾਨੂੰ ਸ਼ਾਇਦ ਆਪਣੀ ਪੂਰੀ ਸਜ਼ਾ ਕੱਟਣੀ ਪੈ ਸਕਦੀ ਹੈ। ਜੇਲ੍ਹ ਦਾ ਸਟਾਫ਼ ਤੁਹਾਡੀ ਰਿਹਾਈ ਦੀ ਤਾਰੀਖ਼ ਨਿਰਧਾਰਿਤ ਕਰਨ ਸਮੇਂ ਇਸ 'ਤੇ ਨਜ਼ਰ ਰੱਖੇਗਾ।

- ਮਦਦ ਲੈਣ ਲਈ ਆਪਣੇ ਨਿੱਜੀ ਅਧਿਕਾਰੀ, ਜੇਲ੍ਹ ਦੇ ਕਿਸੇ ਦੂਸਰੇ ਅਧਿਕਾਰੀ ਜਾਂ ਪ੍ਰੋਬੇਸ਼ਨ ਸਟਾਫ਼ ਨੂੰ ਮਦਦ ਕਰੋ ਜੇਕਰਂ
    - ਤੁਹਾਨੂੰ ਯਕੀਨ ਨਹੀਂ ਹੈ ਕਿ ਤੁਹਾਨੂੰ ਜਲਦੀ ਰਿਹਾ ਕੀਤਾ ਜਾ ਸਕਦਾ ਹੈ
    - ਤੁਸੀਂ ਸੋਚਦੇ ਹੋ ਕਿ ਤੁਹਾਨੂੰ ਜਲਦੀ ਰਿਹਾ ਕਰ ਦਿੱਤਾ ਜਾਣਾ ਚਾਹੀਦਾ ਹੈ ਪਰ ਜੇਲ੍ਹ ਦੇ ਸਟਾਫ਼ ਨੇ ਤੁਹਾਡੀ ਮਿਲਦੀ ਰਿਹਾਈ ਦੀ ਤਾਰੀਖ਼ ਨਿਰਧਾਰਿਤ ਕਰਦੇ ਸਮੇਂ ਇਸ ਗੱਲ ਨੂੰ ਧਿਆਨ ਵਿੱਚ ਨਹੀਂ ਰੱਖਿਆ ਹੈ।

## ਅਦਾਲਤ ਦੀ ਮਾਨਹਾਨੀ ਲਈ ਜੇਲ੍ਹ ਭੈਜੇ ਜਾਣ ਵਿਰੁੱਧ ਅਪੀਲ ਕਰਨੀ

- ਅਦਾਲਤ ਦੀ ਮਾਨਹਾਨੀ ਦਾ ਅਰਥ ਹੈ ਉਹ ਕੰਮ ਨਾ ਕਰਨਾ ਜੋ ਅਦਾਲਤ ਨੇ ਤੁਹਾਨੂੰ ਕਰਨ ਲਈ ਕਿਹਾ ਸੀ। ਅਦਾਲਤ ਦੀ ਮਾਨਹਾਨੀ ਲਈ ਜੇਲ੍ਹ ਭੇਜੇ ਜਾਣ 'ਤੇ ਤੁਸੀਂ ਅਪੀਲ ਕਰ ਸਕਦੇ ਹੋ। ਅਪੀਲ ਕਰਨ ਦਾ ਅਰਥ ਹੁੰਦਾ ਹੈ, ਅਦਾਲਤ ਦੁਆਰਾ ਦਿੱਤੇ ਗਏ ਫ਼ੈਸਲੇ ਨੂੰ ਬਦਲਣ ਦੀ ਕੋਸ਼ਿਸ਼ ਕਰਨਾ

- ਅਜਿਹਾ ਕਿਵੇਂ ਕਰਨਾ ਹੈ, ਇਸ ਬਾਰੇ ਕੁਝ ਸਲਾਹ ਲੈਣ ਲਈ ਤੁਹਾਨੂੰ ਸਭ ਤੋਂ ਪਹਿਲਾਂ ਜੇਲ੍ਹ ਵਿਚਲੇ ਕਾਨੂੰਨੀ ਸੇਵਾਵਾਂ ਅਧਿਕਾਰੀ ਨਾਲ ਗੱਲਬਾਤ ਕਰਨੀ ਚਾਹੀਦੀ ਹੈ।

### ਜੇਕਰ ਮੈਜਿਸਟ੍ਰੇਟਾਂ ਦੀ ਅਦਾਲਤ ਦੁਆਰਾ ਤੁਹਾਨੂੰ ਜੇਲ੍ਹ ਭੇਜਿਆ ਗਿਆ ਸੀ ਤਾਂ

- ਆਪਣੀ ਸਜ਼ਾ ਸੁਣਾਏ ਜਾਣ ਤੋਂ 21 ਦਿਨਾਂ ਅੰਦਰ ਕਰਾਊਨ ਕੋਰਟ ਵਿੱਚ ਅਪੀਲ ਕਰੋ ਜਾਂ ਆਪਣੇ ਵਕੀਲ ਨੂੰ ਅਜਿਹਾ ਕਰਨ ਲਈ ਨਿਵੇਦਨ ਕਰੋ।

### ਜੇਕਰ ਕਿਸੇ ਕਰਾਊਨ ਕੋਰਟ ਜਾਂ ਕਾਊਂਟੀ ਕੋਰਟ ਦੁਆਰਾ ਤੁਹਾਨੂੰ ਜੇਲ੍ਹ ਭੇਜਿਆ ਗਿਆ ਸੀ

- ਆਪਣੀ ਸਜ਼ਾ ਸੁਣਾਏ ਜਾਣ ਤੋਂ 14 ਦਿਨਾਂ ਅੰਦਰ ਸਿਵਿਲ ਅਪੀਲ ਕੋਰਟ ਕੋਲ ਅਪੀਲ ਕਰੋ ਜਾਂ ਆਪਣੇ ਵਕੀਲ ਨੂੰ ਅਜਿਹਾ ਕਰਨ ਲਈ ਨਿਵੇਦਨ ਕਰ ਆਪਣੀ ਅਪੀਲ ਭੇਜਣ ਲਈ ਪਤਾ ਹੈਂ

  Civil Appeal Court
  Royal Courts of Justice
  Strand
  London
  WC2N 2LL

# ਇਮੀਗ੍ਰੇਸ਼ਨ ਸੰਬੰਧੀ ਨਜ਼ਰਬੰਦ ਵਿਅਕਤੀ

**ਇਮੀਗ੍ਰੇਸ਼ਨ ਸੰਬੰਧੀ ਕੈਦੀ** ਇਮੀਗ੍ਰੇਸ਼ਨ (ਪ੍ਰਵਾਸ) ਸੰਬੰਧੀ ਕੈਦੀ ਉਹ ਵਿਅਕਤੀ ਹੁੰਦੇ ਹਨ ਜੋ ਮੂਲ ਰੂਪ ਵਿੱਚ ਯੂਨਾਈਟਿਡ ਕਿੰਗਡਮ (ਇੰਗਲੈਂਡ, ਸਕੋਟਲੈਂਡ, ਵੇਲਜ਼ ਅਤੇ ਉੱਤਰੀ ਆਇਰਲੈਂਡ) ਤੋਂ ਨਹੀਂ ਹੁੰਦੇ।

ਉਹ ਆਮ ਤੌਰ 'ਤੇ ਅਜਿਹੇ ਵਿਅਕਤੀ ਹੁੰਦੇ ਹਨ ਜਿਨ੍ਹਾਂ ਨੂੰ ਇਮੀਗ੍ਰੇਸ਼ਨ ਕਾਨੂੰਨਾਂ ਦੀ ਉਲੰਘਣਾ ਕਰਨ ਜਾਂ ਕੋਈ ਅਪਰਾਧ ਕਰਨ ਕਰਕੇ ਜੇਲ੍ਹ ਵਿੱਚ ਰੱਖਿਆ ਜਾ ਰਿਹਾ ਹੁੰਦਾ ਹੈ ਅਤੇ ਹੁਣ ਇਹ ਦੇਖਣ ਦੀ ਉਡੀਕ ਕਰ ਰਹੇ ਹੁੰਦੇ ਹਨ ਕਿ ਕੀ ਉਹਨਾਂ ਨੂੰ ਵਾਪਸ ਉਸ ਦੇਸ਼ ਨੂੰ ਭੇਜ ਦਿੱਤਾ (ਕੱਢ ਦਿੱਤਾ) ਜਾਵੇਗਾ ਜਿੱਥੋਂ ਉਹ ਆਏ ਸਨ।

ਬਾਰਡਰ ਐਂਡ ਇਮੀਗ੍ਰੇਸ਼ਨ ਏਜੰਸੀ ਇਸ ਗੱਲ ਦਾ ਫ਼ੈਸਲਾ ਕਰਦੀ ਹੈ ਕਿ ਇਮੀਗ੍ਰੇਸ਼ਨ (ਪ੍ਰਵਾਸ) ਸੰਬੰਧੀ ਕੈਦੀਆਂ ਦਾ ਕੀ ਕੀਤਾ ਜਾਣਾ ਚਾਹੀਦਾ ਹੈ।

**ਬਾਰਡਰ ਐਂਡ ਇਮੀਗ੍ਰੇਸ਼ਨ ਏਜੰਸੀਂ** ਇਹ ਸਰਕਾਰ ਲਈ ਕੰਮ ਕਰਨ ਵਾਲੇ ਵਿਅਕਤੀਆਂ ਦਾ ਇੱਕ ਸਮੂਹ ਹੁੰਦਾ ਹੈ। ਉਹ ਇਸ ਦਾ ਪ੍ਰਬੰਧ ਕਰਨ ਦੇ ਜ਼ੁੰਮੇਵਾਰ ਹੁੰਦੇ ਹਨ ਕਿ ਦੇਸ਼ ਵਿੱਚ ਕੌਣ ਕੰਮ ਕਰਨ, ਘੁੰਮਣ ਜਾਂ ਰਹਿਣ ਲਈ ਆਉਂਦਾ ਹੈ।

✓ ਤੁਹਾਡੇ ਜੇਲ੍ਹ ਵਿੱਚ ਰਹਿਣ ਦੇ ਸਮੇਂ 'ਤੇ ਬਾਰਡਰ ਐਂਡ ਇਮੀਗ੍ਰੇਸ਼ਨ ਏਜੰਸੀ ਤੁਹਾਡੇ ਨਾਲ ਸੰਪਰਕ ਵਿੱਚ ਰਹੇਗੀ। ਤੁਹਾਡੇ ਜੇਲ੍ਹ ਵਿੱਚ ਰਹਿਣ ਦੇ ਸਮੇਂ 'ਤੇ ਉਹ ਤੁਹਾਡੇ ਕੇਸ 'ਤੇ ਨਜ਼ਰ ਰੱਖਣੇ।

✓ ਜੇਲ੍ਹ ਵਿੱਚ ਰਹਿਣ ਸਮੇਂ ਤੁਹਾਨੂੰ ਗੈਰ ਸਜ਼ਾ ਭੁਗਤ ਰਹੇ ਕੈਦੀਆਂ ਵਾਲੇ ਨਿਯਮਾਂ ਦੀ ਹੀ ਪਾਲਣਾ ਕਰਨੀ ਪਵੇਗੀ। **ਵਧੇਰੇ ਜਾਣਕਾਰੀ ਲਈ ਪੰਨਾ 7 'ਤੇ ਵਾਪਸ ਜਾਓ।**

✓ ਤੁਹਾਨੂੰ ਕਿਸੇ ਵਕੀਲ ਤੋਂ ਮਦਦ ਲੈਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜੇਕਰ ਤੁਹਾਡਾ ਕੋਈ ਵਕੀਲ ਨਹੀਂ ਹੈ ਤਾਂ ਇਮੀਗ੍ਰੇਸ਼ਨ ਅਡਵਾਈਜ਼ਰੀ ਸਰਵਿਸ ਨਾਮ ਦੇ ਇੱਕ ਸਮੂਹ ਨਾਲ ਸੰਪਰਕ ਬਣਾਓ। **ਉਹਨਾਂ ਦਾ ਪਤਾ ਪੰਨਾ 20 'ਤੇ ਹੈ।** ਤੁਸੀਂ ਆਪਣੇ ਵਕੀਲ ਨੂੰ ਫ਼ੋਨ ਕਰ ਸਕੋਗੇ, ਪੱਤਰ ਲਿਖ ਸਕੋਗੇ ਜਾਂ ਫ਼ੈਕਸ ਕਰ ਸਕੋਗੇ। ਜਾਂ ਫਿਰ ਉਹ ਤੁਹਾਡੇ ਨਾਲ ਮੁਲਾਕਾਤ ਕਰਨ ਲਈ ਆ ਸਕਦਾ ਹੈ।

✓ ਜੇਕਰ ਤੁਹਾਨੂੰ ਮਦਦ ਦੀ ਲੋੜ ਹੈ ਤਾਂ ਇਹਨਾਂ ਵਿਅਕਤੀਆਂ ਨੂੰ ਮਦਦ ਕਰਨ ਲਈ ਨਿਵੇਦਨ ਕਰੋਂ

- ਜੇਕਰ ਤੁਹਾਡਾ ਕੋਈ ਨਿੱਜੀ ਅਧਿਕਾਰੀ ਹੋਵੇ ਤਾਂ ਉਸ ਨੂੰ
- ਆਪਣੇ ਵਿੰਗ ਦੇ ਮੁਖੀ ਜੇਲ੍ਹ ਅਧਿਕਾਰੀ ਨੂੰ
- ਜੇਲ੍ਹ ਵਿੱਚ ਨਸਲੀ ਸਮਾਨਤਾ ਅਧਿਕਾਰੀ ਅਖਵਾਉਣ ਵਾਲੇ ਵਿਅਕਤੀ ਨੂੰ
- ਜਾਂ ਫਿਰ ਜੇਕਰ ਤੁਹਾਡੀ ਜੇਲ੍ਹ ਵਿੱਚ ਵਿਦੇਸ਼ੀ ਨਾਗਰਿਕ ਕੈਦੀ ਸੰਯੋਜਕ ਅਖਵਾਉਂਦਾ ਕੋਈ ਵਿਅਕਤੀ ਹੈ ਤਾਂ ਉਸਨੂੰ

✓ ਤੁਸੀਂ ਲੋੜ ਹੋਣ 'ਤੇ ਇੱਕ ਦੁਭਾਸ਼ੀਆ ਲੈ ਸਕਦੇ ਹੋ। (ਇਹ ਕੋਈ ਅਜਿਹਾ ਵਿਅਕਤੀ ਹੁੰਦਾ ਹੈ ਜੋ ਕਿ ਅੰਗਰੇਜ਼ੀ ਵਿੱਚ ਕਹੀ ਗਈ ਕਿਸੇ ਗੱਲ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ)

✓ ਵਧੇਰੇ ਜਾਣਕਾਰੀ ਲਈ ਤੁਸੀਂ **ਵਿਦੇਸ਼ੀ ਨਾਗਰਿਕ ਕੈਦੀਆਂ ਲਈ ਜਾਣਕਾਰੀ ਅਤੇ ਸਲਾਹ** ਨਾਮ ਦਾ ਕਿਤਾਬਚਾ ਦੇਖ ਸਕਦੇ ਹੋ। ਇਸਦੀ ਇੱਕ ਪ੍ਰਤੀ ਲਾਇਬ੍ਰੇਰੀ ਵਿੱਚ ਹੈ।

## ਆਪਣੇ ਕੇਸ ਦੀ ਜਾਂਚ ਕਰ ਰਹੇ ਸਟਾਫ਼ ਦੇ ਸੰਪਰਕ ਵਿੱਚ ਰਹਿਣਾ

- ਤੁਹਾਡੇ ਜੇਲ੍ਹ ਵਿੱਚ ਰਹਿਣ ਦੇ ਸਮੇਂ 'ਤੇ ਬਾਰਡਰ ਐਂਡ ਇਮੀਗ੍ਰੇਸ਼ਨ ਏਜੰਸੀ ਨਾਲ ਸੰਬੰਧਿਤ ਵਿਅਕਤੀ, ਤੁਹਾਡੇ ਨਾਲ ਸੰਪਰਕ ਵਿੱਚ ਰਹਿਣਗੇ। ਉਹ ਸ਼ਾਇਦ ਪਹਿਲਾਂ ਤੋਂ ਹੀ ਤੁਹਾਡੀ ਜੇਲ੍ਹ ਵਿੱਚ ਕੰਮ ਕਰ ਰਹੇ ਹੋ ਸਕਦੇ ਹਨ, ਜਾਂ ਫਿਰ ਉਹ ਜੇਲ੍ਹ ਵਿੱਚ ਤੁਹਾਨੂੰ ਮਿਲਣ ਲਈ ਆ ਸਕਦੇ ਹਨ।

- ਲੋੜ ਹੋਣ 'ਤੇ ਤੁਸੀਂ ਵੀ ਉਹਨਾਂ ਨਾਲ ਸੰਪਰਕ ਬਣਾ ਸਕਦੇ ਹੋ

- ਤੁਸੀਂ ਆਪਣੇ ਵਕੀਲ, ਜੇਲ੍ਹ ਦੇ ਕਿਸੇ ਅਧਿਕਾਰੀ, ਜਾਂ ਗਵਰਨਰ ਨੂੰ ਵੀ ਆਪਣੇ ਕੇਸ ਦੀ ਪੜਤਾਲ ਕਰ ਰਹੇ ਇਮੀਗ੍ਰੇਸ਼ਨ ਸਟਾਫ਼ ਨਾਲ ਸੰਪਰਕ ਬਣਾਉਣ ਲਈ ਨਿਵੇਦਨ ਕਰ ਸਕਦੇ ਹੋ।

## ਜਮਾਨਤ 'ਤੇ ਰਿਹਾ ਕੀਤੇ ਜਾਣ ਲਈ ਨਿਵੇਦਨ ਕਰਨਾ (ਇਸਦਾ ਅਰਥ ਹੈ ਜੇਲ੍ਹ ਤੋਂ ਰਿਹਾ ਕੀਤੇ ਜਾਣ ਲਈ ਨਿਵੇਦਨ ਕਰਨਾ ਜਦੋਂ ਕਿ ਤੁਹਾਡੇ ਕੇਸ ਦੀ ਪੜਤਾਲ ਚੱਲ ਰਹੀ ਹੋਵੇ)

- ਤੁਸੀਂ ਜਮਾਨਤ 'ਤੇ ਜੇਲ੍ਹ ਤੋਂ ਰਿਹਾ ਕਰ ਦਿੱਤੇ ਜਾਣ ਲਈ ਨਿਵੇਦਨ ਕਰਨ ਦੇ ਯੋਗ ਹੋ ਸਕਦੇ ਹੋ

- ਜਮਾਨਤ 'ਤੇ ਜੇਲ੍ਹ ਤੋਂ ਰਿਹਾ ਕੀਤੇ ਜਾਣ ਲਈ ਨਿਵੇਦਨ ਕਰਨ ਲਈ ਤੁਹਾਨੂੰ **IS 91R** ਅਖਵਾਉਂਦਾ ਇੱਕ ਫ਼ਾਰਮ ਭਰਨਾ ਪੈਂਦਾ ਹੈ।

- ਫ਼ਾਰਮ 'ਤੇ ਜਮਾਨਤ 'ਤੇ ਰਿਹਾ ਕੀਤੇ ਜਾਣ ਸੰਬੰਧੀ ਵਧੇਰੇ ਜਾਣਕਾਰੀ ਦਿੱਤੀ ਗਈ ਹੁੰਦੀ ਹੈ।

- ਤੁਸੀਂ ਜਮਾਨਤ ਮੰਗਣ ਲਈ ਇਹਨਾਂ ਤੋਂ ਮਦਦ ਲੈ ਸਕਦੇ ਹੋ।

    - ਇਮੀਗ੍ਰੇਸ਼ਨ ਅਡਵਾਈਜ਼ਰੀ ਸਰਵਿਸ ਨਾਮ ਦਾ ਇੱਕ ਸਮੂਹ **(ਉਹਨਾਂ ਬਾਰੇ ਜਾਣਕਾਰੀ ਪੰਨਾ 20 'ਤੇ ਦਿੱਤੀ ਗਈ ਹੈ)**

    - ਤੁਹਾਡੀ ਜੇਲ੍ਹ ਵਿੱਚ ਕੰਮ ਕਰਨ ਜਾਂ ਉੱਥੇ ਆਉਣ ਵਾਲਾ ਇਮੀਗ੍ਰੇਸ਼ਨ ਸਟਾਫ਼

    - ਤੁਹਾਡਾ ਵਕੀਲ ਜਾਂ ਜੇਲ੍ਹ ਦਾ ਸਟਾਫ਼ ਉਹ ਤੁਹਾਡੇ ਕੇਸ ਦੀ ਪੜਤਾਲ ਕਰ ਰਹੇ ਇਮੀਗ੍ਰੇਸ਼ਨ ਸਟਾਫ਼ ਨਾਲ ਸੰਪਰਕ ਬਣਾ ਸਕਦੇ ਹਨ।

## ਉਹ ਵਿਅਕਤੀ ਜੋ ਤੁਹਾਡੀ ਮਦਦ ਕਰ ਸਕਦੇ ਹਨ

**1.** **ਇਮੀਗ੍ਰੇਸ਼ਨ ਅਡਵਾਈਜ਼ਰੀ ਸਰਵਿਸ (ਪ੍ਰਵਾਸ ਸਲਾਹਕਾਰੀ ਸੇਵਾ)**

ਇਹ ਵਿਅਕਤੀ ਪ੍ਰਵਾਸ ਸੰਬੰਧੀ ਕੈਦੀਆਂ ਨੂੰ ਮੁਫ਼ਤ ਸਲਾਹ ਅਤੇ ਮਦਦ ਦਿੰਦੇ ਹਨ।

Immigration Advisory Service
Head Office
3rd Floor
County House
190 Great Dover Street
London
SE1 4YB

ਆਮ ਟੈਲੀਫ਼ੋਨ 0207 967 1200

ਹੈਲਪਲਾਈਨ 0207 967 1299 (ਕੰਮਕਾਜੀ ਸਮੇਂ ਦੌਰਾਨ)

ਫ਼ੈਕਸ 0207 403 5875

**2.** **ਨਜ਼ਰਬੰਦੀ ਸਲਾਹ ਸੇਵਾ**

ਇਹ ਵਿਅਕਤੀ ਤੁਹਾਨੂੰ, ਇੱਕ ਇਮੀਗ੍ਰੇਸ਼ਨ ਨਜ਼ਰਬੰਦ ਵਜੋਂ ਕੀਤੇ ਜਾਣ ਵਾਲੇ ਕੰਮਾਂ ਬਾਰੇ ਸਲਾਹ ਅਤੇ ਮਦਦ ਦੇ ਸਕਦੇ ਹਨ। ਉਹ ਕਿਸੇ ਵਕੀਲ ਨੂੰ ਮਿਲਣ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ ਅਤੇ ਉਹ ਅਕਸਰ ਜੇਲ੍ਹਾਂ ਵਿੱਚ ਜਾਂਦੇ ਹਨ।

Detention Advice Service
Unit B3
62 Beechwood Road
London
E8 3DY

ਟੈਲੀਫ਼ੋਨ 0207 254 6888

ਫ਼ੈਕਸ 020 7254 8555

**3.** **ਜਵਾਇੰਟ ਕਾਉਂਸਿਲ ਫ਼ਾਰ ਦਿ ਵੈਲਫੇਅਰ ਆਫ਼ ਇੰਮੀਗ੍ਰੇਂਟਸ - JCWI (ਪ੍ਰਵਾਸੀਆਂ ਦੀ ਭਲਾਈ ਲਈ ਸੰਯੁਕਤ ਸਭਾ)**

ਇਹ ਵਿਅਕਤੀ ਪ੍ਰਵਾਸ ਸੰਬੰਧੀ ਕੈਦੀਆਂ ਨੂੰ ਮਦਦ, ਜਾਣਕਾਰੀ ਅਤੇ ਸਲਾਹ ਦਿੰਦੇ ਹਨ।

Joint Council for the Welfare of Immigrants
115 Old Street
London
EC1 9RT

ਟੈਲੀਫ਼ੋਨ 020 7251 8706

ਫ਼ੈਕਸ 0207 251 8707

**ਜੇਕਰ ਤੁਸੀਂ ਇੱਕ ਸ਼ਰਣ ਮੰਗਣ ਵਾਲੇ ਹੋ (ਕੋਈ ਅਜਿਹਾ ਵਿਅਕਤੀ ਜਿਸ ਨੇ ਆਪਣੀ ਜ਼ਿੰਦਗੀ ਨੂੰ ਖ਼ਤਰਾ ਹੋਣ ਕਰਕੇ ਆਪਣਾ ਖ਼ੁਦ ਦਾ ਦੇਸ਼ ਛੱਡ ਦਿੱਤਾ ਹੈ ਅਤੇ ਇਹ ਪਤਾ ਲੱਗਣ ਦੀ ਉਡੀਕ ਵਿੱਚ ਹੈ ਕਿ ਕੀ ਉਹ ਯੂਨਾਈਟਿਡ ਕਿੰਗਡਮ ਵਿੱਚ ਰਹਿ ਸਕਦਾ ਹੈ) ਤਾਂ ਇਸ ਨਾਲ ਸੰਪਰਕ ਬਣਾਓ**

**4.** **ਰਿਫਿਊਜ਼ੀ ਲੀਗਲ ਸੈਂਟਰ (RLC)**

Refugee Legal Centre
Nelson House
153-157 Commercial Road
London
E1 2DA

ਟੈਲੀਫ਼ੋਨ 0207 780 3200

ਫ਼ੈਕਸ 0207 780 3201

ਤੁਸੀਂ ਇਹਨਾਂ ਨੰਬਰਾਂ 'ਤੇ ਫ਼ੋਨ ਵੀ ਕਰ ਸਕਦੇ ਹੋ

1. ਫ਼੍ਰੀਫ਼ੋਨ ਨੰਬਰ 0800 592 3333 ਜਾਂ 0207 780 3333
ਤੁਸੀਂ ਇਸ ਨੰਬਰ 'ਤੇ ਸੋਮਵਾਰ, ਬੁੱਧਵਾਰ ਅਤੇ ਸ਼ੁੱਕਰਵਾਰ ਨੂੰ ਸਵੇਰੇ 10.30 ਤੋਂ ਬਾਅਦ ਦੁਪਹਿਰ 1.00 ਵਜੇ ਤਕ ਅਤੇ ਬਾਅਦ ਦੁਪਹਿਰ 2.00 ਵਜੇ ਤੋਂ ਬਾਅਦ ਦੁਪਹਿਰ 4.30 ਵਜੇ ਤਕ ਫ਼ੋਨ ਕਰ ਸਕਦੇ ਹੋ।

2. ਜੇਕਰ ਤੁਹਾਨੂੰ ਕਿਸੇ **ਐਮਰਜੈਂਸੀ** ਵਿੱਚ ਬਹੁਤ ਤੇਜ਼ੀ ਨਾਲ ਕਿਸੇ ਨਾਲ ਗੱਲ ਕਰਨ ਦੀ ਲੋੜ ਹੋਵੇ ਤਾਂ ਤੁਸੀਂ 07831 598057 'ਤੇ ਫ਼ੋਨ ਕਰ ਸਕਦੇ ਹੋ
ਤੁਸੀਂ ਇਸ ਨੰਬਰ 'ਤੇ ਹਫ਼ਤੇ ਦੇ ਦਿਨਾਂ ਦੌਰਾਨ ਅਤੇ ਵੀਕਏਂਡ ਨੂੰ ਸ਼ਾਮ 6 ਵਜੇ ਤੋਂ ਸਵੇਰੇ 8.00 ਵਜੇ ਤਕ ਫ਼ੋਨ ਕਰ ਸਕਦੇ ਹੋ।

# ਤੁਹਾਡਾ ਦੋਸ਼ ਸਿੱਧ ਹੋਣ ਜਾਂ ਤੁਹਾਡੀ ਸਜ਼ਾਂ ਦੇ ਵਿਰੁੱਧ ਅਪੀਲ ਕਰਨੀ

## ਲਾਹੇਵੰਦ ਸ਼ਬਦ

**ਤੁਹਾਡਾ ਦੋਸ਼ ਸਿੱਧ ਹੋਣਾਂ** ਜਦੋਂ ਅਦਾਲਤ ਨੇ ਫ਼ੈਸਲਾ ਦਿੱਤਾ ਕਿ ਤੁਸੀਂ ਅਪਰਾਧ ਕਰਨ ਦੇ ਦੋਸ਼ੀ ਸੀ।

**ਤੁਹਾਡੀ ਸਜ਼ਾਂ** ਅਦਾਲਤ ਦੇ ਅਨੁਸਾਰ ਤੁਹਾਡੇ ਨਾਲ ਕੀ ਹੋਣਾ ਚਾਹੀਦਾ ਹੈ ਕਿਉਂਕਿ ਤੁਹਾਡੇ 'ਤੇ ਦੋਸ਼ ਸਿੱਧ ਹੋ ਗਏ ਹਨ।

**ਇੱਕ ਅਪੀਲ ਕਰਨਾਂ** ਜਦੋਂ ਤੁਸੀਂ ਤੁਹਾਨੂੰ ਦੋਸ਼ੀ ਠਹਿਰਾਏ ਜਾਣ ਜਾਂ ਤੁਹਾਨੂੰ ਸਜ਼ਾ ਸੁਣਾਏ ਜਾਣ ਬਾਰੇ ਅਦਾਲਤ ਦੁਆਰਾ ਦਿੱਤੇ ਗਏ ਫ਼ੈਸਲੇ ਨੂੰ ਬਦਲਣ ਦੀ ਕੋਸ਼ਿਸ਼ ਕਰਦੇ ਹੋ।

ਤੁਸੀਂ ਆਪਣੇ 'ਤੇ **ਦੋਸ਼ ਸਿੱਧ ਹੋਣ**, ਅਤੇ ਤੁਹਾਨੂੰ ਸੁਣਾਈ ਗਈ **ਸਜ਼ਾ** ਦੋਵਾਂ ਬਾਰੇ ਦਿੱਤੇ ਗਏ ਫ਼ੈਸਲੇ ਨੂੰ ਬਦਲਣ ਦੀ ਕੋਸ਼ਿਸ਼ ਕਰ ਸਕਦੇ ਹੋ। ਇਸਨੂੰ ਇੱਕ ਅਪੀਲ ਕਿਹਾ ਜਾਂਦਾ ਹੈ। ਤੁਹਾਡਾ ਵਕੀਲ ਤੁਹਾਨੂੰ ਇਸ ਬਾਰੇ ਸਲਾਹ ਦੇ ਸਕੇਗਾ ਕਿ ਕੀ ਤੁਸੀਂ ਅਪੀਲ ਕਰ ਸਕਦੇ ਹੋ ਅਤੇ ਤੁਸੀਂ ਕਿਸ ਚੀਜ਼ ਬਾਰੇ ਅਪੀਲ ਕਰ ਸਕਦੇ ਹੋ।

## ਮੁੱਖ ਗੱਲਾਂ

- ਅਪੀਲ ਕਰਨ ਦਾ ਫ਼ੈਸਲਾ ਕਰਨ ਤੋਂ ਪਹਿਲਾਂ ਧਿਆਨ ਨਾਲ ਸੋਚ ਵਿਚਾਰ ਕਰੋ। ਕਈ ਵਾਰ ਜੇਕਰ ਅਪੀਲ ਸਫਲ ਨਹੀਂ ਹੁੰਦੀ, ਤਾਂ ਅਦਾਲਤ ਸ਼ਾਇਦ ਇਹ ਫ਼ੈਸਲਾ ਦੇ ਸਕਦੀ ਹੈ ਕਿ ਤੁਹਾਡੇ ਦੁਆਰਾ ਆਪਣੀ ਅਪੀਲ ਤਿਆਰ ਕਰਨ ਲਈ ਜੇਲ੍ਹ ਵਿੱਚ ਬਿਤਾਇਆ ਗਿਆ ਸਮਾਂ, ਤੁਹਾਡੀ ਸਜ਼ਾ ਤੋਂ ਇਲਾਵਾ ਹੋਵੇਗਾ।
- ਯਕੀਨੀ ਬਣਾਓ ਕਿ ਤੁਸੀਂ ਕੋਈ ਵੀ ਫ਼ੈਸਲਾ ਲੈਣ ਤੋਂ ਪਹਿਲਾਂ ਆਪਣੇ ਵਕੀਲ ਜਾਂ ਬੈਰਿਸਟਰ ਕੋਲੋਂ ਸਲਾਹ ਲੈਂਦੇ ਹੋ।
- ਤੁਹਾਨੂੰ ਸ਼ਾਇਦ ਆਪਣੀ ਅਪੀਲ ਤੇਜ਼ੀ ਨਾਲ ਦਾਖ਼ਲ ਕਰਨੀ ਪੈ ਸਕਦੀ ਹੈ। ਆਮ ਤੌਰ 'ਤੇ ਦੋਸ਼ ਸਿੱਧ ਹੋਣ ਜਾਂ ਸਜ਼ਾ ਸੁਣਾਏ ਜਾਣ ਤੋਂ 28 ਦਿਨਾਂ ਅੰਦਰ। ਤੁਸੀਂ ਸ਼ਾਇਦ ਇਸ ਸਮੇਂ ਤੋਂ ਬਾਅਦ ਵੀ ਅਪੀਲ ਕਰ ਸਕਦੇ ਹੋ। ਆਪਣੇ ਵਕੀਲ ਤੋਂ ਸਲਾਹ ਮੰਗੋ।
- ਜੇਲ੍ਹ ਵਿੱਚ ਕਾਨੂੰਨੀ ਸੇਵਾਵਾਂ ਅਧਿਕਾਰੀ ਅਖਵਾਉਂਦੇ ਕਿਸੇ ਵਿਅਕਤੀ ਨਾਲ ਗੱਲ ਕਰਵਾਉਣ ਲਈ ਨਿਵੇਦਨ ਕਰੋ। ਉਹ ਇਹ ਗੱਲ ਸਮਝਾਉਣ ਵਿੱਚ ਮਦਦ ਕਰ ਸਕਦਾ ਹੈ ਕਿ ਅਪੀਲ ਕਿਵੇਂ ਕਰਨੀ ਹੈ।
- ਜੇਕਰ ਤੁਸੀਂ ਕੋਈ ਅਪੀਲ ਦਾਇਰ ਕਰਦੇ ਹੋ, ਤਾਂ ਤੁਹਾਨੂੰ ਇਸ ਲਈ ਭੁਗਤਾਨ ਕਰਨ ਲਈ ਧਨ ਪ੍ਰਾਪਤ ਕਰਨ ਦੀ ਲੋੜ ਹੋਵੇਗੀ। ਤੁਸੀਂ ਕਾਨੂੰਨੀ ਸੇਵਾਵਾਂ ਲਈ ਫੰਡ ਅਖਵਾਉਣ ਵਾਲਾ ਧਨ ਪ੍ਰਾਪਤ ਕਰਨ ਲਈ ਆਵੇਦਨ ਕਰ ਸਕਦੇ ਹੋ।

# ਅਪੀਲ ਕਿਵੇਂ ਕਰਨੀ ਹੈ

**1.** ਆਪਣੇ ਵਕੀਲ ਜਾਂ ਕਾਨੂੰਨੀ ਸਲਾਹਕਾਰ ਨਾਲ ਗੱਲ ਕਰੋ। ਜੇਕਰ ਤੁਹਾਨੂੰ ਅਦਾਲਤ ਵਿੱਚ ਉਹਨਾਂ ਨਾਲ ਗੱਲਬਾਤ ਕਰਨ ਦਾ ਮੌਕਾ ਨਹੀਂ ਮਿਲਿਆ ਤਾਂ ਗਵਰਨਰ ਨੂੰ ਪੁੱਛੋ ਕਿ ਕੀ ਤੁਸੀਂ ਕਿਸੇ ਮੁਲਾਕਾਤ 'ਤੇ ਉਸ ਨੂੰ ਮਿਲ ਸਕਦੇ ਹੋ।

ਤੁਹਾਡਾ ਵਕੀਲ ਜਾਂ ਕਾਨੂੰਨੀ ਸਲਾਹਕਾਰ ਇਹ ਕੰਮ ਕਰੇਗਾਂ

- ਤੁਹਾਨੂੰ ਦੱਸ ਦੇਵੇਗਾ ਕਿ ਉਸ ਦੇ ਵਿਚਾਰ ਵਿੱਚ ਅਪੀਲ ਦੇ ਮੰਨੇ ਜਾਣ ਦੀਆਂ ਕਿੰਨੀਆਂ ਕੁ ਸੰਭਾਵਨਾਵਾਂ ਹਨ।
- ਜੇ ਤੁਸੀਂ ਅਪੀਲ ਕਰਨ ਦਾ ਫ਼ੈਸਲਾ ਕਰਦੇ ਹੋ, ਤਾਂ ਉਹ ਫ਼ਾਰਮ ਭਰ ਦੇਵੇਗਾ।

**2**. ਕਾਨੂੰਨੀ ਸੇਵਾਵਾਂ ਅਧਿਕਾਰੀ ਨਾਲ ਗੱਲ ਕਰਵਾਉਣ ਲਈ ਨਿਵੇਦਨ ਕਰੋ। ਉਹ ਦੱਸ ਸਕਦਾ ਹੈ ਕਿ ਕੋਈ ਅਪੀਲ ਕਿਵੇਂ ਕਰਨੀ ਹੈ।

**3**. ਕਾਨੂੰਨੀ ਸੇਵਾਵਾਂ ਅਧਿਕਾਰੀ ਤੁਹਾਨੂੰ ਦੱਸ ਸਕਦਾ ਹੈ ਕਿ ਕਿਹੜੇ ਫ਼ਾਰਮ ਭਰਨੇ ਹਨ ਅਤੇ ਉਹਨਾਂ ਨੂੰ ਕਿੱਥੇ ਭੇਜਣਾ ਚਾਹੀਦਾ ਹੈ। ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਹਾਡੇ 'ਤੇ ਮੁਕੱਦਮਾ ਕਿਸੇ ਕਰਾਉਨ ਕੋਰਟ ਵਿੱਚ ਚਲਾਇਆ ਗਿਆ ਸੀ ਜਾਂ ਮੈਜਿਸਟ੍ਰੇਟਾਂ ਦੀ ਕਿਸੇ ਅਦਾਲਤ ਵਿੱਚ।

**4**. ਜੇਕਰ ਤੁਹਾਡੀ ਅਪੀਲ ਅੱਗੇ ਜਾ ਸਕਦੀ ਹੈ, ਤਾਂ ਅਪੀਲ ਲਈ ਭੁਗਤਾਨ ਕਰਨ ਲਈ ਪੈਸੇ ਹਾਸਲ ਕਰਨ ਲਈ ਆਵੇਦਨ ਕਰੋ। ਜਿਸ ਪੈਸੇ ਲਈ ਤੁਹਾਨੂੰ ਆਵੇਦਨ ਕਰਨਾ ਪੈਂਦਾ ਹੈ, ਉਸਨੂੰ **ਲੀਗਲ ਸਰਵਿਸਜ਼ ਫ਼ੰਡਿੰਗ (ਕਾਨੂੰਨੀ ਸੇਵਾਵਾਂ ਸੰਬੰਧੀ ਫ਼ੰਡ)** ਕਿਹਾ ਜਾਂਦਾ ਹੈ।

ਕਾਨੂੰਨੀ ਸੇਵਾਵਾਂ ਸੰਬੰਧੀ ਫੰਡ (ਪੈਸਾ) ਜੋ ਤੁਹਾਡੇ ਮੁਕੱਦਮੇ ਲਈ ਅਦਾਇਗੀ ਕਰਦਾ ਹੈ, ਤੁਹਾਨੂੰ ਅਸਲ ਵਿੱਚ ਅਪੀਲ ਕਰਨ ਦੀ ਆਗਿਆ ਨਾ ਦੇਕੇ ਸਿਰਫ਼ ਇਸ ਬਾਰੇ ਸਲਾਹ ਲੈਣ ਦੀ ਆਗਿਆ ਦਿੰਦਾ ਹੈ ਕਿ ਅਪੀਲ ਕਿਵੇਂ ਕਰਨੀ ਹੈ।

## ਕੀ ਕਰਨਾ ਹੈ ਜੇ...

**ਤੁਸੀਂ ਆਪਣਾ ਵਕੀਲ ਜਾਂ ਕਾਨੂੰਨੀ ਸਲਾਹਕਾਰ ਬਦਲਣਾ ਚਾਹੁੰਦੇ ਹੋ।**

- ਆਪਣੇ ਮੌਜੂਦਾ ਵਕੀਲ ਜਾਂ ਕਾਨੂੰਨੀ ਸਲਾਹਕਾਰ ਨਾਲ ਗੱਲ ਕਰਕੇ ਉਹਨਾਂ ਨੂੰ ਦੱਸੋ ਕਿ ਤੁਸੀਂ ਉਸਨੂੰ ਕਿਉਂ ਬਦਲਣਾ ਚਾਹੁੰਦੇ ਹੋ ਉਹ ਜੱਜ ਨੂੰ ਪੁੱਛੇਗਾ ਕਿ ਕੀ ਬਦਲਣਾ ਤੁਹਾਡੇ ਲਈ ਠੀਕ ਰਹੇਗਾ।
- ਜਾਂ ਫਿਰ ਤੁਸੀਂ ਆਪਣੀ ਪਸੰਦ ਦੇ ਕਿਸੇ ਵਕੀਲ ਜਾਂ ਕਾਨੂੰਨੀ ਸਲਾਹਕਾਰ ਨੂੰ ਮਿਲਣ ਲਈ ਭੁਗਤਾਨ ਕਰ ਸਕਦੇ ਹੋ।

**ਤੁਸੀਂ ਆਪਣੀ ਅਪੀਲ ਦਾਇਰ ਕੀਤੇ ਜਾਣ ਦੀ ਉਡੀਕ ਕਰਦੇ ਸਮੇਂ ਜਮਾਨਤ 'ਤੇ ਰਿਹਾ ਹੋਣਾ ਚਾਹੁੰਦੇ ਹੋ?**

- ਤੁਹਾਨੂੰ **ਫ਼ਾਰਮ ਬੀ** ਅਖਵਾਉਂਦਾ ਇੱਕ ਫ਼ਾਰਮ ਭਰ ਕੇ ਇਸਨੂੰ ਕੋਰਟ ਆਫ਼ ਅਪੀਲ ਨੂੰ ਭੇਜਣਾ ਪਵੇਗਾ।

## ਜੇਕਰ ਤੁਹਾਡੀ ਅਪੀਲ ਠੁਕਰਾ ਦਿੱਤੀ ਜਾਂਦੀ ਹੈ (ਇਸਦਾ ਅਰਥ ਹੈ ਕਿ ਇਹ ਸਫਲ ਨਹੀਂ ਹੁੰਦੀ)

- ਤੁਸੀਂ **ਕ੍ਰਿਮੀਨਲ ਕੇਸਿਜ਼ ਰਿਵਿਊ ਕਮਿਸ਼ਨ (ਅਪਰਾਧਿਕ ਮਾਮਲੇ ਸਮੀਖਿਆ ਆਯੋਗ)** ਅਖਵਾਉਣ ਵਾਲੇ ਵਿਅਕਤੀਆਂ ਦੇ ਇੱਕ ਸਮੂਹ ਨੂੰ ਆਪਣੇ ਕੇਸ ਦੀ ਪੈਰਵੀ ਕਰਨ ਲਈ ਨਿਵੇਦਨ ਕਰ ਸਕਦੇ ਹੋ।

- ਉਹ ਕੇਸਾਂ 'ਤੇ ਨਜ਼ਰਸਾਨੀ ਕਰ ਸਕਦੇ ਹਨ ਜਿੱਥੇ ਉਹਨਾਂ ਦੇ ਵਿਚਾਰ ਵਿੱਚ ਕੋਈ ਗਲਤੀ ਕੀਤੀ ਗਈ ਹੋਵੇ। ਤਦ ਉਹ ਕੇਸ ਨੂੰ ਵਾਪਸ ਕੋਰਟ ਆਫ਼ ਅਪੀਲ ਵੱਲ ਭੇਜ ਸਕਦੇ ਹਨ।

- ਤੁਹਾਨੂੰ ਉਹਨਾਂ ਨੂੰ **ਨਵੀਂ ਜਾਣਕਾਰੀ ਜਾਂ ਸਬੂਤ** ਦਿਖਾਉਣਾ ਪਵੇਗਾ ਜਿਸ ਬਾਰੇ ਮੁਕੱਦਮੇ ਵਿੱਚ ਜਾਂ ਅਪੀਲ ਦੇ ਦੌਰਾਨ ਗੱਲ ਨਹੀਂ ਕੀਤੀ ਗਈ ਸੀ।

- ਤੁਸੀਂ ਸ਼ਾਇਦ ਕਿਸੇ ਵਕੀਲ ਤੋਂ ਮਦਦ ਲੈ ਸਕੋਗੇ।

- ਤੁਸੀਂ ਸ਼ਾਇਦ ਆਪਣੀ ਮਦਦ ਲਈ ਲੀਗਲ ਸਰਵਿਸਿਜ਼ ਫ਼ੰਡਿੰਗ ਲੈ ਸਕੋਗੇ। ਇਸ ਪੈਸੇ ਨੂੰ ਮੰਗਣ ਲਈ ਤੁਹਾਨੂੰ **CDS1** ਅਤੇ **CDS1** ਨਾਮ ਦੇ ਫ਼ਾਰਮ ਭਰਨ ਦੀ ਲੋੜ ਹੋਵੇਗੀ।

- ਜੇਲ ਪ੍ਰਬੰਧਨ ਨਿਯਮਾਵਲੀ 4400, ਅਧਿਆਇ 3 ਵਿੱਚ ਇਸ ਬਾਰੇ ਵਧੇਰੇ ਜਾਣਕਾਰੀ ਦਿੱਤੀ ਗਈ ਹੈ। ਤੁਹਾਨੂੰ ਜੇਲ੍ਹ ਦੀ ਲਾਇਬ੍ਰੇਰੀ ਤੋਂ ਇਸਦੀ ਕਾਪੀ ਮਿਲ ਸਕਦੀ ਹੈ।

# ਹਿਸਾਬ ਲਗਾਉਣਾ ਕਿ ਤੁਸੀਂ ਕਿੰਨੀ ਦੇਰ ਤਕ ਜੇਲ੍ਹ ਵਿੱਚ ਰਹੋਗੇ

**ਮੁੱਖ ਗੱਲਾਂ**

- ਕੋਰਟ ਫ਼ੈਸਲਾ ਕਰਦੀ ਹੈ ਕਿ ਤੁਹਾਡੀ ਸਜ਼ਾ ਕਿੰਨੀ ਲੰਮੀ ਹੋਵੇਗੀ, ਪਰ ਇਸਦਾ ਹਿਸਾਬ ਲਗਾਉਣ ਵਿੱਚ ਸਮਾਂ ਲੱਗਦਾ ਹੈ।
- ਜਦੋਂ ਤੁਸੀਂ ਜੇਲ੍ਹ ਪਹੁੰਚੋਗੇ ਤਾਂ ਤੁਹਾਨੂੰ ਦੱਸਿਆ ਜਾਵੇਗਾ ਕਿ ਤੁਹਾਡੀ ਸਜ਼ਾ ਕਦੋਂ ਖ਼ਤਮ ਹੋਵੇਗੀ। ਜੇ ਜੇਲ੍ਹ ਇਸ ਬਾਰੇ ਜਾਣਕਾਰੀ ਦੀ ਉਡੀਕ ਕਰ ਰਹੀ ਹੈ ਕਿ ਤੁਹਾਡੀ ਸਜ਼ਾ ਕਦੋਂ ਤਕ ਹੋਵੇਗੀ, ਤਾਂ ਸ਼ਾਇਦ ਤੁਹਾਨੂੰ ਦੱਸਿਆ ਜਾ ਸਕਦਾ ਹੈ ਕਿ ਜਾਣਕਾਰੀ **ਅਸਥਾਈ** ਹੈ। ਇਸਦਾ ਅਰਥ ਹੈ ਕਿ ਇਹ ਬਦਲ ਸਕਦੀ ਹੈ।
- ਜੇ ਤੁਸੀਂ ਜੇਲ੍ਹ ਦੇ ਨਿਯਮ ਤੋੜਦੇ ਹੋ ਤਾਂ ਤੁਹਾਨੂੰ ਜੇਲ੍ਹ ਵਿੱਚ ਵਾਧੂ ਦਿਨ ਬਿਤਾਉਣੇ ਪੈ ਸਕਦੇ ਹਨ। ਇਹ ਤੁਹਾਡੀ ਸਜ਼ਾ ਦਾ ਹਿੱਸਾ ਨਹੀਂ ਹੁੰਦਾ ਹੈ। **ਵਧੇਰੇ ਜਾਣਕਾਰੀ ਲਈ ਪੰਨਾ 83 ਦੇਖੋ।**
- ਜੇ ਤੁਹਾਨੂੰ ਆਪਣੀ ਜੇਲ੍ਹ ਦੀ ਸਜ਼ਾ ਸਮਝਣ ਵਿੱਚ ਮਦਦ ਦੀ ਲੋੜ ਹੋਵੇ ਤਾਂ ਆਪਣੇ ਪਰਸਨਲ ਆਫ਼ਿਸਰ ਜਾਂ ਜੇਲ੍ਹ ਸਟਾਫ਼ ਦੇ ਕਿਸੇ ਹੋਰ ਮੈਂਬਰ ਨਾਲ ਗੱਲ ਕਰੋ।

## ਤੁਹਾਡੀ ਸਜ਼ਾ ਬਾਰੇ - ਇਸ ਵਿੱਚ ਜਨਤਾ ਦੀ ਰੱਖਿਆ ਵਾਲੇ ਕੈਦੀਆਂ ਲਈ ਜੀਵਨ ਜਾਂ ਅਸਪਸ਼ਟ ਸਜ਼ਾ ਸ਼ਾਮਲ ਨਹੀਂ ਹੁੰਦੀ।

**ਤੁਹਾਡੀ ਸਜ਼ਾ ਦਾ ਹਿਸਾਬ ਇਹਨਾਂ ਗੱਲਾਂ ਨੂੰ ਦੇਖ ਕੇ ਲਗਾਇਆ ਜਾਂਦਾ ਹੈ**

- ਉਹ ਤਾਰੀਖ਼ ਜਿਸ ਦਿਨ ਤੁਹਾਨੂੰ ਸਜ਼ਾ ਸੁਣਾਈ ਗਈ ਸੀ
- ਤੁਹਾਡੀ ਸਜ਼ਾ ਦੀ ਮਿਆਦ
- ਤੁਹਾਡੇ ਦੁਆਰਾ ਅਪਰਾਧ ਕੀਤੇ ਜਾਣ ਦੀ ਮਿਤੀ
- ਜੇਲ੍ਹ ਪ੍ਰਬੰਧਨ ਤੁਹਾਡੇ ਦੁਆਰਾ ਅਪਰਾਧ ਲਈ ਰਿਮਾਂਡ 'ਤੇ ਜੇਲ੍ਹ ਵਿੱਚ ਬਿਤਾਏ ਗਏ ਕਿਸੇ ਸਮੇਂ ਨੂੰ ਧਿਆਨ ਵਿੱਚ ਰੱਖੇਗਾ ਜੇਕਰ ਇਹ 4 ਅਪ੍ਰੈਲ 2005 ਤੋਂ ਪਹਿਲਾਂ ਕੀਤਾ ਗਿਆ ਸੀ।
- ਜੇਕਰ ਤੁਹਾਡਾ ਅਪਰਾਧ 4 ਅਪ੍ਰੈਲ 2005 ਤੋਂ ਬਾਅਦ ਕੀਤਾ ਗਿਆ ਸੀ ਤਾਂ ਅਦਾਲਤ ਸ਼ਾਇਦ ਜੇਲ੍ਹ ਨੂੰ ਤੁਹਾਡੇ ਦੁਆਰਾ ਰਿਮਾਂਡ 'ਤੇ ਬਿਤਾਏ ਗਏ ਸਮੇਂ ਨੂੰ ਗਿਣਨ ਲਈ ਕਹਿ ਸਕਦੀ ਹੈ।

## ਤੁਸੀਂ ਜੇਲ੍ਹ ਵਿੱਚ ਕਿੰਨ੍ਹਾ ਸਮਾਂ ਬਿਤਾਓਗੇ?

ਇਹ ਅਪਰਾਧ ਕੀਤੇ ਜਾਣ ਦੀ ਮਿਤੀ 'ਤੇ ਨਿਰਭਰ ਕਰੇਗਾ। ਪੰਨਾ **145** 'ਤੇ ਸ਼ੁਰੂਆਤ ਵਿੱਚ ਵਾਧੂ ਜਾਣਕਾਰੀ ਦਿੱਤੀ ਗਈ ਹੈ।

### 12 ਮਹੀਨਿਆਂ ਤਕ ਦੀਆਂ ਬਾਲਗ ਸਜ਼ਾਵਾਂ

- ਤੁਹਾਡੀ ਰਿਹਾਈ ਬਿਨਾਂ ਸ਼ਰਤ ਹੋਵੇਗੀ (AUR)
- ਤੁਹਾਡੀ ਨਿਗਰਾਨੀ ਕਿਸੇ ਅਪਰਾਧ ਪ੍ਰਬੰਧਕ (ਓਫੈਂਡਰ ਮੈਨੇਜਰ) ਦੁਆਰਾ ਨਹੀਂ ਕੀਤੀ ਜਾਵੇਗੀ।
- ਤੁਹਾਨੂੰ ਨੋਟਿਸ ਅਖਵਾਉਣ ਵਾਲੀ ਜਾਣਕਾਰੀ ਦਿੱਤੀ ਜਾਵੇਗੀ ਇਸ ਨੋਟਿਸ ਵਿੱਚ ਇਸਦਾ ਅਰਥ ਸਮਝਾਇਆ ਜਾਵੇਗਾ ਅਤੇ ਤੁਹਾਨੂੰ ਇਸ 'ਤੇ ਦਸਤਖਤ ਕਰਨੇ ਪੈਣਗੇ।

### 4 ਅਪ੍ਰੈਲ 2005 ਤੋਂ ਪਹਿਲਾਂ ਕੀਤੇ ਗਏ ਅਪਰਾਧ

**ਜੇਕਰ ਤੁਹਾਡੀ ਸਜ਼ਾ ਦੀ ਮਿਆਦ 1 ਸਾਲ ਤੋਂ ਘੱਟ ਹੈ**

- ਤੁਹਾਨੂੰ ਬਿਨਾਂ ਲਾਇਸੈਂਸ, ਅੱਧ ਵਿਚਾਲੇ ਹੀ ਰਿਹਾ ਕਰ ਦਿੱਤਾ ਜਾਵੇਗਾ (ਜਦੋਂ ਤਕ ਕਿ ਤੁਹਾਡੀ ਉਮਰ 21 ਸਾਲ ਤੋਂ ਘੱਟ ਨਾ ਹੋਵੇ)

**ਜੇਕਰ ਤੁਹਾਡੀ ਸਜ਼ਾ ਦੀ ਮਿਆਦ 1 ਸਾਲ ਤੋਂ ਜ਼ਿਆਦਾ ਅਤੇ 4 ਸਾਲ ਤੋਂ ਘੱਟ ਹੈ**

- ਤੁਹਾਨੂੰ ਆਪਣੀ ਅੱਧੀ ਸਜ਼ਾ ਕੱਟ ਲੈਣ ਤੋਂ ਬਾਅਦ ਰਿਹਾ ਕਰ ਦਿੱਤਾ ਜਾਵੇਗਾ
- ਜਦੋਂ ਅਜਿਹਾ ਹੁੰਦਾ ਹੈ, ਤਾਂ ਤੁਹਾਨੂੰ ਪ੍ਰੋਬੇਸ਼ਨ ਵਿੱਚੋਂ ਕਿਸੇ ਵਿਅਕਤੀ ਨੂੰ ਮਿਲਣਾ ਪੈਂਦਾ ਹੈ ਜੋ ਇਹ ਯਕੀਨੀ ਬਣਾਏਗਾ ਕਿ ਤੁਸੀਂ ਆਪਣੇ ਲਾਇਸੈਂਸ ਵਿਚਲੇ ਨਿਯਮਾਂ ਦੀ ਪਾਲਣਾ ਕਰ ਰਹੇ ਹੋ।
- ਤੁਹਾਡਾ ਲਾਇਸੈਂਸ ਤੁਹਾਡੀ ਸਜ਼ਾ ਦੀ ਤਿੰਨ ਚੌਥਾਈ ਮਿਆਦ 'ਤੇ ਆ ਕੇ ਖ਼ਤਮ ਹੁੰਦਾ ਹੈ।

**ਜੇਕਰ ਤੁਹਾਡੀ ਸਜ਼ਾ ਦੀ ਮਿਆਦ 4 ਸਾਲ ਤੋਂ ਜ਼ਿਆਦਾ ਜਾਂ ਇਸ ਤੋਂ ਵੱਧ ਹੈ**

- ਤੁਸੀਂ ਆਪਣੀ ਅੱਧੀ ਸਜ਼ਾ ਕੱਟ ਲੈਣ 'ਤੇ ਪੈਰੋਲ 'ਤੇ ਛੱਡ ਦਿੱਤੇ ਜਾਣ ਲਈ ਨਿਵੇਦਨ ਕਰ ਸਕਦੇ ਹੋ
- ਜੇਕਰ ਤੁਹਾਨੂੰ ਪੈਰੋਲ ਮਿਲ ਜਾਂਦੀ ਹੈ ਤਾਂ ਪ੍ਰੋਬੇਸ਼ਨ ਸੇਵਾ ਵਿੱਚੋਂ ਕੋਈ ਵਿਅਕਤੀ ਤੁਹਾਡੀ ਰਿਹਾਈ ਤੋਂ ਬਾਅਦ ਤੁਹਾਡੀ 'ਤੇ ਨਜ਼ਰ ਰੱਖੇਗਾ।
- ਜੇਕਰ ਤੁਹਾਨੂੰ ਪੈਰੋਲ ਨਹੀਂ ਮਿਲਦੀ ਤਾਂ ਤੁਸੀਂ ਇਸ ਲਈ ਹਰ ਸਾਲ ਦੋਬਾਰਾ ਆਵੇਦਨ ਕਰ ਸਕਦੇ ਹੋ ਜਦੋਂ ਤਕ ਕਿ ਤੁਹਾਡੇ ਕੋਲ ਜੇਲ੍ਹ ਵਿੱਚ ਕੱਟਣ ਲਈ 13 ਮਹੀਨਿਆਂ ਤੋਂ ਘੱਟ ਦੀ ਕੈਦ ਦੀ ਸਜ਼ਾ ਬਾਕੀ ਨਹੀਂ ਰਹਿ ਜਾਂਦੀ
- ਜੇਕਰ ਤੁਹਾਨੂੰ ਬਿਲਕੁਲ ਹੀ ਪੈਰੋਲ ਨਹੀਂ ਮਿਲਦੀ, ਤਾਂ ਤੁਹਾਨੂੰ ਤੁਹਾਡੀ ਸਜ਼ਾ ਦੇ ਖਤਮ ਹੋਣ ਤੋਂ ਪਹਿਲਾਂ ਰਿਹਾ ਕਰ ਦਿੱਤਾ ਜਾਵੇਗਾ। ਤੁਹਾਨੂੰ ਰਿਹਾ ਕੀਤੇ ਜਾਣ ਦੀ ਮਿਤੀ ਨੂੰ ਤੁਹਾਡੀ ਗੈਰ-ਪੈਰੋਲ ਮਿਤੀ ਕਿਹਾ ਜਾਂਦਾ ਹੈ। ਤੁਹਾਨੂੰ ਪ੍ਰੋਬੇਸ਼ਨ ਸੇਵਾ ਵਿੱਚੋਂ ਕਿਸੇ ਵਿਅਕਤੀ ਨੂੰ ਮਿਲਣਾ ਪਵੇਗਾ ਜੋ ਕਿ ਤੁਹਾਡੇ ਨਾਲ ਕੰਮ ਕਰੇਗਾ ਅਤੇ ਦੇਖੇਗਾ ਕਿ ਤੁਸੀਂ ਆਪਣੇ ਲਾਇਸੈਂਸ ਵਿੱਚ ਦਿੱਤੇ ਨਿਯਮਾਂ ਦੀ ਪਾਲਣਾ ਕਰ ਰਹੇ ਹੋ।

## 4 ਅਪ੍ਰੈਲ 2005 ਤੋਂ ਪਹਿਲਾਂ ਕੀਤੇ ਗਏ ਅਪਰਾਧਾਂ ਬਾਰੇ ਹੋਰ

**ਵਧਾਈਆਂ ਗਈਆਂ ਸਜ਼ਾਵਾਂ**

- ਤੁਹਾਡੀ ਸਜ਼ਾ ਕਿਸੇ ਹਿੰਸਕ ਜਾਂ ਜਿਨਸੀ (ਸੈਕਸ ਸੰਬੰਧੀ) ਅਪਰਾਧ ਲਈ ਵਧਾਈ ਜਾ ਸਕਦੀ ਹੈ
- ਤੁਹਾਡੇ ਦੁਆਰਾ ਜੇਲ੍ਹ ਨੂੰ ਛੱਡਣ ਦੀ ਮਿਤੀ ਇਸ ਗੱਲ 'ਤੇ ਨਿਰਭਰ ਕਰੇਗੀ ਕਿ ਜੱਜ ਤੁਹਾਨੂੰ ਕਿੰਨੀ ਦੇਰ ਤਕ ਜੇਲ੍ਹ ਵਿੱਚ ਰੱਖਣ ਲਈ ਕਹਿੰਦਾ ਹੈ।
- ਜੇਕਰ ਤੁਹਾਨੂੰ ਪੈਰੋਲ ਮਿਲ ਜਾਂਦੀ ਹੈ ਤਾਂ ਤੁਹਾਨੂੰ ਲਾਇਸੈਂਸ 'ਤੇ ਵੀ ਸ਼ਾਇਦ ਵਧੇਰੇ ਲੰਮਾ ਸਮਾਂ ਬਿਤਾਉਣਾ ਪੈ ਸਕਦਾ ਹੈ।
- ਜੇਕਰ ਤੁਹਾਨੂੰ ਪੈਰੋਲ ਨਹੀਂ ਮਿਲਦੀ, ਤਾਂ ਤੁਸੀਂ ਇਸ ਲਈ ਹਰ ਸਾਲ ਦੋਬਾਰਾ ਆਵੇਦਨ ਕਰ ਸਕਦੇ ਹੋ
- ਜੇਕਰ ਨਹੀਂ, ਤਾਂ ਤੁਹਾਨੂੰ, ਤੁਹਾਡੀ ਸਜ਼ਾ ਦੇ ਖਤਮ ਹੋਣ ਤੋਂ ਪਹਿਲਾਂ ਰਿਹਾ ਕਰ ਦਿੱਤਾ ਜਾਵੇਗਾ। ਤੁਹਾਨੂੰ ਰਿਹਾ ਕੀਤੇ ਜਾਣ ਦੀ ਮਿਤੀ ਨੂੰ ਤੁਹਾਡੀ ਗੈਰ-ਪੈਰੋਲ ਮਿਤੀ ਕਿਹਾ ਜਾਂਦਾ ਹੈ। ਤੁਹਾਨੂੰ ਪ੍ਰੋਬੇਸ਼ਨ ਸੇਵਾ ਵਿੱਚੋਂ ਕਿਸੇ ਵਿਅਕਤੀ ਨੂੰ ਮਿਲਣਾ ਪਵੇਗਾ ਜੋ ਕਿ ਤੁਹਾਡੇ ਨਾਲ ਕੰਮ ਕਰੇਗਾ ਅਤੇ ਦੇਖੇਗਾ ਕਿ ਤੁਸੀਂ ਆਪਣੇ ਲਾਇਸੈਂਸ ਵਿੱਚ ਦਿੱਤੇ ਨਿਯਮਾਂ ਦੀ ਪਾਲਣਾ ਕਰ ਰਹੇ ਹੋ।

## 4 ਅਪ੍ਰੈਲ 2005 ਨੂੰ ਜਾਂ ਇਸ ਤੋਂ ਬਾਅਦ ਕੀਤੇ ਗਏ ਅਪਰਾਧ

**ਜੇਕਰ ਤੁਹਾਡੀ ਸਜ਼ਾ ਦੀ ਮਿਆਦ 1 ਸਾਲ ਤੋਂ ਜ਼ਿਆਦਾ ਪਰ 4 ਸਾਲ ਤੋਂ ਘੱਟ ਹੈ।**

- ਤੁਹਾਨੂੰ ਆਪਣੀ ਅੱਧੀ ਸਜ਼ਾ ਕੱਟ ਲੈਣ ਤੋਂ ਬਾਅਦ ਰਿਹਾ ਕਰ ਦਿੱਤਾ ਜਾਵੇਗਾ
- ਤੁਹਾਨੂੰ ਪ੍ਰੋਬੇਸ਼ਨ ਵਿੱਚੋਂ ਕਿਸੇ ਵਿਅਕਤੀ ਨੂੰ ਮਿਲਣਾ ਪਵੇਗਾ ਜੋ ਕਿ ਤੁਹਾਡੇ ਨਾਲ ਕੰਮ ਕਰਕੇ ਇਹ ਦੇਖੇਗਾ ਕਿ ਤੁਸੀਂ ਆਪਣੇ ਲਾਇਸੈਂਸ ਵਿੱਚ ਦਿੱਤੇ ਗਏ ਨਿਯਮਾਂ ਦੀ ਪਾਲਣਾ ਕਰ ਰਹੇ ਹੋ।

**ਵਧਾਈਆਂ ਗਈਆਂ ਸਜ਼ਾਵਾਂ**

- ਜੇਕਰ ਤੁਹਾਡੀ ਸਜ਼ਾ ਵਧਾਈ ਜਾਂਦੀ ਹੈ, ਤਾਂ ਤੁਹਾਨੂੰ ਪੈਰੋਲ ਲੈਣ ਲਈ **ਆਵੇਦਨ ਕਰਨਾ** ਪਵੇਗਾ। ਤੁਸੀਂ ਅਜਿਹਾ ਉਸ ਸਮੇਂ ਕਰ ਸਕਦੇ ਹੋ ਜਦੋਂ ਤੁਸੀਂ ਆਪਣੀ ਸਜ਼ਾ ਦਾ ਜੇਲ੍ਹ ਵਾਲਾ ਹਿੱਸਾ ਕੱਟ ਲਿਆ ਹੋਵੇ।
- ਜੇਕਰ ਤੁਹਾਨੂੰ ਪੈਰੋਲ ਨਹੀਂ ਮਿਲਦੀ, ਤਾਂ ਤੁਸੀਂ ਇਸ ਲਈ ਹਰ ਸਾਲ ਦੋਬਾਰਾ ਆਵੇਦਨ ਕਰ ਸਕਦੇ ਹੋ

## 1 ਅਕਤੂਬਰ 1992 ਤੋਂ ਪਹਿਲਾਂ ਕੀਤੇ ਗਏ ਅਪਰਾਧ

- ਤੁਸੀਂ ਆਪਣੀ **ਇੱਕ ਤਿਹਾਈ** ਸਜ਼ਾ ਪੂਰੀ ਕਰਨ ਤੋਂ ਬਾਅਦ ਪੈਰੋਲ ਲਈ ਆਵੇਦਨ ਕਰ ਸਕਦੇ ਹੋ।
- ਜੇਕਰ ਤੁਹਾਨੂੰ ਪੈਰੋਲ ਮਿਲ ਜਾਂਦੀ ਹੈ ਤਾਂ ਤੁਹਾਨੂੰ ਦੋ ਤਿਹਾਈ ਸਜ਼ਾ ਪੂਰੀ ਕਰਨ ਤੋਂ ਬਾਅਦ ਲਾਇਸੈਂਸ 'ਤੇ ਜੇਲ੍ਹ ਤੋਂ ਰਿਹਾ ਕਰ ਦਿੱਤਾ ਜਾਵੇਗਾ।
- ਜੇਕਰ ਤੁਹਾਨੂੰ ਪੈਰੋਲ **ਨਹੀਂ** ਮਿਲਦੀ, ਤਾਂ ਤੁਸੀਂ ਹਰ ਸਾਲ ਇਸ ਲਈ ਆਵੇਦਨ ਕਰਦੇ ਰਹਿ ਸਕਦੇ ਹੋ ਜਦੋਂ ਤਕ ਕਿ ਤੁਹਾਡੇ ਕੋਲ ਕੱਟਣ ਲਈ 13 ਮਹੀਨਿਆਂ ਤੋਂ ਘੱਟ ਸਮੇਂ ਦੀ ਸਜ਼ਾ ਬਾਕੀ ਨਹੀਂ ਬਚ ਜਾਂਦੀ। ਜੇਕਰ ਤੁਹਾਨੂੰ ਕਦੇ ਵੀ ਪੈਰੋਲ ਨਹੀਂ ਮਿਲਦੀ, ਤਾਂ ਤੁਹਾਨੂੰ, ਤੁਹਾਡੀ **ਦੋ ਤਿਹਾਈ** ਸਜ਼ਾ ਪੂਰੀ ਹੋ ਜਾਣ 'ਤੇ ਜੇਲ੍ਹ ਤੋਂ ਰਿਹਾ ਕਰ ਦਿੱਤਾ ਜਾਵੇਗਾ।
- ਜੇਕਰ ਪੈਰੋਲ 'ਤੇ ਰਹਿੰਦੇ ਹੋਏ ਤੁਸੀਂ ਕੋਈ ਹੋਰ ਅਪਰਾਧ ਕਰ ਦਿੰਦੇ ਹੋ, ਤਾਂ ਤੁਹਾਨੂੰ ਸ਼ਾਇਦ ਆਪਣੀ ਬਾਕੀ ਰਹਿੰਦੀ ਸਜ਼ਾ ਕੱਟਣੀ ਪੈ ਸਕਦੀ ਹੈ।

**ਪੰਨਾ 141 ਤੋਂ ਸ਼ੁਰੂ ਕਰਦੇ ਹੋਏ, ਲਾਇਸੈਂਸ ਅਤੇ ਪੈਰੋਲ 'ਤੇ ਰਿਹਾਈ ਬਾਰੇ ਵਧੇਰੇ ਜਾਣਕਾਰੀ ਦਿੱਤੀ ਗਈ ਹੈ।**

# ਨਜਿੱਠਣ ਵਾਲੀਆਂ ਚੀਜ਼ਾਂ - ਜੇਲ੍ਹ ਦੇ ਬਾਹਰ

## 1. ਬੱਚੇ ਜਾਂ ਦੂਸਰੇ ਵਿਅਕਤੀ ਜਿਨ੍ਹਾਂ ਦੀ ਤੁਸੀਂ ਦੇਖਭਾਲ ਕਰਦੇ ਹੋ

- ਜੇਕਰ ਤੁਹਾਨੂੰ ਉਹਨਾਂ ਬੱਚਿਆਂ ਜਾਂ ਦੂਸਰੇ ਵਿਅਕਤੀਆਂ ਦੀ ਦੇਖਰੇਖ ਦੀ ਸਮੱਸਿਆ ਦਾ ਹੱਲ ਲੱਭਣ ਦੀ ਲੋੜ ਪੈਂਦੀ ਹੈ, ਜਿਨ੍ਹਾਂ ਦੀ ਤੁਸੀਂ ਦੇਖਭਾਲ ਕਰਦੇ ਹੋ, ਤਾਂ ਤੁਰੰਤ ਜੇਲ੍ਹ ਸਟਾਫ਼ ਨੂੰ ਦੱਸੋ।

**ਬੱਚਾ ਸੰਭਾਲ ਏਜੰਸੀ ਨੂੰ ਕੀਤੇ ਜਾਣ ਵਾਲੇ ਭੁਗਤਾਨ**

- ਜੇਕਰ ਤੁਸੀਂ ਬੱਚੇ ਦੀ ਸਾਂਭ-ਸੰਭਾਲ ਲਈ ਪੈਸੇ ਦਾ ਭੁਗਤਾਨ ਕਰਦੇ ਰਹੇ ਹੋ, ਤਾਂ ਤੁਹਾਨੂੰ ਬੱਚਾ ਸੰਭਾਲ ਏਜੰਸੀ ਨੂੰ ਇਸ ਗੱਲ ਤੋਂ ਜਾਣੂ ਕਰਵਾਉਣ ਦੀ ਲੋੜ ਹੁੰਦੀ ਹੈ ਕਿ ਤੁਸੀਂ ਜੇਲ੍ਹ ਵਿੱਚ ਹੋ।

- ਤੁਹਾਨੂੰ ਇਸ ਬਾਰੇ ਬੱਚਾ ਸੰਭਾਲ ਏਜੰਸੀ ਨੂੰ 1 ਹਫ਼ਤੇ ਅੰਦਰ ਜ਼ਰੂਰ ਦੱਸ ਦੇਣਾ ਚਾਹੀਦਾ ਹੈ। ਜੇਕਰ ਤੁਸੀਂ ਉਹਨਾਂ ਨੂੰ ਇੱਕ ਹਫ਼ਤੇ ਅੰਦਰ ਕਿਸੇ ਤਬਦੀਲੀਆਂ ਬਾਰੇ ਨਹੀਂ ਦੱਸਦੇ ਤਾਂ ਇਹ ਇੱਕ ਫੌਜ਼ਦਾਰੀ ਅਪਰਾਧ ਹੁੰਦਾ ਹੈ।

- ਜੇਕਰ ਤੁਸੀਂ ਕੰਮ ਨਹੀਂ ਕਰ ਰਹੇ ਹੋ ਜਾਂ ਬੈਨਿਫਿਟ ਪ੍ਰਾਪਤ ਨਹੀਂ ਕਰ ਰਹੇ ਹੋ ਤਾਂ ਤੁਹਾਨੂੰ ਬੱਚੇ ਦੀ ਸਾਂਭ ਸੰਭਾਲ ਲਈ ਭੁਗਤਾਨ ਨਹੀਂ ਕਰਨਾ ਪੈਂਦਾ।

ਤੁਸੀਂ ਉਹਨਾਂ ਨੂੰ ਇਸ ਪਤੇ 'ਤੇ ਲਿਖ ਸਕਦੇ ਹੋ

Child Support Agency
National Helpline
PO Box 55
Brierly Hill
DY5 1YL

ਟੈਲੀਫ਼ੋਨ 08457 138 924

## 2. ਫ਼ਾਇਦੇ

**ਜੇ ਤੁਸੀਂ ਪਹਿਲਾਂ ਹੀ ਬੈਨਿਫ਼ਿਟ ਲੈ ਰਹੇ ਹੋ**

- ਮਾਮਲਿਆਂ ਦਾ ਹੱਲ ਕੱਢਣ ਲਈ ਜਿੰਨੀ ਜਲਦੀ ਹੋ ਸਕੇ, ਆਪਣੇ ਸਥਾਨਕ ਜੌਬਸੈਂਟਰ ਪਲੱਸ ਆਫ਼ਿਸ ਨਾਲ ਗੱਲ ਕਰੋ ਜਾਂ ਆਪਣੇ ਪਰਿਵਾਰ ਵਿੱਚੋਂ ਕਿਸੇ ਨੂੰ ਅਜਿਹਾ ਕਰਨ ਲਈ ਕਹੋ।

- ਜੇਕਰ ਤੁਸੀਂ 21 ਦਿਨਾਂ ਤੋਂ ਜ਼ਿਆਦਾ ਸਮੇਂ ਤੋਂ ਜੇਲ੍ਹ ਵਿੱਚ ਹੋ, ਤਾਂ ਤੁਹਾਨੂੰ ਆਮ ਤੌਰ 'ਤੇ ਮਿਲਣ ਵਾਲਾ ਇਕੋ ਇੱਕ ਬੈਨਿਫ਼ਿਟ ਹੋਵੇਗਾ ਹਾਊਸਿੰਗ ਬੈਨਿਫ਼ਿਟ।

- ਜੇਕਰ ਤੁਸੀਂ ਸੋਚਦੇ ਹੋ ਕਿ ਤੁਹਾਡਾ ਜੌਬਸੈਂਟਰ ਪਲੱਸ ਆਫ਼ਿਸ ਤੁਹਾਡੇ ਬੈਨਿਫ਼ਿਟ ਦੇ ਕੁਝ ਪੈਸਿਆਂ ਦਾ ਦੇਣਦਾਰ ਹੈ, ਤਾਂ ਤੁਹਾਨੂੰ ਪੱਤਰ ਲਿਖੋ ਅਤੇ ਉਹਨਾਂ ਨੂੰ ਤੁਹਾਨੂੰ ਜੇਲ੍ਹ ਵਿੱਚ ਪੈਸਾ ਭੇਜਣ ਲਈ ਨਿਵੇਦਨ ਕਰੋ। ਉਹਨਾਂ ਨੂੰ ਗਵਰਨਰ ਦੇ ਹੱਕ ਵਿੱਚ ਇੱਕ ਗੀਰੋ ਭੇਜਣਾ ਪਵੇਗਾ। ਉਸ ਤੋਂ ਬਾਅਦ ਤੁਹਾਡੀ ਨਿੱਜੀ ਨਕਦੀ ਵੱਲ ਪੈਸੇ ਦਾ ਭੁਗਤਾਨ ਕਰ ਦਿੱਤਾ ਜਾਵੇਗਾ।

- ਜੇਕਰ ਤੁਸੀਂ ਇਹ ਪੈਸਾ ਪ੍ਰਾਪਤ ਨਹੀਂ ਕਰ ਸਕਦੇ, ਤਾਂ ਤੁਸੀਂ ਆਪਣੀ ਰਿਹਾਈ ਤੋਂ ਬਾਅਦ ਇਸ ਲਈ ਦਾਅਵਾ ਕਰ ਸਕਦੇ ਹੋ।

**ਜੇ ਤੁਸੀਂ ਕੰਮ ਕਰ ਰਹੇ ਸੀ**

- ਤੁਹਾਡੇ ਜੇਲ੍ਹ ਵਿੱਚ ਜਾਂ ਰਿਮਾਂਡ 'ਤੇ ਹੋਣ ਸਮੇਂ ਸ਼ਾਇਦ ਤੁਹਾਡੇ ਪਰਿਵਾਰ ਨੂੰ ਬੈਨਿਫ਼ਿਟਾਂ ਲਈ ਦਾਅਵਾ ਕਰਨਾ ਪੈ ਸਕਦਾ ਹੈ।

- ਉਹਨਾਂ ਨੂੰ ਜਿੰਨੀ ਜਲਦੀ ਹੋ ਸਕੇ, ਸਥਾਨਕ ਜੌਬਸੈਂਟਰ ਪਲੱਸ ਆਫ਼ਿਸ ਨਾਲ ਸੰਪਰਕ ਕਰਨਾ ਚਾਹੀਦਾ ਹੈ।

**ਯਕੀਨੀ ਬਣਾਓ ਕਿ ਤੁਸੀਂ ਜਿੰਨੀ ਜਲਦੀ ਹੋ ਸਕੇ, ਆਪਣੇ ਸਥਾਨਕ ਜੌਬਸੈਂਟਰ ਪਲੱਸ ਆਫ਼ਿਸ ਨਾਲ ਸੰਪਰਕ ਬਣਾਉਂਦੇ ਹੋ। ਜੇਕਰ ਨਹੀਂ, ਤਾਂ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਨੂੰ ਹੁਣ ਅਤੇ ਤੁਹਾਡੀ ਰਿਹਾਈ ਤੋਂ ਬਾਅਦ ਬੈਨਿਫ਼ਿਟ ਪ੍ਰਾਪਤ ਕਰਨ ਵਿੱਚ ਦਿੱਕਤ ਆ ਸਕਦੀ ਹੈ।**

## 3. ਕਿਰਾਏ ਜਾਂ ਮਾਰਗਿਜ (ਗਿਰਵੀਨਾਮੇ) ਲਈ ਭੁਗਤਾਨ ਕਰਨਾ

- ਤੁਸੀਂ ਜਾਂ ਤੁਹਾਡਾ ਪਰਿਵਾਰ ਕਿਰਾਏ ਜਾਂ ਮਾਰਗਿਜ ਦੇ ਭੁਗਤਾਨ ਵਿੱਚ ਮਦਦ ਲਈ ਸ਼ਾਇਦ **ਹਾਊਸਿੰਗ ਬੈਨਿਫ਼ਿਟ** ਪ੍ਰਾਪਤ ਕਰ ਸਕਦਾ ਹੈ।

- ਇਸ ਬਾਰੇ ਸਲਾਹ ਲੈਣਾ ਇੱਕ ਚੰਗਾ ਵਿਚਾਰ ਹੈ ਕਿਉਂਕਿ ਇਹ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਕੀ ਤੁਹਾਡੇ 'ਤੇ ਦੋਸ਼ ਸ਼ਾਇਦ ਕੀਤੇ ਜਾ ਚੁੱਕੇ ਹਨ ਜਾਂ ਤੁਸੀਂ ਰਿਮਾਂਡ 'ਤੇ ਹੋ।

## ਕਿਰਾਏ ਦਾ ਭੁਗਤਾਨ ਕਰਨਾ - ਕੀ ਕਰਨਾ ਚਾਹੀਦਾ ਹੈ

**ਆਪਣੇ ਮਕਾਨ ਮਾਲਿਕ ਜਾਂ ਸੰਪਤੀ ਏਜੰਟ ਨੂੰ ਪੱਤਰ ਲਿਖ ਕੇ ਇਸ ਗੱਲ ਤੋਂ ਜਾਣੂ ਕਰਵਾਓ ਕਿ ਤੁਸੀਂ ਜੇਲ੍ਹ ਵਿੱਚ ਹੋ। ਉਹਨਾਂ ਨੂੰ ਇਹ ਦੱਸੋ ਕਿ**

- ਤੁਸੀਂ ਕਿੰਨੀ ਦੇਰ ਤਕ ਜੇਲ੍ਹ ਵਿੱਚ ਰਹੋਗੇ
- ਕੀ ਕੋਈ ਵਿਅਕਤੀ ਤੁਹਾਡੇ ਘਰ ਦੀ ਦੇਖਭਾਲ ਕਰੇਗਾ

**ਜੇਕਰ ਤੁਸੀਂ ਆਪਣੇ ਪਰਿਵਾਰ ਨਾਲ ਰਹਿ ਰਹੇ ਸੀ ਅਤੇ ਪਹਿਲਾਂ ਤੋਂ ਹੀ ਹਾਊਸਿੰਗ ਬੈਨਿਫ਼ਿਟ ਲੈ ਰਹੇ ਸੀ**

- ਹਾਊਸਿੰਗ ਬੈਨਿਫ਼ਿਟ ਆਫ਼ਿਸ ਨੂੰ ਇਹ ਦੱਸਣ ਲਈ ਪੱਤਰ ਲਿਖੋ ਕਿ ਤੁਸੀਂ ਜੇਲ੍ਹ ਵਿੱਚ ਹੋ।
- ਤੁਹਾਡੇ ਪਰਿਵਾਰ ਨੂੰ ਵੀ ਉਹਨਾਂ ਨੂੰ ਪੱਤਰ ਲਿਖ ਕੇ ਇਹ ਨਿਵੇਦਨ ਕਰਨਾ ਚਾਹੀਦਾ ਹੈ ਕਿ ਤੁਹਾਡੇ ਜੇਲ੍ਹ ਵਿੱਚ ਰਹਿਣ ਦੇ ਸਮੇਂ ਦੌਰਾਨ ਉਹ ਤੁਹਾਡੇ ਬੈਨਿਫ਼ਿਟਾਂ ਨੂੰ ਆਪਣੇ ਨਿਯੰਤਰਣ ਵਿੱਚ ਲੈ ਲੈਣ।

**ਜੇਕਰ ਤੁਹਾਡੇ ਪਰਿਵਾਰ ਨੂੰ ਹਾਊਸਿੰਗ ਬੈਨਿਫ਼ਿਟ ਲੈਣਾ ਸ਼ੁਰੂ ਕਰਨ ਦੀ ਲੋੜ ਪੈ ਜਾਂਦੀ ਹੈ**

- ਉਹਨਾਂ ਨੂੰ ਹਾਊਸਿੰਗ ਬੈਨਿਫ਼ਿਟ ਲਈ ਇੱਕ ਕਲੇਮ ਦਾਖ਼ਲ ਕਰਨ ਲਈ ਹਾਊਸਿੰਗ ਬੈਨਿਫ਼ਿਟ ਆਫ਼ਿਸ ਨੂੰ ਪੱਤਰ ਲਿਖਣਾ ਚਾਹੀਦਾ ਹੈ।

**ਜੇ ਤੁਸੀਂ ਆਪਣੇ ਦਮ 'ਤੇ ਰਹਿ ਰਹੇ ਸੀ**

- ਤੁਸੀਂ ਰਿਮਾਂਡ 'ਤੇ ਹੁੰਦੇ ਸਮੇਂ 52 ਹਫ਼ਤਿਆਂ ਤਕ ਦੇ ਸਮੇਂ ਲਈ ਹਾਊਸਿੰਗ ਬੈਨਿਫ਼ਿਟ ਕਲੇਮ ਕਰ ਸਕਦੇ ਹੋ। ਜਾਂ ਫਿਰ ਜੇਲ੍ਹ ਵਿੱਚ ਤੁਹਾਡੀ ਸਜ਼ਾ ਦੀ ਅਵਧੀ 13 ਹਫ਼ਤਿਆਂ ਤੋਂ ਘੱਟ ਰਹਿੰਦੀ ਹੋਣ ਦੀ ਸਥਿਤੀ ਵਿੱਚ
- ਜੇਕਰ ਤੁਹਾਨੂੰ ਪਹਿਲਾਂ ਤੋਂ ਹੀ ਹਾਊਸਿੰਗ ਬੈਨਿਫ਼ਿਟ ਨਹੀਂ ਮਿਲ ਰਿਹਾ ਸੀ, ਤਾਂ ਇਸ ਨੂੰ ਕਲੇਮ ਕਰਨ ਲਈ ਇੱਕ ਫ਼ਾਰਮ ਦੀ ਮੰਗ ਕਰਨ ਲਈ ਆਪਣੀ ਸਥਾਨਕ ਕਾਊਂਸਿਲ ਨੂੰ ਪੱਤਰ ਲਿਖੋ।

**ਜੇਕਰ ਤੁਸੀਂ ਕਿਰਾਇਆ ਨਹੀਂ ਦੇ ਸਕਦੇ ਅਤੇ ਤੁਸੀਂ ਹਾਊਸਿੰਗ ਬੈਨਿਫ਼ਿਟ ਨਹੀਂ ਲੈ ਸਕਦੇ**

- ਤੁਸੀਂ ਸ਼ਾਇਦ ਆਪਣਾ ਮਕਾਨ ਵਾਪਸ ਮਕਾਨ ਮਾਲਕ ਜਾਂ ਇਸਟੇਟ ਏਜੰਟ ਨੂੰ ਦੇਣ ਦੇ ਚਾਹਵਾਨ ਹੋ ਸਕਦੇ ਹੋ। ਇਹ ਉਹਨਾਂ ਦਾ ਬਹੁਤ ਸਾਰੇ ਧਨ ਦਾ ਰਿਣੀ ਹੋਣ ਅਤੇ ਕਰਜ਼ੇ ਵਿੱਚ ਡੁੱਬਣ ਨਾਲੋਂ ਬਿਹਤਰ ਹੋ ਸਕਦਾ ਹੈ।
- ਤੁਹਾਡਾ ਮਕਾਨ ਮਾਲਕ ਸ਼ਾਇਦ ਤੁਹਾਡੇ ਜੇਲ੍ਹ ਤੋਂ ਬਾਹਰ ਆਉਣ 'ਤੇ ਤੁਹਾਡੇ ਰਹਿਣ ਲਈ ਕੋਈ ਹੋਰ ਮਕਾਨ ਲੱਭਣ 'ਤੇ ਸਹਿਮਤ ਹੋ ਸਕਦਾ ਹੈ।
- **ਪਹਿਲਾਂ ਸਲਾਹ ਲੈਣ ਲਈ NACRO ਜਾਂ ਸਿਟੀਜਨਜ਼ ਅਡਵਾਈਸ ਬਿਊਰੋ ਨੂੰ ਨਿਵੇਦਨ ਕਰੋ**
- ਇਹ ਸੰਗਠਨ ਸ਼ਾਇਦ ਜੇਲ੍ਹ ਦੀ ਯਾਤਰਾ 'ਤੇ ਆ ਸਕਦੇ ਹਨ। ਜੇ ਨਹੀਂ ਤਾਂ ਤੁਸੀਂ NACRO ਨੂੰ ਫ਼ੋਨ ਕਰ ਸਕਦੇ ਹੋ 0800 0181 259 'ਤੇ

### ਤੁਹਾਡਾ ਮਾਰਗਿਜ

ਤੁਹਾਨੂੰ ਜਾਂ ਤੁਹਾਡੇ ਪਰਿਵਾਰ ਨੂੰ ਸ਼ਾਇਦ ਤੁਹਾਡੇ ਮਾਰਗਿਜ ਦੇ **ਵਿਆਜ** ਵਾਲੇ ਹਿੱਸੇ ਦਾ ਭੁਗਤਾਨ ਕਰਨ ਵਿੱਚ ਮਦਦ ਮਿਲ ਸਕਦੀ ਹੈ ਜੇਕਰ

- ਤੁਸੀਂ ਆਪਣੇ ਪਰਿਵਾਰ ਨਾਲ ਰਹਿੰਦੇ ਸੀ ਅਤੇ ਉਹ ਮਕਾਨ ਵਿੱਚ ਰਹਿ ਰਿਹਾ ਹੈ।

- ਤੁਹਾਡੇ 'ਤੇ ਦੋਸ਼ ਸਿੱਧ **ਨਹੀਂ** ਹੋਏ ਹਨ ਜਾਂ ਫਿਰ ਜੇਕਰ ਤੁਸੀਂ ਸਜ਼ਾ ਸੁਣਾਏ ਜਾਣ ਦੀ ਉਡੀਕ ਕਰ ਰਹੇ ਹੋ ਅਤੇ ਤੁਸੀਂ ਆਪਣੇ ਆਪ ਕੋਈ ਮਕਾਨ ਖ਼ਰੀਦ ਰਹੇ ਹੋ

### ਕੀ ਕਰਨਾ ਚਾਹੀਦਾ ਹੈ

✓ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਨੂੰ ਜੌਬਸੈਂਟਰ ਪਲੱਸ ਦੇ ਸਥਾਨਕ ਦਫ਼ਤਰ ਨੂੰ ਲਿਖਣਾ ਚਾਹੀਦਾ ਹੈ ਜੇਕਰ ਤੁਸੀਂ ਜਾਂ ਉਹ ਹਾਊਸਿੰਗ ਬੈਨਿਫ਼ਿਟ ਕਲੇਮ ਕਰਨਾ ਚਾਹੁੰਦੇ ਹੋ।

✓ ਯਕੀਨੀ ਬਣਾਓ ਕਿ ਤੁਸੀਂ ਆਪਣੀ ਮਾਰਗਿਜ ਕੰਪਨੀ, ਬੈਂਕ ਜਾਂ ਬਿਲਡਿੰਗ ਸੋਸਾਇਟੀ ਨੂੰ ਦੱਸ ਦਿੰਦੇ ਹੋ ਕਿ ਤੁਸੀਂ ਜੇਲ੍ਹ ਵਿੱਚ ਹੋ।

✓ ਉਹਨਾਂ ਨੂੰ ਇਹ ਵੀ ਦੱਸ ਦਿਓ ਕਿ ਤੁਹਾਡੇ ਵਿਚਾਰ ਵਿੱਚ ਕੀ ਹੋਵੇਗਾ ਉਦਾਹਰਨ ਲਈ, ਜੋ ਤੁਸੀਂ ਆਪਣੇ ਮਾਰਗਿਜ ਦੇ ਸਿਰਫ਼ ਵਿਆਜ ਵਾਲੇ ਹਿੱਸੇ ਦਾ ਭੁਗਤਾਨ ਕਰਨਾ ਚਾਹੁੰਦੇ ਹੋ। ਜਾਂ ਜੇਕਰ ਤੁਸੀਂ ਸੋਚਦੇ ਹੋ ਕਿ ਤੁਸੀਂ ਬਿਲਕੁਲ ਵੀ ਭੁਗਤਾਨ ਨਹੀਂ ਕਰ ਸਕੋਗੇ।

✓ ਤੁਸੀਂ ਸ਼ਾਇਦ ਕੁਝ ਦੇਰ ਲਈ ਭੁਗਤਾਨ ਰੋਕ ਸਕਦੇ ਹੋ ਜਾਂ ਫਿਰ ਮਕਾਨ ਵੇਚ ਸਕਦੇ ਹੋ।

### ਹਾਊਸਿੰਗ ਬੈਨਿਫ਼ਿਟ ਦਾ ਭੁਗਤਾਨ ਕਿਵੇਂ ਕੀਤਾ ਜਾਵੇਗਾ

## ਜੇਕਰ ਤੁਸੀਂ ਆਪਣਾ ਮਕਾਨ 2 ਅਕਤੂਬਰ 1995 ਤੋਂ ਪਹਿਲਾਂ ਖਰੀਦਿਆ ਸੀ।

- ਹਫ਼ਤਾ 1 ਤੋਂ 8 ਤੁਹਾਨੂੰ ਹਾਊਸਿੰਗ ਸੰਬੰਧੀ ਖ਼ਰਚਿਆਂ ਲਈ ਕੋਈ ਧਨ ਨਹੀਂ ਮਿਲੇਗਾ
- ਹਫ਼ਤਾ 9 ਤੋਂ 27 ਤੁਹਾਨੂੰ ਅੱਧੇ ਪੈਸੇ ਮਿਲਣਗੇ
- 27ਵੇਂ ਹਫ਼ਤੇ ਤੋਂ, ਤੁਹਾਨੂੰ ਸਾਰੇ ਪੈਸੇ ਮਿਲਣਗੇ

## ਜੇਕਰ ਤੁਸੀਂ ਆਪਣਾ ਮਕਾਨ 2 ਅਕਤੂਬਰ 1995 ਤੋਂ ਬਾਅਦ ਖ਼ਰੀਦਿਆ ਸੀ।

- ਹਫ਼ਤਾ 1 ਤੋਂ 39 ਤੁਹਾਨੂੰ ਹਾਊਸਿੰਗ ਸੰਬੰਧੀ ਖ਼ਰਚਿਆਂ ਲਈ ਕੋਈ ਧਨ ਨਹੀਂ ਮਿਲੇਗਾ
- ਹਫ਼ਤਾ 39 ਤੋਂ ਤੁਹਾਨੂੰ ਪੂਰੇ ਪੈਸੇ ਮਿਲਣਗੇ

## 4. ਕਾਉਂਸਿਲ ਟੈਕਸ

**ਕੀ ਕਰਨਾ ਚਾਹੀਦਾ ਹੈ**

✓ ਆਪਣੀ ਸਥਾਨਕ ਕਾਉਂਸਿਲ ਨੂੰ ਦੱਸੋ ਕਿ ਤੁਸੀਂ ਜੇਲ੍ਹ ਵਿੱਚ ਹੋ। ਤੁਹਾਨੂੰ ਸ਼ਾਇਦ ਕਾਉਂਸਿਲ ਟੈਕਸ ਦਾ ਭੁਗਤਾਨ ਨਾ ਕਰਨਾ ਪਵੇ ਜਾਂ ਫਿਰ ਤੁਹਾਡੇ ਪਰਿਵਾਰ ਨੂੰ ਥੋੜ੍ਹੇ ਕਾਉਂਸਿਲ ਟੈਕਸ ਦਾ ਭੁਗਤਾਨ ਕਰਨਾ ਪੈ ਸਕਦਾ ਹੈ।

✓ ਪਹਿਲੀ ਵਾਰੀ ਜੇਲ੍ਹ ਵਿੱਚ ਪਹੁੰਚਣ 'ਤੇ ਤੁਹਾਨੂੰ ਕਾਉਂਸਿਲ ਟੈਕਸ ਬਾਰੇ ਇੱਕ ਪਰਚਾ ਪ੍ਰਾਪਤ ਕਰਨਾ ਚਾਹੀਦਾ ਹੈ। ਪਰਚੀ ਨਾਲ ਕੁਝ ਫ਼ਾਰਮ ਹੋਣੇ ਚਾਹੀਦੇ ਹਨ। ਆਪਣੀ ਸਥਾਨਕ ਕਾਉਂਸਿਲ ਨਾਲ ਸੰਪਰਕ ਕਰਨ ਲਈ ਇਹ ਫ਼ਾਰਮ ਭਰੋ

## 5. ਪਾਣੀ, ਗੈਸ, ਬਿਜਲੀ ਅਤੇ ਟੈਲੀਫ਼ੋਨ ਵਰਗੇ ਬਿਲ

ਤੁਹਾਡੇ ਜੇਲ੍ਹ ਵਿੱਚ ਰਹਿੰਦਿਆਂ ਤੁਹਾਨੂੰ ਇਹਨਾਂ ਬਿਲਾਂ ਦੇ ਭੁਗਤਾਨ ਵਿੱਚ ਕੋਈ ਮਦਦ ਨਹੀਂ ਮਿਲ ਸਕਦੀ

**ਕੀ ਕਰਨਾ ਚਾਹੀਦਾ ਹੈ**

✓ ਤੁਸੀਂ ਕੰਪਨੀਆਂ ਨੂੰ ਇਹ ਦੱਸਣ ਲਈ ਲਿਖ ਸਕਦੇ ਹੋ ਕਿ ਤੁਸੀਂ ਜੇਲ੍ਹ ਵਿੱਚ ਹੋ। ਪੱਤਰ ਲਿਖਣ ਵਿੱਚ ਮਦਦ ਲੈਣ ਲਈ ਸਟਾਫ਼ ਨੂੰ ਨਿਵੇਦਨ ਕਰੋ

✓ ਤੁਸੀਂ ਉਹਨਾਂ ਤੋਂ ਇਹ ਪੁੱਛ ਸਕਦੇ ਹੋ ਕਿ ਕੀ ਤੁਸੀਂ ਜੇਲ੍ਹ ਤੋਂ ਬਾਹਰ ਆਉਣ 'ਤੇ ਬਿਲਾਂ ਦਾ ਭੁਗਤਾਨ ਕਰ ਸਕਦੇ ਹੋ। ਜਾਂ ਫਿਰ ਤੁਸੀਂ ਗੈਸ, ਪਾਣੀ ਜਾਂ ਬਿਜਲੀ ਕੱਟਣ ਲਈ ਕਹਿ ਸਕਦੇ ਹੋ।

## 6. ਨੈਸ਼ਨਲ ਇਨਸ਼ੋਰੈਂਸ

**ਜੇਕਰ ਤੁਸੀਂ ਜੇਲ੍ਹ ਵਿੱਚ ਆਉਣ ਤੋਂ ਪਹਿਲਾਂ ਨੈਸ਼ਨਲ ਇਨਸ਼ੋਰੈਂਸ ਦਾ ਭੁਗਤਾਨ ਕੀਤਾ ਸੀ।**

- ਤੁਹਾਡੇ ਜੇਲ੍ਹ ਵਿੱਚ ਰਹਿਣ ਸਮੇਂ, ਤੁਹਾਨੂੰ ਕਿਸੇ ਨੈਸ਼ਨਲ ਇਨਸ਼ੋਰੈਂਸ ਦਾ ਭੁਗਤਾਨ ਨਹੀਂ ਕੀਤਾ ਜਾਵੇਗਾ
- ਪਰ ਜੇਕਰ ਤੁਹਾਡੀ ਉਮਰ 16 ਤੋਂ 18 ਸਾਲਾਂ ਵਿਚਕਾਰ ਹੈ ਤਾਂ ਤੁਹਾਨੂੰ ਟੈਕਸ ਕਰੈਡਿਟ ਮਿਲਣਗੇ
- ਤੁਸੀਂ ਤਾਂ ਵੀ ਟੈਕਸ ਕਰੈਡਿਟ ਲੈ ਸਕਦੇ ਹੋ ਜੇਕਰ ਤੁਹਾਡੀ ਉਮਰ 60 ਅਤੇ 65 ਸਾਲ ਦੇ ਵਿਚਕਾਰ ਹੈ

## ਤੁਹਾਡੇ ਦੁਆਰਾ ਨੈਸ਼ਨਲ ਇਨਸ਼ੋਰੈਂਸ ਦੇ ਰੂਪ ਵਿੱਚ ਅਦਾ ਕੀਤਾ ਜਾਣ ਵਾਲਾ ਧਨ

ਜੇਲ੍ਹ ਵਿੱਚ ਰਹਿੰਦੇ ਹੋਂ

ਤੁਸੀਂ

- ਸ਼੍ਰੇਣੀ 1 ਅਤੇ ਸ਼੍ਰੇਣੀ 2 ਅਖਵਾਉਣ ਵਾਲੀਆਂ ਕਿਸਮਾਂ ਦੀ ਨੈਸ਼ਨਲ ਇਨਸ਼ੋਰੈਂਸ ਦਾ ਭੁਗਤਾਨ ਨਹੀਂ ਕਰ ਸਕਦੇ (ਇਹਨਾਂ ਦਾ ਸੰਬੰਧ ਨੌਕਰੀ ਵਿੱਚ ਹੋਣ ਨਾਲ ਹੈ)

- ਪਰ ਤੁਸੀਂ **ਸ਼ਾਇਦ** ਇਸਦਾ ਭੁਗਤਾਨ ਕਰ ਸਕਦੇ ਹੋ ਜੇਕਰ ਤੁਸੀਂ ਜੇਲ੍ਹ ਵਿੱਚ ਰਹਿਣ ਸਮੇਂ ਕਿਸੇ ਵਿਸ਼ੇਸ ਪ੍ਰੋਜੈਕਟ 'ਤੇ ਕੰਮ ਕਰ ਰਹੇ ਹੋ। ਉਦਾਹਰਨ ਲਈ, ਜਿੱਥੇ ਤੁਹਾਨੂੰ ਭਾਈਚਾਰੇ ਵਿੱਚ ਕੰਮ ਕਰਨ ਲਈ ਭੁਗਤਾਨ ਕੀਤਾ ਜਾਂਦਾ ਹੈ

ਤੁਸੀਂ

- ਸ਼੍ਰੇਣੀ 3 ਅਖਵਾਉਂਦੀ ਇੱਕ ਕਿਸਮ ਦੀ ਨੈਸ਼ਨਲ ਇਨਸ਼ੋਰੈਂਸ ਦਾ ਭੁਗਤਾਨ ਕਰ ਸਕਦੇ ਹੋ।

- ਜੇਕਰ ਤੁਸੀਂ ਇਸ ਕਿਸਮ ਦੀ ਨੈਸ਼ਨਲ ਇਨਸ਼ੋਰੈਂਸ ਦਾ ਭੁਗਤਾਨ ਕਰਨਾ ਬੰਦ ਕਰ ਦਿੰਦੇ ਹੋ, ਤਾਂ ਸ਼ਾਇਦ ਤੁਹਾਡੀ ਪੈਨਸ਼ਨ ਦਾ ਵਿਛੋੜਾ ਬੈਨਿਫ਼ਿਟ ਪ੍ਰਭਾਵਿਤ ਹੋ ਸਕਦਾ ਹੈ। ਇਹ ਅਜਿਹੀਆਂ ਗੱਲਾਂ 'ਤੇ ਨਿਰਭਰ ਕਰਦਾ ਹੈ ਜਿਵੇਂ ਕਿ ਤੁਹਾਡੀ ਸਜ਼ਾ ਦੀ ਮਿਆਦ ਕਿੰਨੀ ਹੈ।

**ਵਧੇਰੇ ਜਾਣਕਾਰੀ ਲੈਣ ਲਈ, ਆਪਣੇ ਜੌਬਸੈਂਟਰ ਪਲੱਸ ਆਫ਼ਿਸ ਨਾਲ ਸੰਪਰਕ ਬਣਾਓ ਜਾਂ ਉਹਨਾਂ ਨੂੰ ਲਿਖੋ**

HM Revenue & Customs
National Insurance Contributions Office
Benton Park View
Newcastle on Tyne
NE98 1ZZ

ਟੇਲੀਫ਼ੋਨ 0845 302 1479

## 7. ਤੁਹਾਡੀ ਸਟੇਟ ਪੈਨਸ਼ਨ

ਤੁਹਾਨੂੰ ਤੁਹਾਡੀ ਸਟੇਟ ਪੈਨਸ਼ਨ **ਨਹੀਂ** ਮਿਲੇਗੀ

- ਜੇਕਰ ਤੁਹਾਨੂੰ ਸਜ਼ਾ ਸੁਣਾ ਦਿੱਤੀ ਜਾਂਦੀ ਹੈ
- ਜਦੋਂ ਤੁਸੀਂ ਰਿਮਾਂਡ 'ਤੇ ਹੋ ਜਾਂ ਆਪਣੇ 'ਤੇ ਮੁਕੱਦਮਾ ਚਲਾਏ ਜਾਣ ਦੀ ਉਡੀਕ ਕਰ ਰਹੇ ਹੋ

ਤੁਹਾਨੂੰ, ਤੁਹਾਡੀ ਪੈਨਸ਼ਨ ਤਾਂ ਹੀ **ਮਿਲੇਗੀ**

- ਜੇਕਰ ਤੁਹਾਨੂੰ ਸਜ਼ਾ ਸੁਣਾਏ ਬਿਨਾਂ ਹੀ ਰਿਹਾ ਕਰ ਦਿੱਤਾ ਜਾਂਦਾ ਹੈ। ਤੁਹਾਨੂੰ ਪੈਸੇ, ਤੁਹਾਡੀ ਰਿਹਾਈ 'ਤੇ ਮਿਲਣਗੇ

**ਜੇਕਰ ਤੁਹਾਡਾ ਕੋਈ ਸਾਥੀ ਹੈ**

- ਤੁਹਾਡੇ ਜੇਲ੍ਹ ਵਿੱਚ ਰਹਿਣ ਸਮੇਂ ਤੁਹਾਡੇ ਸਾਥੀ ਨੂੰ ਅਜੇ ਵੀ ਉਹਨਾਂ ਦੀ ਪੈਨਸ਼ਨ ਮਿਲੇਗੀ ਜਦੋਂ ਤਕ ਕਿ ਉਸਨੂੰ ਨਿਰਭਰ ਵਿਅਕਤੀ ਦਾ ਵਾਧਾ ਅਖਵਾਉਂਦੀ ਕੋਈ ਚੀਜ਼ ਨਹੀਂ ਮਿਲਦੀ

- ਜੇਕਰ ਉਹਨਾਂ ਨੂੰ ਯਕੀਨ ਨਾ ਹੋਵੇ ਤਾਂ ਉਹਨਾਂ ਨੂੰ ਆਪਣੇ ਜੌਬਸੈਂਟਰ ਪਲੱਸ ਆਫ਼ਿਸ ਤੋਂ ਪਤਾ ਕਰਨਾ ਚਾਹੀਦਾ ਹੈ।

**ਵਧੇਰੇ ਜਾਣਕਾਰੀ ਲਈ, ਪੈਨਸ਼ਨ ਸੇਵਾ ਨੂੰ ਇਸ ਪਤੇ 'ਤੇ ਲਿਖੋ**

National Pension Centre
Tyneview Park
Whitley Road
Benton
Newcastle-upon-Tyne
NE98 1BA

ਟੇਲੀਫ਼ੋਨ 0845 6060 265

## 8. ਇਨਕਮ ਟੈਕਸ

- ਇਹ ਜ਼ਰੂਰੀ ਹੁੰਦਾ ਹੈ ਕਿ ਤੁਸੀਂ ਜੇਲ੍ਹ ਵਿੱਚ ਹੁੰਦੇ ਹੋਏ ਆਪਣੇ ਟੈਕਸ ਸੰਬੰਧੀ ਲੈਣ ਦੇਣ 'ਤੇ ਨਜ਼ਰ ਰੱਖੋ

- ਸਿਟੀਜਨਜ਼ ਐਡਵਾਈਸ ਬਿਊਰੋ ਵਰਗਾ ਕੋਈ ਸੰਗਠਨ ਸ਼ਾਇਦ ਤੁਹਾਡੀ ਜੇਲ੍ਹ ਵਿੱਚ ਆ ਸਕਦਾ ਹੈ ਅਤੇ ਤੁਹਾਡੇ ਟੈਕਸ ਦੀ ਗਣਨਾ ਕਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ।

**ਕੀ ਕਰਨਾ ਚਾਹੀਦਾ ਹੈ**

✓ ਜੇਕਰ ਤੁਹਾਨੂੰ ਮਦਦ ਦੀ ਲੋੜ ਹੈ ਤਾਂ ਆਪਣੇ ਟੈਕਸ ਆਫ਼ਿਸ ਨਾਲ ਸੰਪਰਕ ਕਰੋ। ਜੇ ਤੁਸੀਂ ਅਜਿਹਾ ਕਰ ਸਕਦੇ ਹੋ ਤਾਂ ਆਪਣਾ ਨੈਸ਼ਨਲ ਇਨਸ਼ੋਰੈਂਸ ਨੰਬਰ ਅਤੇ ਹਵਾਲਾ ਨੰਬਰ ਉਹਨਾਂ ਨੂੰ ਦੱਸੋ।

✓ ਜੇਕਰ ਤੁਸੀਂ ਯਕੀਨੀ ਨਹੀਂ ਹੋ ਕਿ ਕਿਹੜਾ ਟੈਕਸ ਆਫ਼ਿਸ ਤੁਹਾਡਾ ਹੈ ਤਾਂ ਸਥਾਨਕ ਟੈਕਸ ਆਫ਼ਿਸ ਨੂੰ ਪੁੱਛੋ

✓ ਜੇਕਰ ਤੁਹਾਨੂੰ ਤੁਹਾਡੇ ਕੋਈ ਟੈਕਸ ਫ਼ਾਰਮ ਭੇਜੇ ਜਾਂਦੇ ਹਨ, ਤਾਂ ਤੁਹਾਨੂੰ ਅਜੇ ਵੀ ਇਹਨਾਂ ਨੂੰ ਭਰਨ ਦੀ ਲੋੜ ਹੋਵੇਗੀ। ਜਾਂ ਜੇਕਰ ਤੁਹਾਨੂੰ ਕੋਈ ਆਮਦਨੀ ਹੈ, ਤਾਂ ਤੁਹਾਨੂੰ ਉਹਨਾਂ ਨੂੰ ਇਸ ਬਾਰੇ ਦੱਸਣ ਦੀ ਲੋੜ ਹੋਵੇਗੀ।

✓ ਤੁਹਾਡੇ ਵੱਲੋਂ ਕੋਈ ਹੋਰ ਵਿਅਕਤੀ ਟੈਕਸ ਆਫ਼ਿਸ ਨਾਲ ਸੰਪਰਕ ਕਰ ਸਕਦਾ ਹੈ। ਪਰ ਤੁਹਾਨੂੰ ਇਹ ਕਹਿਣ ਲਈ ਕੁਝ ਲਿਖਤੀ ਦੇਣਾ ਪਵੇਗਾ ਕਿ ਉਸ ਵਿਅਕਤੀ ਲਈ ਅਜਿਹਾ ਕਰਨਾ ਠੀਕ ਹੈ।

✓ ਜੇਕਰ ਤੁਹਾਡੇ ਜੇਲ੍ਹ ਵਿੱਚ ਹੋਣ ਸਮੇਂ ਤੁਹਾਡਾ ਇੰਪਲੋਇਅਰ ਤੁਹਾਡੀ ਨੌਕਰੀ ਨੂੰ ਤੁਹਾਡੇ ਲਈ ਬਚਾਈ ਰੱਖਦਾ ਹੈ ਤਾਂ ਉਸ ਨੂੰ ਲਿਖਤੀ ਤੌਰ 'ਤੇ ਅਜਿਹਾ ਕਰਨ ਲਈ ਕਹੋ ਤਾਂ ਜੋ ਤੁਹਾਡੇ ਕੋਲ ਇਸਦਾ ਇੱਕ ਰਿਕਾਰਡ ਹੋਵੇ।

✓ ਤੁਹਾਡੇ ਜੇਲ੍ਹ ਵਿੱਚ ਰਹਿੰਦਿਆਂ ਤੁਸੀਂ ਅਜੇ ਵੀ ਆਪਣੇ ਨਿੱਜੀ ਅਲਾਊਂਸ ਪ੍ਰਾਪਤ ਕਰ ਸਕਦੇ ਹੋ।
ਤੁਹਾਡਾ ਨਿੱਜੀ ਅਲਾਊਂਸ, ਆਮਦਨੀ ਦੀ ਉਹ ਰਕਮ ਹੁੰਦੀ ਹੈ ਜਿਸ ਨੂੰ ਤੁਸੀਂ ਕਿਸੇ ਟੈਕਸ ਦਾ ਭੁਗਤਾਨ ਕੀਤੇ ਬਿਨਾਂ ਹਰ ਸਾਲ ਪ੍ਰਾਪਤ ਕਰ ਸਕਦੇ ਹੋ।

**ਤੁਹਾਨੂੰ ਇਹਨਾਂ ਗੱਲਾਂ ਦਾ ਪਤਾ ਲਗਾਉਣ ਲਈ ਆਪਣੇ ਟੈਕਸ ਆਫ਼ਿਸ ਨਾਲ ਸੰਪਰਕ ਕਰਨਾ ਚਾਹੀਦਾ ਹੈ।**

✓ ਆਪਣੀ ਪਤਨੀ ਜਾਂ ਸਾਥੀ ਦੇ ਕੰਮਕਾਜੀ ਹੋਣ ਦੀ ਸਥਿਤੀ ਵਿੱਚ ਕੀ ਤੁਸੀਂ ਬੱਚਿਆਂ ਦੇ ਟੈਕਸ ਕਰੈਡਿਟ ਦੀ ਰਾਸ਼ੀ ਨੂੰ ਉਸਦੇ ਨਾਮ 'ਤੇ ਬਦਲਵਾ ਸਕਦੇ ਹੋ।

✓ ਕੀ ਤੁਸੀਂ ਉਸ ਟੈਕਸ ਨੂੰ ਵਾਪਸ ਲੈ ਸਕਦੇ ਹੋ ਜੋ ਤੁਹਾਡੇ ਬੈਂਕ ਜਾਂ ਬਿਲਡਿੰਗ ਸੋਸਾਇਟੀ ਦੇ ਵਿਆਜ ਵਿੱਚੋਂ ਲਿਆ ਜਾਂਦਾ ਹੈ। ਅਜਿਹਾ ਕਰਨ ਲਈ ਤੁਹਾਨੂੰ ਇੱਕ ਫ਼ਾਰਮ ਭਰਨਾ ਪੈਂਦਾ ਹੈ।

✓ ਕੀ ਤੁਹਾਨੂੰ ਉਹ ਇਨਕਮ ਟੈਕਸ ਵਾਪਸ ਮਿਲ ਸਕਦਾ ਹੈ ਜਿਸਦਾ ਭੁਗਤਾਨ ਤੁਸੀਂ 5 ਅਪ੍ਰੈਲ ਤੋਂ ਲੈ ਕੇ ਕੀਤਾ ਹੈ ਜੇਕਰ ਤੁਹਾਡੀ ਕੋਈ ਨੌਕਰੀ ਹੈ ਅਤੇ ਤੁਹਾਡੇ ਕੋਲ P45 ਅਖਵਾਉਂਦਾ ਤੁਹਾਡੇ ਲਈ ਇੱਕ ਦਸਤਾਵੇਜ਼ ਹੈ।

✓ ਜਾਂ ਫਿਰ ਸਲਾਹ ਲੈਣ ਲਈ ਜੇਕਰ ਤੁਸੀਂ ਆਪਣਾ ਕੰਮ (ਸਵੈ-ਰੁਜ਼ਗਾਰ) ਕਰ ਰਹੇ ਸੀ।

# ਲੋਕ ਜੋ ਜੇਲ੍ਹ ਵਿੱਚ ਤੁਹਾਡੀ ਸਹਾਇਤਾ ਕਰ ਸਕਦੇ ਹਨ

- ਜੇਲ੍ਹ ਵਿੱਚ ਹੋਣ ਸਮੇਂ ਪੇਸ਼ ਆਉਣ ਵਾਲੀਆਂ ਕਿਸੇ ਸਮੱਸਿਆਵਾਂ ਬਾਰੇ ਤੁਸੀਂ ਜੇਲ੍ਹ ਦੇ ਸਟਾਫ਼ ਨਾਲ ਗੱਲ ਕਰ ਸਕਦੇ ਹੋ।
- ਪਰ ਹੋਰ ਵੀ ਵਿਅਕਤੀ ਹਨ ਜੋ ਤੁਹਾਡੀ ਮਦਦ ਕਰ ਸਕਦੇ ਹਨ।
- ਜੇਲ੍ਹ ਦੇ ਸਟਾਫ਼ ਨੂੰ ਤੁਹਾਨੂੰ ਦੱਸਣਾ ਚਾਹੀਦਾ ਹੈ ਕਿ ਹੋਰ ਕੌਣ ਤੁਹਾਡੀ ਮਦਦ ਕਰ ਸਕਦਾ ਹੈ। ਇਸ ਬਾਰੇ ਜਾਣਕਾਰੀ ਤੁਹਾਡੀ ਜੇਲ੍ਹ ਦੇ ਵਿੰਗ 'ਤੇ ਵੀ ਹੋਣੀ ਚਾਹੀਦੀ ਹੈ।

**ਇੱਥੇ ਦੂਸਰੇ ਵਿਅਕਤੀਆਂ ਦੀ ਇੱਕ ਸੂਚੀ ਦਿੱਤੀ ਜਾ ਰਹੀ ਹੈ ਜੋ ਜੇਲ੍ਹ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ। ਅਗਲੇ ਪੰਨੇ 'ਤੇ ਹੋਰ ਵਿਅਕਤੀ ਹਨ।**

**ਜੇਕਰ ਤੁਸੀਂ ਪ੍ਰੇਸ਼ਾਨ ਜਾਂ ਚਿੰਤਿਤ ਮਹਿਸੂਸ ਕਰਦੇ ਅਤੇ ਕਿਸੇ ਨਾਲ ਗੱਲਬਾਤ ਕਰਨੀ ਚਾਹੁੰਦੇ ਹੋ, ਤਾਂ ਤੁਸੀਂ ਇਹਨਾਂ ਨਾਲ ਗੱਲ ਕਰ ਸਕਦੇ ਹੋ।**

✓ ਕੋਈ ਚੈਪਲੇਨ (ਪਾਦਰੀ) ਜਾਂ ਧਰਮ ਨਾਲ ਸੰਬੰਧਿਤ ਕੋਈ ਹੋਰ ਵਿਅਕਤੀ

✓ **ਸਮਾਰੀਟਨਜ਼** ਜਲ ਸਟਾਫ਼ ਨੂੰ ਦੱਸ ਦਿਓ ਕਿ ਤੁਸੀਂ ਸਮਾਰੀਟਨਜ਼ ਨਾਲ ਗੱਲਬਾਤ ਕਰਨੀ ਚਾਹੋਗੇ। ਸਮਾਰੀਟਨਜ਼ ਉਹ ਵਿਅਕਤੀ ਹੁੰਦੇ ਹਨ ਜਿਨ੍ਹਾਂ ਨਾਲ ਤੁਸੀਂ ਇਕਾਂਤ ਵਿੱਚ ਗੱਲਬਾਤ ਕਰ ਸਕਦੇ ਹੋ ਜੇਕਰ ਤੁਸੀਂ ਬਹੁਤ ਜ਼ਿਆਦਾ ਪ੍ਰੇਸ਼ਾਨ ਜਾਂ ਚਿੰਤਿਤ ਮਹਿਸੂਸ ਕਰਦੇ ਹੋ ਜਾਂ ਫਿਰ ਜੇ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਸੀਂ ਸ਼ਾਇਦ ਆਪਣੇ ਆਪ ਨੂੰ ਨੁਕਸਾਨ ਪਹੁੰਚਾਉਣ ਜਾਂ ਜਾਨ ਤੋਂ ਮਾਰ ਦੇਣਾ ਚਾਹੋਗੇ। ਸਮਾਰੀਟਨਜ਼ ਦਿਨ ਵਿੱਚ 24 ਘੰਟੇ ਉਪਲਬਧ ਰਹਿੰਦੇ ਹਨ। ਤੁਸੀਂ ਕਿਸੇ ਸਮਾਰੀਟਨਜ਼ ਨੂੰ ਮਿਲ ਸਕਦੇ ਹੋ, ਉਸ ਨਾਲ ਗੁਪਤ ਤੌਰ 'ਤੇ ਫ਼ੋਨ 'ਤੇ ਗੱਲ ਕਰ ਸਕਦੇ ਹੋ (ਤੁਹਾਨੂੰ ਸਥਾਨਕ ਨੰਬਰ ਲਈ ਨਿਵੇਦਨ ਕਰਨਾ ਪੈਂਦਾ ਹੈ) ਜਾਂ ਉਹਨਾਂ ਨੂੰ ਇਸ ਪਤੇ 'ਤੇ ਲਿਖ ਸਕਦੇ ਹੋਂ

Chris
PO Box 9090
Stirling
FK8 2SA

✓ ਇੱਕ ਸ਼ਰੋਤਾ ਜਾਂ ਇੱਕ ਬਡੀ ਅਖਵਾਉਂਦੇ ਦੂਸਰੇ ਕੈਦੀਂ ਲਿਸਨਰਜ਼ (ਸ਼ਰੋਤਾ) ਉਹ **ਕੈਦੀ** ਹੁੰਦੇ ਹਨ ਜਿਨ੍ਹਾਂ ਨੂੰ ਤੁਹਾਡੀ ਗੱਲ ਸੁਣਨ ਅਤੇ ਤੁਹਾਡੀ ਸਹਾਇਤਾ ਕਰਨ ਲਈ ਸਿੱਖਿਅਤ ਕੀਤਾ ਗਿਆ ਹੁੰਦਾ ਹੈ ਜੇਕਰ ਤੁਸੀਂ ਬਹੁਤ ਪ੍ਰੇਸ਼ਾਨ ਜਾਂ ਚਿੰਤਿਤ ਮਹਿਸੂਸ ਕਰਦੇ ਹੋ। ਉਹ ਜੇਲ੍ਹ ਦੇ ਸਟਾਫ਼ ਨੂੰ ਨਹੀਂ ਦੱਸਣਗੇ ਕਿ ਤੁਸੀਂ ਕੀ ਕਿਹਾ ਸੀ ਜਦੋਂ ਤਕ ਕਿ ਉਹਨਾਂ ਨੂੰ ਇਹ ਚਿੰਤਾ ਨਾ ਹੋਵੇ ਕਿ ਤੁਸੀਂ ਆਪਣੇ ਆਪ ਨੂੰ ਕਿਸੇ ਹੋਰ ਵਿਅਕਤੀ ਨੂੰ ਨੁਕਸਾਨ ਪਹੁੰਚਾ ਦੇਵੋਗੇ। ਕੁਝ ਜੇਲ੍ਹਾਂ ਵਿੱਚ ਬਡੀ ਵੀ ਹੁੰਦੇ ਹਨ। ਬਡੀ ਉਹ ਕੈਦੀ ਹੁੰਦੇ ਹਨ ਜੋ ਤੁਹਾਨੂੰ ਸੁਣਨ ਲਈ ਮੌਜੂਦ ਰਹਿੰਦੇ ਹਨ ਜੇਕਰ ਤੁਹਾਨੂੰ ਕਿਸੇ ਨਾਲ ਗੱਲ ਕਰਨ ਦੀ ਲੋੜ ਮਹਿਸੂਸ ਹੁੰਦੀ ਹੈ। ਲੋੜ ਪੈਣ 'ਤੇ ਬਡੀ ਤੁਹਾਡੇ ਦੁਆਰਾ ਕਹੀਆਂ ਗਈਆਂ ਗੱਲਾਂ ਬਾਰੇ ਜੇਲ੍ਹ ਦੇ ਸਟਾਫ਼ ਨੂੰ ਦੱਸ ਸਕਦੇ ਹਨ।

✓ **ਜੇਲ੍ਹ ਦੇ ਅਧਿਕਾਰਿਤ ਮੁਲਾਕਾਤੀ** ਇਹ ਸਥਾਨਕ ਵਿਅਕਤੀ ਹੁੰਦੇ ਹਨ ਜੋ ਕਿ ਉਹਨਾਂ ਕੈਦੀਆਂ ਨੂੰ ਮਿਲਣ ਜਾ ਸਕਦੇ ਹਨ ਜਿਨ੍ਹਾਂ ਨਾਲ ਮੁਲਾਕਾਤ ਕਰਨ ਵਾਲੇ ਜ਼ਿਆਦਾ ਵਿਅਕਤੀ ਨਾ ਹੋਣ ਜਾਂ ਫਿਰ ਜੋ ਸਿਰਫ਼ ਜੇਲ੍ਹ ਤੋਂ ਬਾਹਰ ਕਿਸੇ ਵਿਅਕਤੀ ਨਾਲ ਗੱਲ ਕਰਨਾ ਚਾਹੁੰਦੇ ਹੋਣ। ਇਹਨਾਂ ਵਿੱਚੋਂ ਕਿਸੇ ਵਿਅਕਤੀ ਦੁਆਰਾ ਤੁਹਾਡੇ ਨਾਲ ਮੁਲਾਕਾਤ ਕੀਤੇ ਜਾਣ ਲਈ ਨਿਵੇਦਨ ਕਰਨ ਲਈ ਇੱਕ ਅਧਿਕਾਰਿਤ ਜੇਲ੍ਹ ਮੁਲਾਕਾਤ ਤਾਲਮੇਲ ਅਧਿਕਾਰੀ ਨਾਲ ਗੱਲ ਕਰੋ।

## ਹੋਰ ਵਿਅਕਤੀ ਜੋ ਤੁਹਾਡੀ ਮਦਦ ਕਰ ਸਕਦੇ ਹਨ

**ਜੇਕਰ ਕੋਈ ਤੁਹਾਨੂੰ ਸੱਟ ਪਹੁੰਚਾ ਰਿਹਾ ਹੈ ਜਾਂ ਤੁਹਾਡੇ ਪ੍ਰਤੀ ਹਿੰਸਕ ਹੋ ਰਿਹਾ ਹੈ।**

✓ ਤੁਰੰਤ ਜੇਲ੍ਹ ਸਟਾਫ਼ ਦੇ **ਕਿਸੇ ਵੀ** ਮੈਂਬਰ ਨਾਲ ਗੱਲ ਕਰੋ। ਉਹ ਤੁਹਾਡੀ ਮਦਦ ਕਰ ਸਕਣਗੀਆਂ।

**ਹੋਰ ਕੰਮਾਂ ਵਿੱਚ ਮਦਦ**

✓ **ਦੂਸਰੇ ਸੰਗਠਨ** ਵੀ ਕੈਦੀਆਂ ਦੀ ਮਦਦ ਕਰਦੇ ਹਨ। ਉਦਾਹਰਨ ਲਈ ਸਿਟੀਜਨਜ਼ ਐਡਵਾਈਸ ਬਿਊਰੋ ਧਨ ਅਤੇ ਕਾਨੂੰਨ ਵਰਗੀਆਂ ਚੀਜ਼ਾਂ ਵਿੱਚ ਮਦਦ ਦਿੰਦਾ ਹੈ। ਅਲਕੋਹਲਿਕਸ (ਸ਼ਰਾਬ ਸੰਬੰਧੀ) ਜਾਂ ਨਾਰਕੌਟਿਕਸ (ਨਸ਼ਿਆਂ ਸੰਬੰਧੀ) ਬੇਨਾਮੀ ਸੰਗਠਨ ਨਸ਼ੇ ਜਾਂ ਸ਼ਰਾਬ ਸੰਬੰਧੀ ਸਮੱਸਿਆਵਾਂ ਨੂੰ ਹੱਲ ਕਰਨ ਵੱਲ ਮਦਦ ਦਿੰਦਾ ਹੈ। ਜੇਲ੍ਹ ਸਟਾਫ਼ ਨੂੰ ਪੁੱਛੋ ਕਿ ਤੁਹਾਡੀ ਜੇਲ੍ਹ ਵਿੱਚ ਤੁਹਾਨੂੰ ਕੀ ਮਦਦ ਮਿਲ ਸਕਦੀ ਹੈ।

✓ **ਨਿਊ ਬ੍ਰਿਜ ਫਾਊਂਡੇਸ਼ਨ** ਇਹ ਇੱਕ ਅਜਿਹਾ ਸੰਗਠਨ ਹੈ ਜੋ ਕਿ ਕੈਦੀਆਂ ਨਾਲ ਮੁਲਾਕਾਤ ਕਰਨ ਲਈ ਜੇਲ੍ਹ ਵਿੱਚ ਆ ਕੇ ਅਤੇ ਉਹਨਾਂ ਨੂੰ ਜੇਲ੍ਹ ਤੋਂ ਬਾਅਦ ਦੀ ਜ਼ਿੰਦਗੀ ਲਈ ਤਿਆਰ ਕਰਨ ਵਿੱਚ ਮਦਦ ਦੇਕੇ ਉਹਨਾਂ ਦੀ ਮਦਦ ਕਰਦਾ ਹੈ।
ਜੇ ਤੁਸੀਂ ਚਾਹੁੰਦੇ ਹੋ ਕਿ ਕੋਈ ਵਲੰਟੀਅਰ ਤੁਹਾਡੀ ਜੇਲ੍ਹ ਵਿੱਚ ਤੁਹਾਡੇ ਨਾਲ ਮੁਲਾਕਾਤ ਕਰਨ ਆਵੇ ਤਾਂ ਜੇਲ੍ਹ ਦੇ ਸਟਾਫ਼ ਨੂੰ ਨਿਵੇਦਨ ਕਰੋ। ਜਾਂ ਫਿਰ ਤੁਸੀਂ ਨਿਊ ਬ੍ਰਿਜ ਫਾਊਂਡੇਸ਼ਨ ਨਾਲ ਇਸ ਪਤੇ 'ਤੇ ਸੰਪਰਕ ਕਰ ਸਕਦੇ ਹੋ

The New Bridge Foundation
27a Medway Street
London
SW1P 2BD
ਟੈਲੀਫ਼ੋਨ 0207 976 0779

**ਜੇਲ੍ਹ ਵਿੱਚ ਪੇਸ਼ ਆਉਣ ਵਾਲੀਆਂ ਸਮੱਸਿਆਵਾਂ ਬਾਰੇ ਕਿਸ ਨਾਲ ਗੱਲ ਕੀਤੀ ਜਾਵੇ**

✓ **ਇੰਡੀਪੈਨਡੇਂਟ ਮਾਨਿਟਰਿੰਗ ਬੋਰਡ (ਸੁਤੰਤਰ ਨਿਗਰਾਨੀ ਬੋਰਡ)** ਇਹ ਵਿਅਕਤੀ ਜੇਲ੍ਹਾਂ ਦੀ ਜਾਂਚ ਕਰਕੇ ਯਕੀਨੀ ਬਣਾਉਂਦੇ ਹਨ ਕਿ ਉਹਨਾਂ ਨੂੰ ਇੱਕ ਵਧੀਆ ਅਤੇ ਨਿਰਪੱਖ ਢੰਗ ਵਿੱਚ ਚਲਾਇਆ ਜਾਂਦਾ ਹੈ। ਉਹ ਜੇਲ੍ਹ ਲਈ ਕੰਮ ਨਹੀਂ ਕਰਦੇ। ਉਹ ਸਥਾਨਕ ਖੇਤਰ ਦੇ ਲੋਕ ਹੁੰਦੇ ਹਨ ਜੋ ਕਿ ਵਲੰਟੀਅਰ ਹੁੰਦੇ ਹਨ। ਜੇਕਰ ਤੁਸੀਂ ਜੇਲ੍ਹ ਦੀ ਜ਼ਿੰਦਗੀ ਬਾਰੇ ਕੋਈ ਸ਼ਿਕਾਇਤ ਕਰਨੀ ਚਾਹੁੰਦੇ ਹੋ ਤਾਂ ਤੁਸੀਂ ਸੁਤੰਤਰ ਨਿਗਰਾਨੀ ਬੋਰਡ ਵੱਲ ਕਿਸੇ ਵਿਅਕਤੀ ਨੂੰ ਜਾਂ ਇੱਥੋਂ ਤਕ ਕਿ ਪੂਰੇ ਬੋਰਡ ਨੂੰ ਮਿਲਣ ਲਈ ਨਿਵੇਦਨ ਕਰ ਸਕਦੇ ਹੋ ਜਦੋਂ ਉਹ ਅਗਲੀ ਵਾਰ ਜੇਲ੍ਹ ਵਿੱਚ ਆਉਣਗੇ। ਅਜਿਹਾ ਕਰਨ ਲਈ ਤੁਹਾਨੂੰ ਇੱਕ ਵਿਸ਼ੇਸ਼ ਫ਼ਾਰਮ ਭਰਨਾ ਪਵੇਗਾ। ਸੁਤੰਤਰ ਨਿਗਰਾਨੀ ਬੋਰਡ ਬਾਰੇ ਫ਼ਾਰਮ ਅਤੇ ਇੱਕ ਪੱਤਰਿਕਾ, ਤੁਹਾਡੇ ਜੇਲ੍ਹ ਦੇ ਵਿੰਗ 'ਤੇ ਹੋਣੇ ਚਾਹੀਦੇ ਹਨ।

✓ ਤੁਸੀਂ ਜੇਲ੍ਹ ਦੇ ਸਟਾਫ਼ ਨੂੰ ਜਾਂ ਜੇਲ੍ਹਾਂ ਅਤੇ ਪ੍ਰੋਬੇਸ਼ਨ ਓਮਬਡਜ਼ਮੈਨ ਨੂੰ ਵੀ ਸ਼ਿਕਾਇਤ ਕਰ ਸਕਦੇ ਹੋ। **ਵਧੇਰੇ ਜਾਣਕਾਰੀ ਲਈ ਪੰਨਾ 115 ਦੇਖੋ।**

# ਪਰਿਵਾਰ ਅਤੇ ਦੋਸਤਾਂ ਦੇ ਨਾਲ ਸੰਪਰਕ ਰੱਖਣਾ

ਤੁਹਾਡੀ ਜੇਲ੍ਹ ਨੂੰ ਪਰਿਵਾਰ ਅਤੇ ਮਿੱਤਰਾਂ ਦੇ ਸੰਪਰਕ ਵਿੱਚ ਬਣੇ ਰਹਿਣ ਵਿੱਚ ਤੁਹਾਡੀ ਮਦਦ ਜ਼ਰੂਰ ਕਰਨੀ ਚਾਹੀਦੀ ਹੈ।

ਜੇਲ੍ਹ ਵਿੱਚ ਤੁਸੀਂ-

- ਪੱਤਰ ਲਿਖ ਸਕਦੇ ਹੋ
- ਟੈਲੀਫ਼ੋਨ ਕਾਲਾਂ ਕਰ ਸਕਦੇ ਹੋ
- ਲੋਕਾਂ ਨੂੰ ਆਪਣੇ ਨਾਲ ਮੁਲਾਕਾਤ ਕਰਨ ਲਈ ਬੁਲਾ ਸਕਦੇ ਹੋ

ਲੋੜ ਹੋਣ 'ਤੇ ਜੇਲ੍ਹ ਦੇ ਕਿਸੇ ਅਧਿਕਾਰੀ ਨੂੰ ਇਹਨਾਂ ਕੰਮਾਂ ਵਿੱਚ ਤੁਹਾਡੀ ਮਦਦ ਕਰਨ ਲਈ ਨਿਵੇਦਨ ਕਹੋ।

## ਪਰਿਵਾਰ ਜਾਂ ਮਿੱਤਰਾਂ ਵਲੋਂ ਮੁਲਾਕਾਤਾਂ

**ਮੁੱਖ ਗੱਲਾਂ (ਅਗਲੇ ਪੰਨ੍ਹੇ 'ਤੇ ਕੁਝ ਹੋਰ ਗੱਲਾਂ ਦਿੱਤੀਆਂ ਗਈਆਂ ਹਨ)**

✓ ਜੇਲ੍ਹ ਵਿੱਚ ਕਿਸੇ ਵਿਅਕਤੀ ਦੁਆਰਾ ਤੁਹਾਡੇ ਨਾਲ ਮੁਲਾਕਾਤ ਕੀਤੇ ਜਾਣ ਤੋਂ ਪਹਿਲਾਂ ਤੁਹਾਨੂੰ ਆਮ ਤੌਰ 'ਤੇ **ਵਿਜ਼ਿਟਿੰਗ ਆਰਡਰ (ਮੁਲਾਕਾਤੀ ਆਦੇਸ਼)** ਅਖਵਾਉਂਦਾ ਇੱਕ ਫ਼ਾਰਮ ਭਰਨਾ ਪੈਂਦਾ ਹੈ (ਜਦੋਂ ਤਕ ਕਿ ਤੁਸੀਂ ਇੱਕ ਗੈਰ ਦੋਸ਼ ਸਿੱਧ ਜਾਂ ਦੀਵਾਨੀ ਕੈਦੀ ਨਾ ਹੋਵੋ)

✓ ਮੁਲਾਕਾਤਾਂ ਜੇਲ੍ਹ ਅੰਦਰ ਇੱਕ ਹਾਲ (ਵੱਡੇ ਕਮਰੇ) ਵਿੱਚ ਕਰਵਾਈਆਂ ਜਾਂਦੀਆਂ ਹਨ। ਜੇਲ੍ਹ ਦਾ ਸਟਾਫ਼ ਤੁਹਾਨੂੰ ਦੱਸ ਦੇਵੇਗਾ ਕਿ ਤੁਸੀਂ ਹਾਲ ਦੇ ਕਿਹੜੇ ਹਿੱਸੇ ਵਿੱਚ ਬੈਠਣਾ ਹੈ।

✓ ਹਰੇਕ ਜੇਲ੍ਹ ਦਾ ਗਵਰਨਰ ਮੁਲਾਕਾਤਾਂ ਦੇ ਸਮੇਂ ਅਤੇ ਦਿਨ ਤੈਅ ਕਰਦਾ ਹੈ। ਆਮ ਤੌਰ 'ਤੇ ਜਨਤਕ ਛੁੱਟੀਆਂ (ਜਿਵੇਂ ਕਿ ਕ੍ਰਿਸਮਸ ਅਤੇ ਈਸਟਰ) ਨੂੰ ਮੁਲਾਕਾਤਾਂ ਨਹੀਂ ਹੋ ਸਕਦੀਆਂ।

✓ ਜੇਲ੍ਹ ਦੇ ਸਟਾਫ਼ ਨੂੰ ਸ਼ਾਇਦ ਇਸਦਾ ਫ਼ੈਸਲਾ ਕਰਨਾ ਪੈ ਸਕਦਾ ਹੈ ਕਿ ਕੀ ਬੱਚੇ ਤੁਹਾਡੇ ਨਾਲ ਮੁਲਾਕਾਤ ਕਰ ਸਕਦੇ ਹਨ ਜਾਂ ਨਹੀਂ। ਇਹ ਤੁਹਾਡੇ ਦੁਆਰਾ ਕੀਤਾ ਗਿਆ ਅਪਰਾਧ ਅਤੇ ਜੇਲ੍ਹ ਵਿੱਚ ਰਹਿਣ ਸਮੇਂ ਤੁਹਾਡੇ ਵਿਵਹਾਰ ਵਰਗੀਆਂ ਗੱਲਾਂ 'ਤੇ ਨਿਰਭਰ ਕਰਦਾ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਜੇਲ੍ਹ ਦਾ ਸਟਾਫ਼ ਤੁਹਾਨੂੰ ਦੱਸ ਦੇਵੇਗਾ।

- ✓ ਕਿਸੇ ਵੀ ਗਿਣਤੀ ਵਿੱਚ ਬੱਚਿਆਂ ਨੂੰ ਨਾਲ ਲੈ ਕੇ 3 ਤਕ ਬਾਲਗ ਆਮ ਤੌਰ 'ਤੇ ਹਰ ਵਾਰ ਤੁਹਾਡੇ ਨਾਲ ਮੁਲਾਕਾਤ ਕਰ ਸਕਦੇ ਹਨ। ਉਹਨਾਂ ਸਭ ਨੂੰ ਇੱਕ ਹੀ ਸਮੇਂ 'ਤੇ ਮੁਲਾਕਾਤ ਕਰਨੀ ਚਾਹੀਦੀ ਹੈ ਅਤੇ ਉਹਨਾਂ ਸਭ ਦੇ ਨਾਮ ਵਿਜ਼ਿਟਿੰਗ ਆਰਡਰ 'ਤੇ ਜ਼ਰੂਰ ਹੋਣੇ ਚਾਹੀਦੇ ਹਨ।
- ✓ ਬੱਚਿਆਂ ਨੂੰ ਆਮ ਤੌਰ 'ਤੇ ਕਿਸੇ ਬਾਲਗ ਨਾਲ ਹੋਣ ਦੀ ਲੋੜ ਹੁੰਦੀ ਹੈ ਪਰ ਕੁਝ ਜੇਲ੍ਹਾਂ ਵਿੱਚ 16 ਤੋਂ 18 ਸਾਲ ਵਾਲੇ ਆਪਣੇ ਆਪ ਮੁਲਾਕਾਤ ਕਰ ਸਕਦੇ ਹਨ।
- ✓ ਇਸ ਗੱਲ ਦਾ ਪਤਾ ਲਗਾਉਣਾ ਇੱਕ ਚੰਗਾ ਵਿਚਾਰ ਹੈ ਕਿ ਤੁਹਾਡੇ ਨਾਲ ਮੁਲਾਕਾਤ ਕਰਨ ਲਈ ਕੌਣ ਆ ਰਿਹਾ ਹੈ। ਜੇਕਰ ਉਸੇ ਦਿਨ ਵਿਅਕਤੀਆਂ ਦਾ ਦੂਸਰਾ ਸਮੂਹ ਆ ਪਹੁੰਚਾ ਹੈ, ਤਾਂ ਉਹਨਾਂ ਨੂੰ ਤੁਹਾਨੂੰ ਮਿਲਣ ਦੀ ਆਗਿਆ ਸ਼ਾਇਦ ਨਹੀਂ ਮਿਲੇਗੀ।
- ✓ ਜੇਲ ਪ੍ਰਬੰਧਨ ਨਿਯਮਵਾਲੀ 4410 ਵਿੱਚ ਇਸ ਬਾਰੇ ਵਧੇਰੇ ਜਾਣਕਾਰੀ ਦਿੱਤੀ ਗਈ ਹੈ। ਇਸਦੀ ਇੱਕ ਪ੍ਰਤੀ ਲਾਇਬ੍ਰੇਰੀ ਵਿੱਚ ਮੌਜੂਦ ਹੈ।

## ਗੈਰ ਦੋਸ਼ ਸਿੱਧ ਅਤੇ ਦੀਵਾਨੀ ਕੈਦੀਆਂ ਲਈ

- ✓ ਤੁਹਾਡੇ ਪਰਿਵਾਰ ਨੂੰ ਆਮ ਤੌਰ 'ਤੇ ਤੁਹਾਨੂੰ ਮਿਲਣ ਲਈ ਸਮੇਂ ਦਾ ਪ੍ਰਬੰਧ ਕਰਨ ਲਈ ਜੇਲ੍ਹ ਨੂੰ ਫ਼ੋਨ ਕਰਨਾ ਪਵੇਗਾ। ਤੁਹਾਨੂੰ ਕੋਈ ਵਿਜ਼ਿਟਿੰਗ ਆਰਡਰ ਫ਼ਾਰਮ **ਨਹੀਂ** ਭਰਨਾ ਪੈਂਦਾ।
- ✓ ਤੁਹਾਨੂੰ ਆਮ ਤੌਰ 'ਤੇ ਇੱਕ ਹਫ਼ਤੇ ਵਿੱਚ 3 ਮੁਲਾਕਾਤਾਂ ਕਰਨ ਦੀ ਆਗਿਆ ਹੁੰਦੀ ਹੈ। ਇਹਨਾਂ ਵਿੱਚੋਂ ਹਰੇਕ ਮੁਲਾਕਾਤ ਹਰ ਵਾਰੀ 1 ਘੰਟੇ ਦੀ ਹੋਵੇਗੀ।
  ਇਹਨਾਂ ਵਿੱਚੋਂ ਇੱਕ ਮੁਲਾਕਾਤ ਵੀਕਏਂਡ 'ਤੇ ਕੀਤੀ ਜਾ ਸਕਦੀ ਹੈ।
- ✓ ਕੁਝ ਜੇਲ੍ਹਾਂ ਵਿੱਚ, ਤੁਸੀਂ ਵਧੇਰੇ ਦਿਨਾਂ 'ਤੇ ਇੱਕ ਛੋਟੀ ਮੁਲਾਕਾਤ ਕਰ ਸਕਦੇ ਹੋ।
- ✓ ਤੁਸੀਂ ਵਧੇਰੇ ਮੁਲਾਕਾਤਾਂ ਜਾਂ ਵਧੇਰੇ ਲੰਮੀਆਂ ਮੁਲਾਕਾਤਾਂ ਪ੍ਰਾਪਤ ਕਰ ਸਕਦੇ ਹੋ ਇਹ ਅਜਿਹੀਆਂ ਗੱਲਾਂ 'ਤੇ ਨਿਰਭਰ ਕਰਦਾ ਹੈ ਜਿਵੇਂ ਕਿ ਤੁਹਾਡਾ ਵਿਵਹਾਰ ਅਤੇ ਉਹ ਜੇਲ੍ਹ ਜਿਸ ਵਿੱਚ ਤੁਸੀਂ ਹੋ **ਪੰਨਾ 64** ਦੇਖੋ
- ✓ ਹਰੇਕ ਮੁਲਾਕਾਤ ਲਈ ਕਿਸੇ ਵੀ ਗਿਣਤੀ ਵਿੱਚ ਬੱਚਿਆਂ ਨਾਲ 3 ਤਕ ਬਾਲਗ ਆ ਸਕਦੇ ਹਨ।
- ✓ ਜੇਕਰ ਟੀਨਏਜ਼ਰ ਕਿਸ਼ੋਰ ਤੁਹਾਡੇ ਨਾਲ ਮੁਲਾਕਾਤ ਕਰਨ ਲਈ ਆ ਰਹੇ ਹਨ ਤਾਂ ਜੇਲ੍ਹ ਦੇ ਸਟਾਫ਼ ਤੋਂ ਪਤਾ ਕਰ ਲਓ। ਕੁਝ ਜੇਲ੍ਹਾਂ ਟੀਨਏਜਰਾਂ ਦੀ ਗਿਣਤੀ ਬਾਲਗਾਂ ਵਜੋਂ ਕਰਦੀਆਂ ਹਨ।
- ✓ ਤੁਸੀਂ ਆਪਣੇ ਪਰਿਵਾਰ ਵਿਚਲੇ ਕਿਸੇ ਦੂਸਰੇ ਵਿਅਕਤੀ ਨਾਲ ਮੁਲਾਕਾਤ ਕਰ ਸਕਦੇ ਹੋ ਜੋ ਕਿ ਕਿਸੇ ਦੂਸਰੀ ਜੇਲ੍ਹ ਵਿੱਚ ਇੱਕ ਗੈਰ ਦੋਸ਼ ਸਿੱਧ ਕੈਦੀ ਹੈ। ਇਹ ਆਮ ਤੌਰ 'ਤੇ ਤਾਂ ਹੀ ਹੋ ਸਕਦਾ ਹੈ ਜੇਕਰ ਤੁਹਾਡੇ ਦੋਵਾਂ ਦੇ ਇੱਕ ਹੋਰ ਮਹੀਨੇ ਲਈ ਜੇਲ੍ਹ ਵਿੱਚ ਰਹਿਣ ਦੀ ਸੰਭਾਵਨਾ ਹੋਵੇ। ਜੇਕਰ ਤੁਸੀਂ ਅਜਿਹਾ ਕਰਨਾ ਚਾਹੁੰਦੇ ਹੋ ਤਾਂ ਜੇਲ੍ਹ ਦੇ ਸਟਾਫ਼ ਨੂੰ ਨਿਵੇਦਨ ਕਰੋ।

## ਸਾਰੇ ਦੂਸਰੇ ਕੈਦੀਆਂ ਲਈ

- ✓ ਤੁਸੀਂ ਹਰੇਕ 4 ਹਫ਼ਤਿਆਂ ਵਿੱਚ ਘੱਟੋ-ਘੱਟ 2 ਮੁਲਾਕਾਤਾਂ ਕਰ ਸਕਦੇ ਹੋ। ਇਹਨਾਂ ਮੁਲਾਕਾਤਾਂ ਦੀ ਅਵਧੀ 1 ਘੰਟਾ ਹੋਵੇਗੀ।
- ✓ ਤੁਸੀਂ ਜੇਲ੍ਹ ਵਿੱਚ ਰਹਿੰਦੇ ਸਮੇਂ ਆਪਣੇ ਵਿਵਹਾਰ ਦੇ ਆਧਾਰ 'ਤੇ ਸ਼ਾਇਦ ਵਧੇਰੇ ਮੁਲਾਕਾਤਾਂ ਪ੍ਰਾਪਤ ਕਰ ਸਕਦੇ ਹੋ। **ਪੰਨਾ 64 ਦੇਖੋ।**

## ਕਿਸੇ ਮੁਲਾਕਾਤ ਦਾ ਪ੍ਰਬੰਧ ਕਿਵੇਂ ਕਰਨੀ ਹੈ

1. **ਵਿਜ਼ਟਿੰਗ ਆਰਡਰ** ਅਖਵਾਉਂਦਾ ਇੱਕ ਫ਼ਾਰਮ ਭਰੋ। ਤੁਹਾਨੂੰ ਹਰੇਕ 2 ਹਫ਼ਤਿਆਂ 'ਤੇ ਇੱਕ ਨਵਾਂ ਵਿਜ਼ਿਟਿੰਗ ਆਰਡਰ ਪ੍ਰਾਪਤ ਹੋਵੇਗਾ।

2. ਫ਼ਾਰਮ 'ਤੇ ਉਹਨਾਂ ਸਾਰੇ ਵਿਅਕਤੀਆਂ ਦੇ ਨਾਮ ਲਿਖੋ ਜਿਨ੍ਹਾਂ ਨੂੰ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੇ ਨਾਲ ਮੁਲਾਕਾਤ ਕਰਨ। ਕਿਸੇ ਬੱਚਿਆਂ ਦੇ ਨਾਲ ਵੀ ਸ਼ਾਮਲ ਕਰੋ ਜਿਨ੍ਹਾਂ ਨੂੰ ਤੁਸੀਂ ਆਪਣੇ ਨਾਲ ਮਿਲਾਉਣਾ ਚਾਹੁੰਦੇ ਹੋ।

3. ਵਿਜ਼ਿਟਿੰਗ ਆਰਡਰ ਉਹਨਾਂ ਵਿਅਕਤੀਆਂ ਵਿੱਚੋਂ ਕਿਸੇ ਇੱਕ ਨੂੰ ਭੇਜ ਦਿਓ ਜਿਨ੍ਹਾਂ ਨੂੰ ਤੁਸੀਂ ਮਿਲਣਾ ਚਾਹੁੰਦੇ ਹੋ।

4. ਤੁਹਾਡੇ ਨਾਲ ਮੁਲਾਕਾਤ ਕਰਨ ਵਾਲੇ ਵਿਅਕਤੀਆਂ ਨੂੰ ਇਹ ਫ਼ਾਰਮ ਆਪਣੇ ਨਾਲ ਜ਼ਰੂਰ ਲਿਆਉਣਾ ਚਾਹੀਦਾ ਹੈ।

## ਮੁਲਾਕਾਤਾਂ ਬਾਰੇ ਹੋਰ ਜਾਣਕਾਰੀ

### ਕਿਸੇ ਦੂਸਰੀ ਜੇਲ੍ਹ ਵਿਚਲੇ ਆਪਣੇ ਪਰਿਵਾਰ ਦੇ ਕਿਸੇ ਵਿਅਕਤੀ ਨਾਲ ਮੁਲਾਕਾਤ ਕਰਨੀ

ਤੁਸੀਂ ਆਪਣੇ ਪਰਿਵਾਰ ਦੇ ਕਿਸੇ ਨੇੜਲੇ ਮੈਂਬਰ ਨਾਲ ਮੁਲਾਕਾਤ ਕਰ ਸਕਦੇ ਹੋ ਜੋ ਕਿਸੇ ਦੂਸਰੀ ਜੇਲ੍ਹ ਵਿੱਚ ਹੈ ਤੁਸੀਂ ਹਰੇਕ 3 ਮਹੀਨਿਆਂ ਵਿੱਚ ਇੱਕ ਵਾਰੀ ਅਜਿਹਾ ਕਰਨ ਲਈ ਆਵੇਦਨ ਕਰ ਸਕਦੇ ਹੋ। ਅਜਿਹਾ ਕਰਨ ਲਈ ਤੁਹਾਨੂੰ ਦੋਵਾਂ ਨੂੰ ਇੱਕ ਵਿਜ਼ਿਟਿੰਗ ਆਰਡਰ ਫ਼ਾਰਮ ਭਰਨਾ ਪਵੇਗਾ। ਇਸ ਮੁਲਾਕਾਤ ਦਾ ਪ੍ਰਬੰਧ ਕਰਨ ਵਿੱਚ ਕੁਝ ਸਮਾਂ ਲੱਗ ਸਕਦਾ ਹੈ

## ਜੇ ਤੁਹਾਨੂੰ ਤੁਹਾਡੇ ਪਰਿਵਾਰ ਜਾਂ ਮਿੱਤਰਾਂ ਤੋਂ ਇੱਕ ਲੰਮੀ ਦੂਰੀ 'ਤੇ ਪੈਂਦੀ ਜੇਲ੍ਹ ਵਿੱਚ ਬਦਲ ਦਿੱਤਾ ਜਾਂਦਾ ਹੈ

- ਤੁਸੀਂ ਮੁਲਾਕਾਤਾਂ ਬਚਾ ਵੀ ਸਕਦੇ ਹੋ। ਤੁਸੀਂ ਘੱਟੋ-ਘੱਟ 3 ਮੁਲਾਕਾਤਾਂ ਅਤੇ ਇੱਥੋਂ ਤਕ ਕਿ 26 ਮੁਲਾਕਾਤਾਂ ਤਕ ਬਚਾ ਸਕਦੇ ਹੋ। ਇਹਨਾਂ ਨੂੰ **ਜਮ੍ਹਾਂ ਕੀਤੀਆਂ ਗਈਆਂ ਮੁਲਾਕਾਤਾਂ** ਕਿਹਾ ਜਾਂਦਾ ਹੈ। ਅਜਿਹਾ ਕਿਵੇਂ ਕਰਨਾ ਹੈ ਇਸ ਬਾਰੇ ਜੇਲ੍ਹ ਦੇ ਸਟਾਫ ਨੂੰ ਪੁੱਛੋ। ਤੁਹਾਨੂੰ ਅਜਿਹਾ ਕਰਨ ਲਈ ਸ਼ਾਇਦ ਉਡੀਕ ਕਰਨੀ ਪੈ ਸਕਦੀ ਹੈ ਕਿਉਂਕਿ ਜੇਲ੍ਹਾਂ ਵਿਅਸਤ ਹਨ।

- ਤੁਸੀਂ ਗਵਰਨਰ ਨੂੰ ਵੀ ਪੁੱਛ ਸਕਦੇ ਹੋ ਕਿ ਕੀ ਤੁਹਾਨੂੰ **ਥੋੜ੍ਹੇ ਜਿਹੇ ਸਮੇਂ** ਲਈ ਤੁਹਾਡੇ ਪਰਿਵਾਰ ਜਾਂ ਮਿੱਤਰਾਂ ਦੇ ਵਧੇਰੇ ਨਜ਼ਦੀਕ ਪੈਂਦੀ ਕਿਸੇ ਦੂਸਰੀ ਜੇਲ੍ਹ ਵਿੱਚ ਬਦਲਿਆ ਜਾ ਸਕਦਾ ਹੈ। ਤੁਸੀਂ ਅਜਿਹਾ ਆਪਣੀ ਮੌਜੂਦਾ ਜੇਲ੍ਹ ਵਿੱਚ ਰਹਿਣ ਤੋਂ 6 ਮਹੀਨਿਆਂ ਬਾਅਦ ਕਰ ਸਕਦੇ ਹੋ।

- ਤੁਹਾਨੂੰ ਆਪਣੀ ਨਵੀਂ ਜੇਲ੍ਹ ਦੇ ਮੁਲਾਕਾਤ ਸੰਬੰਧੀ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ।

- ਆਪਣੀ ਪੁਰਾਣੀ ਜੇਲ੍ਹ ਵਿੱਚ ਵਾਪਸ ਪਹੁੰਚਣ ਤੋਂ ਬਾਅਦ ਤੁਸੀਂ ਦੋਬਾਰਾ ਮੁਲਾਕਾਤਾਂ ਬਚਾਉਣੀਆਂ ਸ਼ੁਰੂ ਕਰ ਸਕਦੇ ਹੋ।

## ਮੁਲਾਕਾਤੀਆਂ ਲਈ ਯਾਤਰਾ ਦੇ ਖ਼ਰਚ ਵਿੱਚ ਮਦਦ

- ਉਹ ਵਿਅਕਤੀ ਜੋ ਤੁਹਾਨੂੰ ਮਿਲਣ ਆਉਂਦੇ ਹਨ, ਉਹ ਸ਼ਾਇਦ ਤੁਹਾਡੇ ਨਾਲ ਮੁਲਾਕਾਤ ਕਰਨ ਸਮੇਂ ਹੋਣ ਵਾਲੇ ਆਪਣੇ ਯਾਤਰਾ ਖ਼ਰਚਿਆਂ ਦੇ ਭੁਗਤਾਨ ਵਿੱਚ ਮਦਦ ਲਈ ਕੁਝ ਧਨ ਪ੍ਰਾਪਤ ਕਰ ਸਕਦੇ ਹਨ। ਇਸ ਮਦਦ ਨੂੰ ਪ੍ਰਾਪਤ ਕਰਨ ਲਈ ਉਹਨਾਂ ਨੂੰ 18 ਸਾਲ ਤੋਂ ਵੱਧ ਉਮਰ ਦਾ ਹੋਣਾ, ਕੁਝ ਬੈਨਿਫ਼ਿਟਾਂ 'ਤੇ ਹੋਣਾ ਅਤੇ ਬਹੁਤ ਜ਼ਿਆਦਾ ਧਨ ਨਾ ਕਮਾਉਂਦਾ ਹੋਣਾ ਚਾਹੀਦਾ ਹੈ।

- ਸਹਾਇਕ ਜੇਲ੍ਹ ਮੁਲਾਕਾਤਾਂ ਸਕੀਮ ਵਲੋਂ ਧਨ ਪ੍ਰਾਪਤ ਕਰਨ ਲਈ ਆਵੇਦਨ ਕਰਨ ਲਈ ਉਹਨਾਂ ਨੂੰ ਇੱਕ **ਫ਼ਾਰਮ** ਭਰਨਾ ਪੈਂਦਾ ਹੈ।

- ਇਸ ਬਾਰੇ ਜਾਣਕਾਰੀ **ਪ੍ਰਿਜ਼ਨ ਸਰਵਿਸ ਆਰਡਰ 4405** ਅਤੇ ਉਸ ਹਾਲ ਵਿੱਚ ਦਿੱਤੀ ਗਈ ਹੈ ਜਿੱਥੇ ਲੋਕ ਤੁਹਾਡੇ ਨਾਲ ਮੁਲਾਕਾਤ ਕਰਨ ਆਉਂਦੇ ਹਨ।

- ਤੁਸੀਂ ਭਰਨ ਲਈ ਫ਼ਾਰਮ ਜੇਲ੍ਹ ਤੋਂ, ਮੁਲਾਕਾਤੀਆਂ ਲਈ ਕੇਂਦਰ ਤੋਂ ਅਤੇ ਉਸ ਹਾਲ ਤੋਂ ਜਿੱਥੇ ਲੋਕ ਤੁਹਾਨੂੰ ਮਿਲਣ ਆਉਂਦੇ ਹਨ ਜਾਂ ਫਿਰ ਸਹਾਇਕ ਜੇਲ੍ਹ ਮੁਲਾਕਾਤਾਂ ਇਕਾਈ ਨਾਲ ਹੇਠਾਂ ਦੱਸੇ ਟੈਲੀਫ਼ੋਨ ਨੰਬਰ 'ਤੇ ਸੰਪਰਕ ਕਰਕੇ ਪ੍ਰਾਪਤ ਕਰ ਸਕਦੇ ਹੋਂ

  Assisted Prison Visits Unit
  PO Box 2152
  Birmingham
  B15 1SD

ਟੈਲੀਫ਼ੋਨ : 0845 300 1423 ਜਾਂ 0121 626 2000
(ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 10:15 ਤੋਂ 11:45 ਤਕ ਅਤੇ ਬਾਅਦ ਦੁਪਹਿਰ 14:15 ਤੋਂ 15:45 ਤਕ)
ਟੈਕਸਟਫ਼ੋਨ: 0845 304 0800 (ਉਹਨਾਂ ਹੀ ਸਮਿਆਂ 'ਤੇ)

# ਪੱਤਰ

## ਮੁੱਖ ਗੱਲਾਂ

- ✓ **ਪ੍ਰਿਜ਼ਨ ਸਰਵਿਸ ਆਰਡਰ 4411** ਤੁਹਾਨੂੰ ਦੱਸਦਾ ਹੈ ਕਿ ਤੁਹਾਡੇ ਪੱਤਰਾਂ ਵਿੱਚ ਕੀ ਲਿਖਿਆ ਜਾ ਸਕਦਾ ਹੈ ਅਤੇ ਕੀ ਨਹੀਂ। ਜੇਕਰ ਤੁਸੀਂ ਯਕੀਨੀ ਨਹੀਂ ਹੋ ਕਿ ਜੇਲ੍ਹ ਨਿਯਮਾਵਲੀ ਕੀ ਕਹਿੰਦੀ ਹੈ ਤਾਂ ਜੇਲ੍ਹ ਦੇ ਸਟਾਫ਼ ਨੂੰ ਪੁੱਛੋ।
- ✓ ਤੁਸੀਂ ਹਰ ਹਫ਼ਤੇ 1 ਪੱਤਰ ਮੁਫ਼ਤ ਭੇਜ ਸਕੋਗੇ। ਇਸਦਾ ਅਰਥ ਹੈ ਕਿ ਤੁਹਾਨੂੰ ਡਾਕ ਟਿਕਟ ਲਈ ਭੁਗਤਾਨ ਨਹੀਂ ਕਰਨਾ ਪੈਂਦਾ। ਜੇਕਰ ਤੁਸੀਂ ਇੱਕ ਗੈਰ ਦੋਸ਼ ਸਿੱਧ ਕੈਦੀ ਹੋ ਤਾਂ ਤੁਸੀਂ ਹਰ ਹਫ਼ਤੇ 2 ਪੱਤਰ ਮੁਫ਼ਤ ਭੇਜ ਸਕਦੇ ਹੋ।
- ✓ ਭਾਵੇਂ ਤੁਹਾਨੂੰ ਕੋਈ ਸਜ਼ਾਵਾਂ ਮਿਲ ਜਾਂਦੀਆਂ ਹਨ ਤਾਂ ਵੀ ਇਸ ਵਿੱਚ ਕੋਈ ਤਬਦੀਲੀ ਨਹੀਂ ਹੋਵੇਗੀ।
- ✓ ਤੁਹਾਨੂੰ ਕੋਈ ਦੂਸਰੇ ਪੱਤਰ ਭੇਜਣ ਲਈ ਭੁਗਤਾਨ ਕਰਨਾ ਪਵੇਗਾ।
- ✓ ਕਿਸੇ ਵਿਅਕਤੀ ਦੁਆਰਾ ਤੁਹਾਡੇ ਨਾਲ ਮੁਲਾਕਾਤ ਕੀਤੇ ਜਾਣ ਦੀ ਬਜਾਏ ਤੁਸੀਂ ਇੱਕ ਮੁਫ਼ਤ ਪੱਤਰ ਭੇਜ ਸਕਦੇ ਹੋ, ਜੇਕਰ ਉਹ ਵਿਅਕਤੀ ਕਿਸੇ ਕਾਰਨ ਕਰਕੇ ਤੁਹਾਨੂੰ ਮਿਲਣ ਨਹੀਂ ਆ ਸਕਦਾ।
- ✓ ਜੇਕਰ ਤੁਹਾਨੂੰ ਕਿਸੇ ਵਿਸ਼ੇਸ਼ ਜਾਂ ਜ਼ਰੂਰੀ ਕਾਰਨ ਕਰਕੇ ਇੱਕ ਪੱਤਰ ਭੇਜਣ ਦੀ ਜ਼ਰੂਰਤ ਪੈਂਦੀ ਹੈ, ਤਾਂ ਤੁਸੀਂ ਸ਼ਾਇਦ ਇੱਕ ਵਾਧੂ ਪੱਤਰ ਮੁਫ਼ਤ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ। ਉਦਾਹਰਨ ਲਈ ਜੇਕਰ, ਤੁਹਾਨੂੰ ਤੇਜ਼ੀ ਨਾਲ ਕਿਸੇ ਦੂਸਰੀ ਜੇਲ੍ਹ ਵਿੱਚ ਬਦਲ ਦਿੱਤਾ ਜਾਂਦਾ ਹੈ ਅਤੇ ਤੁਹਾਨੂੰ ਆਪਣੇ ਪਰਿਵਾਰ ਨੂੰ ਦੱਸਣਾ ਪੈਂਦਾ ਹੈ।
- ✓ ਤੁਹਾਨੂੰ ਓਨੇ ਪੱਤਰ ਭੇਜੇ ਜਾ ਸਕਦੇ ਹਨ ਜਿੰਨੇ ਤੁਸੀਂ ਚਾਹੁੰਦੇ ਹੋਵੋ।

## ਤੁਹਾਡੇ ਪੱਤਰ ਕਿੰਨੇ ਗੁਪਤ ਹੁੰਦੇ ਹਨ?

- ਤੁਹਾਡੇ ਦੁਆਰਾ ਭੇਜੇ ਜਾਣ ਵਾਲੇ ਅਤੇ ਤੁਹਾਨੂੰ ਆਉਣ ਵਾਲੇ ਸਾਰੇ ਪੱਤਰ ਜੇਲ੍ਹ ਦੇ ਸਟਾਫ਼ ਦੁਆਰਾ ਖੋਲ੍ਹੇ ਜਾਣਗੇ। ਇਹ ਇਸ ਗੱਲ ਦੀ ਜਾਂਚ ਕਰਨ ਲਈ ਕੀਤਾ ਜਾਂਦਾ ਹੈ ਕਿ ਪੱਤਰਾਂ ਨਾਲ ਕੁਝ ਵੀ ਅਜਿਹਾ ਨਾ ਭੇਜਿਆ ਜਾਵੇ ਜਿਸਨੂੰ ਭੇਜਣ ਦੀ ਆਗਿਆ ਨਹੀਂ ਹੈ। ਵਕੀਲਾਂ, ਅਦਾਲਤਾਂ ਅਤੇ ਕੁਝ ਦੂਸਰੇ ਗੁਪਤ ਸੰਗਠਨਾਂ ਵੱਲੋਂ ਆਉਣ ਵਾਲੇ ਪੱਤਰਾਂ ਨੂੰ ਇਸ ਤੋਂ ਛੋਟ ਹੈ। ਪੰਨਾ 47 ਦੇਖੋ।
- ਜੇਲ੍ਹ ਦਾ ਸਟਾਫ਼ ਜ਼ਿਆਦਾਤਰ ਪੱਤਰਾਂ ਨੂੰ ਨਹੀਂ ਪੜ੍ਹਦਾ। ਪਰ ਉਹ ਸਮੇਂ-ਸਮੇਂ 'ਤੇ ਥੋੜ੍ਹੇ ਜਿਹੇ ਪੱਤਰਾਂ ਨੂੰ ਪੜ੍ਹੇਗਾ।

### ਪੱਤਰਾਂ ਬਾਰੇ ਹੋਰ

- ਜੇਲ੍ਹ ਦਾ ਸਟਾਫ਼ **ਸ਼ਾਇਦ** ਤੁਹਾਡੇ ਸਾਰੇ ਪੱਤਰ ਪੜ੍ਹ ਸਕਦਾ ਹੈ ਜੇਕਰਂ
  - ਤੁਸੀਂ ਸ਼੍ਰੇਣੀ ਏ ਦੇ ਕੈਦੀ ਹੋ
  - ਉਹ ਸੋਚਦੇ ਹਨ ਕਿ ਤੁਸੀਂ ਜੇਲ੍ਹ ਤੋਂ ਭੱਜ ਸਕਦੇ ਹੋ
  - ਉਹ ਸੋਚਦੇ ਹਨ ਕਿ ਤੁਸੀਂ ਸ਼ਾਇਦ ਬੱਚਿਆਂ ਲਈ ਇੱਕ ਖ਼ਤਰਾ ਬਣ ਸਕਦੇ ਹੋ (ਇਸਦੀ ਜਾਂਚ ਘੱਟੋ-ਘੱਟ ਹਰ 6 ਮਹੀਨਿਆਂ 'ਤੇ ਕੀਤੀ ਜਾਵੇਗੀ।)
  - ਤੰਗ ਪ੍ਰੇਸ਼ਾਨ ਕਰਨ ਸੰਬੰਧੀ ਅਪਰਾਧ ਕਰਨ ਲਈ ਤੁਹਾਨੂੰ ਰਿਮਾਂਡ 'ਤੇ ਲਿਆ ਗਿਆ ਹੈ ਜਾਂ ਫਿਰ ਇਸਦਾ ਦੋਸ਼ੀ ਠਹਿਰਾਇਆ ਗਿਆ ਹੈ।
  - ਤੁਹਾਨੂੰ ਕੋਈ ਨਿਰੋਧਾਤਮਕ ਆਦੇਸ਼ ਜਾਂ ਇਨਜਕਸ਼ਨ ਦਿੱਤਾ ਗਿਆ ਹੈ (ਇਸ ਦੀ ਜਾਂਚ ਹਰੇਕ 6 ਮਹੀਨਿਆਂ 'ਤੇ ਕੀਤੀ ਜਾਵੇਗੀ)।
  - ਜੇਕਰ ਕਿਸੇ ਕਾਰਨ ਕਰਕੇ ਜੇਲ੍ਹ ਦਾ ਸਟਾਫ਼ ਸੋਚਦਾ ਹੈ ਕਿ ਪੱਤਰਾਂ ਵਿਚਲੀ ਸਮੱਗਰੀ ਜੇਲ੍ਹ ਜਾਂ ਦੂਸਰੇ ਵਿਅਕਤੀਆਂ ਲਈ ਇੱਕ ਖ਼ਤਰਾ ਹੋ ਸਕਦੀ ਹੈ।

## ਟੈਲੀਫ਼ੋਨ ਕਾਲਾਂ

### ਮੁੱਖ ਗੱਲਾਂ (ਅਗਲੇ ਪੰਨ੍ਹੇ 'ਤੇ ਕੁਝ ਹੋਰ ਗੱਲਾਂ ਦਿੱਤੀਆਂ ਗਈਆਂ ਹਨ)

✓ ਜੇਲ੍ਹ ਸਟਾਫ਼ ਤੁਹਾਨੂੰ ਉਹਨਾਂ ਟੈਲੀਫ਼ੋਨ ਨੰਬਰਾਂ ਦੀ ਇੱਕ ਸੂਚੀ ਲਿਖਣ ਲਈ ਇੱਕ ਫ਼ਾਰਮ ਦੇਵੇਗਾ ਜਿਨ੍ਹਾਂ 'ਤੇ ਤੁਸੀਂ ਫ਼ੋਨ ਕਰਨਾ ਚਾਹੁੰਦੇ ਹੋ ਸਕਦੇ ਹੋ। ਉਦਾਹਰਨ ਲਈ, ਤੁਹਾਡੇ ਪਰਿਵਾਰ ਦੇ ਵਿਅਕਤੀ ਤੁਹਾਡੇ ਮਿੱਤਰ ਅਤੇ ਤੁਹਾਡਾ ਵਕੀਲ

✓ ਉਸ ਤੋਂ ਬਾਅਦ ਜੇਲ੍ਹ ਸਟਾਫ਼ ਨੂੰ ਇਹ ਦੱਸਣਾ ਪੈਂਦਾ ਹੈ ਕਿ ਕੀ ਇਹ ਸੂਚੀ ਬਿਲਕੁਲ ਠੀਕ ਹੈ। ਕੁਝ ਮਾਮਲਿਆਂ ਵਿੱਚ, ਤੁਸੀਂ ਜੇਲ੍ਹ ਸਟਾਫ਼ ਦੁਆਰਾ ਇਸਨੂੰ ਪਹਿਲਾਂ ਤੋਂ ਬਿਲਕੁਲ ਸਹੀ ਕਹੇ ਜਾਣ ਤੋਂ ਬਿਨਾਂ ਵੀ ਕਿਸੇ ਨੰਬਰ 'ਤੇ ਫ਼ੋਨ ਕਰ ਸਕਦੇ ਹੋ। ਇਹ ਇਸ 'ਤੇ ਨਿਰਭਰ ਕਰਦਾ ਹੈ ਕਿ ਤੁਹਾਡੀ ਸੁਰੱਖਿਆ ਸ਼੍ਰੇਣੀ ਕਿਹੜੀ ਹੈ।

✓ ਜੇਲ੍ਹ ਦਾ ਸਟਾਫ਼ ਤੁਹਾਨੂੰ ਇੱਕ ਨੰਬਰ ਦੇਵੇਗਾ ਜਿਸਨੂੰ ਇੱਕ **ਪਿਨ** ਨੰਬਰ ਕਿਹਾ ਜਾਂਦਾ ਹੈ। ਤੁਹਾਨੂੰ **ਹਰੇਕ ਵਾਰੀ** ਫ਼ੋਨ ਕਰਨ ਤੋਂ ਪਹਿਲਾਂ ਇਹ ਨੰਬਰ ਜ਼ਰੂਰ ਪਾਉਣਾ ਚਾਹੀਦਾ ਹੈ।

✓ ਤੁਹਾਨੂੰ ਇਹ ਕਹਿੰਦੇ ਹੋਏ ਇੱਕ ਕਾਗਜ਼ 'ਤੇ ਦਸਤਖਤ ਕਰਨੇ ਪੈਣਗੇ ਕਿ ਤੁਸੀਂ ਫ਼ੋਨ ਨੂੰ ਇਸਤੇਮਾਲ ਕਰਨ ਬਾਰੇ ਕੁਝ ਨਿਯਮਾਂ ਨਾਲ ਸਹਿਮਤ ਹੋ।

✓ ਤੁਸੀਂ ਕਰੈਡਿਟ ਅਖਵਾਉਂਦੀ ਕੋਈ ਚੀਜ਼ ਖ਼ਰੀਦ ਕੇ ਕਾਲਾਂ ਲਈ ਭੁਗਤਾਨ ਕਰਦੇ ਹੋ। ਇੱਥੇ ਤੁਸੀਂ ਸ਼ੁਰੂਆਤ ਵਿੱਚ ਪੈਸਿਆਂ ਦਾ ਭੁਗਤਾਨ ਕਰਦੇ ਹੋ। ਤੁਹਾਡੇ ਦੁਆਰਾ ਹਰ ਵਾਰੀ ਕਾਲ ਕਰਨ 'ਤੇ ਕਾਲ ਦਾ ਖ਼ਰਚਾ ਇਸ ਵਿੱਚੋਂ ਕੱਟ ਲਿਆ ਜਾਂਦਾ ਹੈ।

✓ ਤੁਸੀਂ ਆਪਣੀ ਨਿੱਜੀ ਨਕਦੀ ਜਾਂ ਆਪਣੇ ਦੁਆਰਾ ਕਰਵਾਏ ਗਏ ਧਨ ਨਾਲ ਜੇਲ੍ਹ ਦੀ ਦੁਕਾਨ ਤੋਂ ਕਰੈਡਿਟ ਖ਼ਰੀਦ ਸਕਦੇ ਹੋ।

✓ ਤੁਸੀਂ ਜੇਲ੍ਹ ਵਿੱਚ ਰਹਿਣ ਸਮੇਂ ਆਪਣੇ ਦੁਆਰਾ ਕੀਤੇ ਗਏ ਵਿਵਹਾਰ 'ਤੇ ਨਿਰਭਰ ਕਰਦੇ ਹੋਏ ਟੈਲੀਫ਼ੋਨ 'ਤੇ ਵਧੇਰੇ ਸਮਾਂ ਬਤੀਤ ਕਰ ਸਕਦੇ ਹੋ। ਪੰਨਾ **64** ਦੇਖੋ।

✓ ਜੇਕਰ ਤੁਹਾਨੂੰ ਆਪਣੇ ਵਕੀਲ ਨਾਲ ਬਹੁਤ ਜ਼ਰੂਰੀ ਗੱਲ ਕਰਨ ਦੀ ਲੋੜ ਪੈ ਜਾਵੇ ਤਾਂ ਤੁਸੀਂ ਕੋਈ ਦੂਸਰਾ ਟੈਲੀਫ਼ੋਨ ਇਸਤੇਮਾਲ ਕਰਨ ਬਾਰੇ ਪੁੱਛ ਸਕਦੇ ਹੋ ਜੋ ਵਧੇਰੇ ਗੁਪਤ ਹੋਵੇ। ਜਾਂ ਫਿਰ ਜੇਕਰ ਇਸਦੇ ਪਿੱਛੇ ਕੋਈ ਮਹੱਤਵਪੂਰਨ ਕਾਰਨ ਹੋਵੇ। ਗਵਰਨਰ ਇਸਦਾ ਫ਼ੈਸਲਾ ਕਰੇਗਾ ਕਿ ਕੀ ਤੁਸੀਂ ਅਜਿਹਾ ਕਰ ਸਕਦੇ ਹੋ

ਜੇਲ ਪ੍ਰਬੰਧਨ ਨਿਯਮਾਵਲੀ 4440 ਦੇ ਅਧਿਆਇ 4 ਵਿੱਚ ਇਸ ਬਾਰੇ ਵਧੇਰੇ ਜਾਣਕਾਰੀ ਦਿੱਤੀ ਗਈ ਹੈ। ਇਸਦੀ ਇੱਕ ਪ੍ਰਤੀ ਲਾਇਬ੍ਰੇਰੀ ਵਿੱਚ ਹੈ।

## ਜੇਕਰ ਤੁਹਾਡਾ ਪਰਿਵਾਰ ਜਾਂ ਮਿੱਤਰ ਕਿਸੇ ਦੂਸਰੇ ਦੇਸ਼ ਵਿੱਚ ਰਹਿੰਦੇ ਹਨ

- ਤੁਹਾਡੇ ਦੁਆਰਾ ਕੀਤੀਆਂ ਜਾਣ ਵਾਲੀਆਂ ਕਿਸੇ ਦੂਸਰੀਆਂ ਕਾਲਾਂ ਦੀ ਤਰ੍ਹਾਂ, ਤੁਸੀਂ ਉਹਨਾਂ ਨੂੰ ਆਮ ਤੌਰ 'ਤੇ ਮਹੀਨੇ ਵਿੱਚ 1 ਮੁਫ਼ਤ ਫ਼ੋਨ ਕਾਲ ਕਰ ਸਕਦੇ ਹੋ। ਇਹ ਕਾਲ 5 ਮਿੰਟ ਲੰਮੀ ਹੋ ਸਕਦੀ ਹੈ। ਤੁਹਾਨੂੰ ਇਹ ਮੁਫ਼ਤ ਕਾਲ ਨਹੀਂ ਮਿਲੇਗੀ ਜੇਕਰ ਤੁਹਾਡੇ ਪਰਿਵਾਰ ਜਾਂ ਮਿੱਤਰਾਂ ਨੇ ਪਿਛਲੇ ਮਹੀਨੇ ਵਿੱਚ ਤੁਹਾਡੇ ਨਾਲ ਮੁਲਾਕਾਤ ਕੀਤੀ ਹੈ।

- ਵਿਦੇਸ਼ੀ ਨਾਗਰਿਕ (ਉਹ ਵਿਅਕਤੀ ਜਿੰਨਾਂ ਕੋਲ ਯੂਕੇ ਦਾ ਪਾਸਪੋਰਟ ਨਹੀਂ ਹੈ) ਜਾਂ ਉਹ ਕੈਦੀ ਜਿਨ੍ਹਾਂ ਦਾ ਨੇੜਲਾ ਪਰਿਵਾਰ ਕਿਸੇ ਦੂਸਰੇ ਦੇਸ਼ ਵਿੱਚ ਰਹਿੰਦਾ ਹੈ, ਆਪਣੀ ਵਧੇਰੇ ਨਿੱਜੀ ਨਕਦੀ ਦਾ ਇਸਤੇਮਾਲ ਇਸ ਦੇਸ਼ ਵਿਚਲੇ ਪਰਿਵਾਰ ਜਾਂ ਮਿੱਤਰਾਂ ਨੂੰ ਫ਼ੋਨ ਕਰਨ ਲਈ ਕਰ ਸਕਦੇ ਹਨ।

## ਤੁਹਾਡੀਆਂ ਫ਼ੋਨ ਕਾਲਾਂ ਕਿੰਨੀਆਂ ਗੁਪਤ ਹੁੰਦੀਆਂ ਹਨ?

- ਜੇਕਰ ਤੁਸੀਂ ਇੱਕ ਉਚੇ ਜਾਂ ਵਿਸ਼ੇਸ਼ ਜੋਖ਼ਿਮ ਸ਼੍ਰੇਣੀ ਏ ਦੇ ਕੈਦੀ ਹੋ, ਤਾਂ ਜੇਲ੍ਹ ਦਾ ਸਟਾਫ਼ ਸ਼ਾਇਦ ਤੁਹਾਡੀਆਂ ਸਾਰੀਆਂ ਕਾਲਾਂ ਨੂੰ ਸੁਣ ਸਕਦਾ ਹੈ।

- ਜੇਕਰ ਅਜਿਹਾ ਨਹੀਂ ਹੈ, ਤਾਂ ਸਟਾਫ਼ ਸ਼ਾਇਦ ਤੁਹਾਡੀਆਂ ਕੁਝ ਕਾਲਾਂ ਨੂੰ ਸੁਣ ਸਕਦਾ ਹੈ

- ਜੇਲ੍ਹ ਦਾ ਸਟਾਫ਼ ਫ਼ੋਨ ਕਾਲ ਵਿਚਲੇ ਦੋਵੇਂ ਵਿਅਕਤੀਆਂ ਦੀ ਗੱਲ ਸੁਣ ਸਕਦਾ ਹੈ। ਉਹ ਫ਼ੋਨ ਕਾਲਾਂ ਨੂੰ ਟੇਪ ਵੀ ਕਰ ਸਕਦਾ ਹੈ ਤਾਂ ਜੋ ਉਹਨਾਂ ਕੋਲ ਇਹਨਾਂ ਦੀ ਇੱਕ ਕਾਪੀ ਰਹੇ।

- ਜੇਕਰ ਤੁਹਾਡੀ ਜੇਲ੍ਹ ਵਿੱਚ ਅਜਿਹਾ ਹੋ ਸਕਦਾ ਹੈ ਤਾਂ ਜੇਲ੍ਹ ਦਾ ਸਟਾਫ਼ ਤੁਹਾਨੂੰ ਦੱਸ ਦੇਵੇਗਾ

- ਜੇਲ੍ਹ ਦਾ ਸਟਾਫ਼ ਤੁਹਾਡੀ ਕਾਲ ਬੰਦ ਕਰ ਸਕਦਾ ਹੈ ਜੇਕਰ ਤੁਸੀਂ ਕੋਈ ਅਜਿਹੀ ਗੱਲ ਕਹਿ ਦਿੰਦੇ ਹੋ ਜੋ ਤੁਹਾਨੂੰ ਨਹੀਂ ਕਹਿਣੀ ਚਾਹੀਦੀ।

- ਸਟਾਫ਼ ਤੁਹਾਡੇ ਵਲੋਂ ਆਪਣੇ ਵਕੀਲ ਜਾਂ ਕੁਝ ਦੂਸਰੇ ਨਿੱਜੀ ਸੰਗਠਨਾਂ ਨੂੰ ਕੀਤੀਆਂ ਜਾਣ ਵਾਲੀਆਂ ਕਾਲਾਂ ਨੂੰ ਨਹੀਂ ਸੁਣੇਗਾ।

# ਵਿਆਹ ਕਰਵਾਉਣਾ ਜਾਂ ਇੱਕ ਸਿਵਿਲ ਪਾਰਟਨਰਸ਼ਿਪ ਰੱਖਣਾ

- ਜੇਲ੍ਹ ਵਿੱਚ ਹੁੰਦੇ ਹੋਏ ਤੁਸੀਂ ਵਿਆਹ ਕਰਵਾਉਣ ਜਾਂ ਇੱਕ ਸਿਵਿਲ ਪਾਰਟਨਰਸ਼ਿਪ ਰੱਖਣ ਲਈ ਆਵੇਦਨ ਕਰ ਸਕਦੇ ਹੋ
- ਅਜਿਹਾ ਕਰਨ ਲਈ ਇੱਕ ਬੇਨਤੀ ਫ਼ਾਰਮ ਭਰੋ ਜਾਂ ਫਿਰ ਗਵਰਨਰ ਨੂੰ ਪੱਤਰ ਲਿਖੋ ਅਤੇ ਇਸ ਨੂੰ ਅੱਗੇ ਪਹੁੰਚਾਉਣ ਲਈ ਜੇਲ੍ਹ ਦੇ ਸਟਾਫ਼ ਨੂੰ ਦੇ ਦਿਓ।
- ਗਵਰਨਰ ਫ਼ੈਸਲਾ ਕਰੇਗਾ ਕਿ ਕੀ ਵਿਆਹ ਜਾਂ ਸਿਵਿਲ ਰਸਮ ਜੇਲ੍ਹ ਵਿੱਚ ਹੋਣੀ ਚਾਹੀਦੀ ਹੈ ਜਾਂ ਨੇੜੇ ਦੇ ਕਿਸੇ ਰਜਿਸਟਰ ਆਫ਼ਿਸ ਵਿਖੇ
- ਤੁਹਾਨੂੰ ਅਤੇ ਤੁਹਾਡੇ ਸਾਥੀ ਨੂੰ ਸਾਰੇ ਪ੍ਰਬੰਧ ਕਰਨੇ ਪੈਣਗੇ। ਉਦਾਹਰਨ ਲਈ ਤੁਹਾਨੂੰ ਸਹੀ ਵਿਅਕਤੀਆਂ ਨਾਲ ਸੰਪਰਕ ਕਰਨਾ ਪਵੇਗਾ, ਸਹੀ ਫ਼ਾਰਮ ਭਰਨੇ ਪੈਣਗੇ ਅਤੇ ਹੋਣ ਵਾਲੇ ਕਿਸੇ ਖ਼ਰਚਿਆਂ ਦਾ ਭੁਗਤਾਨ ਕਰਨ ਪਵੇਗਾ।
- ਚੈਪਲੇਨ ਕੁਝ ਪ੍ਰਬੰਧ ਕਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ।

### ਵਧੇਰੇ ਜਾਣਕਾਰੀ

- ਵਿਆਹ ਕਰਵਾਉਣ ਬਾਰੇ ਵਧੇਰੇ ਜਾਣਕਾਰੀ **ਪ੍ਰਿਜ਼ਨ ਸਰਵਿਸ ਆਰਡਰ 4450** ਵਿੱਚ ਦਿੱਤੀ ਗਈ ਹੈ
- ਸਿਵਿਲ ਪਾਰਟਨਰਸ਼ਿਪ ਬਾਰੇ ਵਧੇਰੇ ਜਾਣਕਾਰੀ **ਪ੍ਰਿਜ਼ਨ ਸਰਵਿਸ ਆਰਡਰ 4445** ਵਿੱਚ ਦਿੱਤੀ ਗਈ ਹੈ।

ਤੁਸੀਂ ਇਹਨਾਂ ਦੀਆਂ ਕਾਪੀਆਂ ਲਾਇਬ੍ਰੇਰੀ ਵਿੱਚੋਂ ਲੈ ਸਕਦੇ ਹੋ।

# ਆਪਣੇ ਵਕੀਲ ਅਤੇ ਦੂਸਰੇ ਸਰਕਾਰੀ ਵਿਅਕਤੀਆਂ ਨਾਲ ਸੰਪਰਕ ਕਰਨਾ

## ਤੁਹਾਡੇ ਵਕੀਲ, ਅਦਾਲਤਾਂ ਜਾਂ ਦੂਸਰੇ ਸਰਕਾਰੀ ਸੰਗਠਨਾਂ ਵੱਲ ਭੇਜੇ ਜਾਣ ਅਤੇ ਉਹਨਾਂ ਵਲੋਂ ਆਉਣ ਵਾਲੇ ਪੱਤਰ

- ਜੇਲ੍ਹ ਦਾ ਸਟਾਫ਼ ਕਾਨੂੰਨੀ ਗੱਲਾਂ ਬਾਰੇ ਤੁਹਾਡੇ, ਵਕੀਲ ਜਾਂ ਅਦਾਲਤਾਂ ਨੂੰ ਲਿਖੇ ਗਏ ਪੱਤਰਾਂ ਨੂੰ ਨਹੀਂ ਖੋਲੇਗਾ ਜਾਂ ਪੜ੍ਹੇਗਾ ਜਦੋਂ ਤਕ ਕਿ ਅਜਿਹਾ ਕਰਨ ਲਈ ਬਹੁਤ ਠੋਸ ਕਾਰਨ ਨਾ ਹੋਵੇ। ਇਸ ਨੂੰ ਡਾਕ ਸੰਬੰਧੀ ਨਿਯਮ 39 ਕਿਹਾ ਜਾਂਦਾ ਹੈ।
- ਅਜਿਹਾ ਹੀ ਤੁਹਾਡੇ ਵੱਲੋਂ ਕੁਝ ਦੂਸਰੇ ਸੰਗਠਨਾਂ ਜਿਵੇਂ ਕਿ ਜੇਲ੍ਹ ਅਤੇ ਪ੍ਰੋਬੇਸ਼ਨ ਓਮਬਡਜ਼ਮੈਨ, ਆਪਣੇ ਐਮ ਪੀ ਅਤੇ ਸਮਾਰਟੀਨਾਂ ਨੂੰ ਲਿਖੇ ਜਾਣ ਵਾਲੇ ਪੱਤਰਾਂ ਲਈ ਹੈ। ਇਹਨਾਂ ਸੰਗਠਨਾਂ ਦੀ ਸੂਚੀ ਲਈ **ਪ੍ਰਿਜ਼ਨ ਸਰਵਿਸ ਆਰਡਰ 4411** ਦੇਖੋ ਇਸਦੀ ਇੱਕ ਪ੍ਰਤੀ ਲਾਇਬ੍ਰੇਰੀ ਵਿੱਚ ਹੈ।

### ਆਪਣੇ ਵਕੀਲ, ਅਦਾਲਤਾਂ ਜਾਂ ਦੂਸਰੇ ਸਰਕਾਰੀ ਸੰਗਠਨਾਂ ਨੂੰ ਕੋਈ ਪੱਤਰ ਭੇਜਣਾ

ਇਸ ਤੋਂ ਪਹਿਲਾਂ ਕਿ ਤੁਸੀਂ ਇਸਨੂੰ ਭੇਜਣ ਲਈ ਜੇਲ੍ਹ ਸਟਾਫ਼ ਨੂੰ ਦਿਓ, ਤੁਹਾਨੂੰ ਨਾਮ ਅਤੇ ਪਤੇ ਦੇ ਨਾਲ ਨਾਲ ਇਹ ਚੀਜ਼ਾਂ ਲਿਫ਼ਾਫ਼ੇ ਉੱਪਰ ਜ਼ਰੂਰ ਲਿਖਣੀਆਂ ਚਾਹੀਦੀਆਂ ਹਨ

- ਆਪਣੇ ਵਕੀਲ ਜਾਂ ਅਦਾਲਤਾਂ ਨੂੰ ਭੇਜੇ ਜਾਣ ਵਾਲੇ ਪੱਤਰਾਂ ਦੇ ਲਿਫ਼ਾਫ਼ੇ ਉੱਪਰ ਜੇਲ੍ਹ ਨਿਯਮ 39 ਲਿਖੋ।
- ਦੂਸਰੇ ਸਰਕਾਰੀ ਵਿਅਕਤੀਆਂ ਨੂੰ ਭੇਜੇ ਜਾਣ ਵਾਲੇ ਪੱਤਰਾਂ ਦੇ ਲਿਫ਼ਾਫ਼ਿਆਂ 'ਤੇ ਗੁਪਤ ਪਹੁੰਚ ਲਿਖੋ

### ਆਪਣੇ ਵਕੀਲ, ਅਦਾਲਤਾਂ, ਜਾਂ ਇਹਨਾਂ ਦੂਸਰੇ ਸਰਕਾਰੀ ਸੰਗਠਨਾਂ ਤੋਂ ਆਉਣ ਵਾਲੇ ਕਿਸੇ ਪੱਤਰ ਨੂੰ ਪ੍ਰਾਪਤ ਕਰਨਾ

ਤੁਹਾਨੂੰ ਪੱਤਰ ਭੇਜਣ ਵਾਲੇ ਵਿਅਕਤੀਆਂ ਨੂੰ ਲਿਫ਼ਾਫ਼ੇ ਉੱਪਰ ਇਹ ਚੀਜ਼ਾਂ ਲਿਖਣੀਆਂ ਚਾਹੀਦੀਆਂ ਹਨ-

- ਤੁਹਾਡਾ ਨਾਮ ਅਤੇ ਜੇਲ੍ਹ ਨੰਬਰ
- ਆਪਣਾ ਪਤਾ ਅਤੇ ਫ਼ੋਨ ਨੰਬਰ
- ਗੁਪਤ ਪਹੁੰਚ ਜਾਂ ਜੇਲ੍ਹ ਨਿਯਮ 39
- ਉਸ ਤੋਂ ਬਾਅਦ ਤੁਹਾਡੇ ਵਕੀਲ ਨੂੰ ਲਿਫ਼ਾਫ਼ੇ 'ਤੇ ਦਸਤਖ਼ਤ ਕਰਨੇ ਚਾਹੀਦੇ ਹਨ। ਉਸ ਤੋਂ ਬਾਅਦ ਉਹਨਾਂ ਨੂੰ ਇਸ ਨੂੰ ਕਿਸੇ ਦੂਸਰੇ ਲਿਫ਼ਾਫ਼ੇ ਵਿੱਚ ਪਾ ਕੇ ਗਵਰਨਰ ਨੂੰ ਸੰਬੋਧਿਤ ਕਰਨਾ ਚਾਹੀਦਾ ਹੈ। ਜਾਂ ਫਿਰ ਇਸ ਦੀ ਬਜਾਏ ਉਹ ਪੱਤਰ ਨਾਲ ਭੇਜਣ ਲਈ ਇੱਕ ਸੰਖੇਪ ਨੋਟ ਲਿਖ ਸਕਦੇ ਹਨ।

- ਤੁਹਾਨੂੰ ਪੱਤਰ 'ਤੇ ਸਿਰਫ਼ ਤਾਂ ਹੀ ਨਿਯਮ 39 ਲਿਖਣਾ ਚਾਹੀਦਾ ਹੈ ਜੇਕਰ ਇਸਦਾ ਸੰਬੰਧ ਕਾਨੂੰਨੀ ਗੱਲਾਂ ਨਾਲ ਹੋਵੇ।
- ਤੁਹਾਨੂੰ ਪੱਤਰ ਵਿੱਚ ਅਜਿਹਾ ਕੁਝ ਨਹੀਂ ਪਾਉਣਾ ਚਾਹੀਦਾ ਜਿਸਨੂੰ ਭੇਜਣ ਦੀ ਤੁਹਾਨੂੰ ਆਗਿਆ ਨਹੀਂ ਹੈ।
- ਜੇਲ੍ਹ ਦਾ ਸਟਾਫ਼ ਪੱਤਰ ਨੂੰ ਤੁਹਾਡੇ ਸਾਮ੍ਹਣੇ ਖੋਲ ਸਕਦਾ ਹੈ ਜੇਕਰ ਉਹ ਸੋਚਦਾ ਹੈ ਕਿ ਕੁਝ ਗ਼ਲਤ ਹੈ। ਉਹਨਾਂ ਨੂੰ ਪਹਿਲਾਂ ਗਵਰਨਰ ਜਾਂ ਡਾਇਰੈਕਟਰ ਤੋਂ ਪੁੱਛਣਾ ਪੈਂਦਾ ਹੈ ਕਿ ਕੀ ਉਹ ਅਜਿਹਾ ਕਰ ਸਕਦੇ ਹਨ।

## ਤੁਹਾਡੇ ਵਕੀਲ ਜਾਂ ਦੂਸਰੇ ਸਰਕਾਰੀ ਵਿਅਕਤੀਆਂ ਵਲੋਂ ਕੀਤੀਆਂ ਜਾਣ ਵਾਲੀਆਂ ਮੁਲਾਕਾਤਾਂ ਅਤੇ ਟੈਲੀਫ਼ੋਨ ਕਾਲਾਂ

- ਤੁਹਾਡੇ ਵਕੀਲ ਅਤੇ ਦੂਸਰੇ ਸਰਕਾਰੀ ਮੁਲਾਕਾਤੀ (ਜਿਵੇਂ ਕਿ ਕਾਨੂੰਨ ਨਾਲ ਸੰਬੰਧ ਰੱਖਣ ਵਾਲੇ ਵਿਅਕਤੀ, ਤੁਹਾਡੇ ਨਾਲ ਜੇਲ੍ਹ ਵਿੱਚ ਮੁਲਾਕਾਤ ਕਰ ਸਕਦੇ ਹਨ)।
- ਇੱਕ ਜੇਲ੍ਹ ਅਧਿਕਾਰੀ ਉੱਥੇ ਮੌਜੂਦ ਰਹੇਗਾ ਜਦੋਂ ਇਹ ਵਿਅਕਤੀ ਤੁਹਾਡੇ ਨਾਲ ਮੁਲਾਕਾਤ ਕਰਦੇ ਹਨ। ਪਰ ਉਹ ਕਾਫੀ ਦੂਰ ਰਹੇਗਾ ਤਾਂ ਜੋ ਉਸ ਨੂੰ ਨਾ ਸੁਣ ਸਕੇ ਕਿ ਤੁਸੀਂ ਕੀ ਕਰ ਰਹੇ ਹੋ।
- ਜੇਲ੍ਹ ਦਾ ਸਟਾਫ਼ ਤੁਹਾਡੇ ਦੁਆਰਾ ਆਪਣੇ ਵਕੀਲ ਜਾਂ ਕਿਸੇ ਦੂਸਰੇ ਕਾਨੂੰਨੀ ਵਿਅਕਤੀਆਂ ਨੂੰ ਕੀਤੀਆਂ ਜਾਣ ਵਾਲੀਆਂ ਕਿਸੇ ਫ਼ੋਨ ਕਾਲਾਂ ਨੂੰ ਨਹੀਂ ਸੁਣੇਗਾ।

## ਅਖ਼ਬਾਰਾਂ, ਟੀਵੀ, ਰੇਡੀਓ ਜਾਂ ਰਸਾਲੇ

ਤੁਸੀਂ ਅਖ਼ਬਾਰਾਂ, ਟੀ ਵੀ, ਰੇਡੀਓ ਜਾਂ ਰਸਾਲਿਆਂ ਨੂੰ ਲਿਖ ਸਕਦੇ ਹੋ ਜਿੰਨੀ ਦੇਰ ਤਕ ਕਿ

- ਤੁਸੀਂ ਆਪਣੇ ਜਾਂ ਕਿਸੇ ਹੋਰ ਵਿਅਕਤੀ ਦੁਆਰਾ ਕੀਤੇ ਗਏ ਕਿਸੇ ਅਪਰਾਧ ਬਾਰੇ ਨਹੀਂ ਲਿਖਦੇ (ਜਦੋਂ ਤਕ ਕਿ ਇਸ ਵਿੱਚ ਅਪਰਾਧ, ਦੋਸ਼ ਸਿੱਧੀ, ਨਿਆਂ, ਸਜ਼ਾ ਸੁਣਾਏ ਜਾਣ ਜਾਂ ਜੇਲ੍ਹ ਪ੍ਰਬੰਧਨ ਬਾਰੇ ਕਹਿਣ ਲਈ ਕੁਝ ਗੰਭੀਰ ਨਾ ਹੋਵੇ)
- ਤੁਸੀਂ ਕਿਸੇ ਕੈਦੀ ਜਾਂ ਜੇਲ੍ਹ ਸਟਾਫ਼ ਦੇ ਕਿਸੇ ਮੈਂਬਰ ਬਾਰੇ ਨਹੀਂ ਲਿਖਦੇ ਜਿੱਥੇ ਇਹ ਸਪਸ਼ਟ ਹੁੰਦਾ ਹੋਵੇ ਕਿ ਉਹ ਵਿਅਕਤੀ ਕੌਣ ਹੈ। ਉਦਾਹਰਨ ਲਈ, ਤੁਸੀਂ ਕਿਸੇ ਵਿਅਕਤੀ ਦਾ ਨਾਮ ਨਹੀਂ ਲਿਖ ਸਕਦੇ।
- ਤੁਸੀਂ ਪੱਤਰ ਬਾਰੇ ਸਾਰੇ ਨਿਯਮਾਂ ਦੀ ਪਾਲਣਾ ਕਰਦੇ ਹੋ।
- ਤੁਹਾਨੂੰ, ਤੁਹਾਡੇ ਦੁਆਰਾ ਕੀਤੇ ਜਾਣ ਵਾਲੇ ਕਿਸੇ ਕੰਮ ਦੇ ਬਦਲੇ ਭੁਗਤਾਨ ਨਹੀਂ ਕੀਤਾ ਜਾਂਦਾ (ਜਦੋਂ ਤਕ ਕਿ ਤੁਸੀਂ ਕੋਈ ਗੈਰ ਦੋਸ਼-ਸਿੱਧ ਕੈਦੀ ਨਹੀਂ ਹੋ)।

ਤੁਹਾਨੂੰ ਗਵਰਨਰ ਜਾਂ ਡਾਇਰੈਕਟਰ ਨੂੰ ਪੁੱਛਣਾ ਪਵੇਗਾ ਕਿ ਕੀ ਤੁਸੀਂ ਪੱਤਰਕਾਰਾਂ ਵਲੋਂ ਫ਼ੋਨ ਕਾਲਾਂ ਜਾਂ ਮੁਲਾਕਾਤਾਂ ਪ੍ਰਾਪਤ ਕਰ ਸਕਦੇ ਹੋ।

ਜੇਲ ਪ੍ਰਬੰਧਨ ਨਿਯਮਾਵਲੀ 4470 ਵਿੱਚ ਇਸ ਬਾਰੇ ਵਧੇਰੇ ਜਾਣਕਾਰੀ ਦਿੱਤੀ ਗਈ ਹੈ। ਇਸਦੀ ਇੱਕ ਪ੍ਰਤੀ ਲਾਇਬ੍ਰੇਰੀ ਵਿੱਚ ਹੈ।

# ਜੇਲ੍ਹ ਦਾ ਜੀਵਨ

## ਤੁਹਾਡਾ ਜੇਲ੍ਹ ਨੰਬਰ

ਪਹਿਲੀ ਵਾਰੀ ਜੇਲ੍ਹ ਵਿੱਚ ਆਉਣ 'ਤੇ ਤੁਹਾਨੂੰ ਇੱਕ ਜੇਲ੍ਹ ਨੰਬਰ ਦਿੱਤਾ ਜਾਵੇਗਾ। ਨੰਬਰ ਉਹੀ ਰਹੇਗਾ ਭਾਵੇਂ ਤੁਹਾਨੂੰ ਦੂਸਰੀ ਜੇਲ੍ਹ ਵਿੱਚ ਬਦਲ ਦਿੱਤਾ ਜਾਂਦਾ ਹੈ। ਇਹ ਨੰਬਰ ਜੇਲ੍ਹ ਸਟਾਫ਼ ਨੂੰ ਤੁਹਾਡਾ ਅਤੇ ਤੁਹਾਡੀਆਂ ਚੀਜ਼ਾਂ ਦਾ ਅਤਾ-ਪਤਾ ਰੱਖਣ ਵਿੱਚ ਮਦਦ ਕਰਦਾ ਹੈ।

## ਤੁਹਾਡੇ ਜੇਲ੍ਹ ਸੰਬੰਧੀ ਰਿਕਾਰਡ

ਤੁਹਾਡਾ ਜੇਲ੍ਹ ਸੰਬੰਧੀ ਰਿਕਾਰਡ ਉਹ ਜਾਣਕਾਰੀ ਹੁੰਦੀ ਹੈ, ਜੋ ਜੇਲ੍ਹ ਤੁਹਾਡੇ ਬਾਰੇ ਕਾਗਜ਼ 'ਤੇ ਅਤੇ ਕੰਪਿਊਟਰ 'ਤੇ ਰੱਖਦਾ ਹੈ।

ਇਸ ਵਿੱਚ ਅਜਿਹੀਆਂ ਚੀਜ਼ਾਂ ਆ ਜਾਂਦੀਆਂ ਹਨ ਜਿਵੇਂ ਕਿ

- ਤੁਹਾਡਾ ਨਾਮ ਅਤੇ ਜਨਮ ਤਾਰੀਖ਼
- ਤੁਸੀਂ ਜੇਲ੍ਹ ਦੇ ਕਿਸੇ ਕਮਰੇ ਵਿੱਚ ਹੋ
- ਇਸ ਬਾਰੇ ਜਾਣਕਾਰੀ ਕਿ ਤੁਸੀਂ ਕਦੋਂ ਅਦਾਲਤ ਵਿੱਚ ਗਏ ਸੀ
- ਜੇਲ੍ਹ ਵਿੱਚ ਹੁੰਦੇ ਸਮੇਂ ਤੁਹਾਡੇ ਵਲੋਂ ਕੀਤੀਆਂ ਗਈਆਂ ਕੋਈ
- ਤੁਹਾਡੀ ਸਿਹਤ ਬਾਰੇ ਜਾਣਕਾਰੀ
- ਤੁਹਾਡੇ ਦੁਆਰਾ ਕੀਤੇ ਜਾ ਰਹੇ ਕਿਸੇ ਕੰਮ ਜਾਂ ਪੜ੍ਹਾਈ ਬਾਰੇ ਜਾਣਕਾਰੀ

## ਪ੍ਰਿਜ਼ਨ ਸਰਵਿਸ ਆਰਡਰਜ਼ (PSO) ਅਤੇ ਪ੍ਰਿਜ਼ਨ ਸਰਵਿਸ ਇਨਸਟ੍ਰਕਸ਼ਨਜ਼ (PSI)

ਇਹ ਜੇਲ੍ਹ ਦੇ ਕਾਇਦਿਆਂ (ਨਿਯਮਾਂ) ਅਤੇ ਜੇਲ੍ਹ ਦੇ ਕੰਮ ਕਰਨ ਦੇ ਢੰਗ ਦੀ ਵਿਆਖਿਆ ਕਰਦੇ ਹਨ।

## ਜੇਲ੍ਹ ਸਟਾਫ਼ ਤੁਹਾਡੇ ਬਾਰੇ ਇਕੱਠੀ ਕੀਤੀ ਗਈ ਜਾਣਕਾਰੀ ਦਾ ਕੀ ਕਰਦਾ ਹੈ

- ✓ ਜੇਲ੍ਹ ਸਟਾਫ਼ ਤੁਹਾਡੇ ਬਾਰੇ ਇਕੱਠੀ ਕੀਤੀ ਗਈ ਜਾਣਕਾਰੀ ਨੂੰ ਗੁਪਤ ਰੱਖੇਗਾ। ਪਰ ਉਹਨਾਂ ਨੂੰ ਇਹ ਜਾਣਕਾਰੀ ਦੂਸਰੇ ਵਿਅਕਤੀਆਂ ਜਿਵੇਂ ਕਿ ਪੁਲੀਸ ਅਤੇ ਅਦਾਲਤਾਂ ਨੂੰ ਦਿਖਾਉਣੀ ਪੈ ਸਕਦੀ ਹੈ।

- ✓ ਤੁਸੀਂ ਉਸ ਜਾਣਕਾਰੀ ਨੂੰ ਦੇਖ ਸਕਦੇ ਹੋ ਜੋ ਕਿ ਜੇਲ੍ਹ ਤੁਹਾਡੇ ਬਾਰੇ ਰੱਖਦੀ ਹੈ। ਜੇਕਰ ਤੁਸੀਂ ਇਹ ਸਾਰੀ ਜਾਣਕਾਰੀ ਦੇਖਣੀ ਚਾਹੁੰਦੇ ਹੋ ਤਾਂ ਇਸ 'ਤੇ ਤੁਹਾਡਾ 10 ਪੌਂਡ ਦਾ ਖ਼ਰਚਾ ਆਵੇਗਾ।

- ✓ ਅਜਿਹਾ ਕਰਨ ਲਈ ਤੁਹਾਨੂੰ ਇੱਕ ਫ਼ਾਰਮ ਭਰਨਾ ਪੈਂਦਾ ਹੈ ਜਿਸ ਨੂੰ ਪਹੁੰਚ ਬਿਨੈ ਫ਼ਾਰਮ ਕਿਹਾ ਜਾਂਦਾ ਹੈ। ਜੇਲ੍ਹ ਦੇ ਕਿਸੇ ਅਧਿਕਾਰੀ ਨੂੰ ਇਸ ਲਈ ਨਿਵੇਦਨ ਕਰੋ ਜਾਂ ਇਸ ਦੀ ਬਜਾਏ ਤੁਸੀਂ ਕਾਗਜ਼ 'ਤੇ ਇੱਕ ਨੋਟ ਲਿਖ ਕੇ ਇਸ ਦੀ ਮੰਗ ਕਰ ਸਕਦੇ ਹੋ।

- ✓ ਫ਼ਾਰਮ ਜਾਂ ਨੋਟ ਨੂੰ ਅਨੁਸ਼ਾਸਨ/ਹਿਰਾਸਤ ਦਫ਼ਤਰ ਵੱਲ ਜਾਂ ਪਰਸਨਲ ਵਿਭਾਗ ਨੂੰ ਭੇਜ ਦਿਓ।

- ✓ ਕਾਨੂੰਨ ਕਹਿੰਦਾ ਹੈ ਕਿ ਤੁਹਾਡੇ ਕੋਲੋਂ ਕੁਝ ਜਾਣਕਾਰੀ ਗੁਪਤ ਰੱਖਣਾ ਜੇਲ੍ਹ ਲਈ ਜ਼ਰੂਰੀ ਹੁੰਦਾ ਹੈ। ਉਦਾਹਰਨ ਲਈ, ਉਹ ਤੁਹਾਨੂੰ ਕੋਈ ਅਜਿਹੀ ਜਾਣਕਾਰੀ ਨਹੀਂ ਦੇ ਸਕਦੇ ਜਿਸਦੀ ਵਰਤੋਂ ਕਿਸੇ ਅਪਰਾਧ ਨੂੰ ਸੁਲਝਾਉਣ ਲਈ ਕੀਤੀ ਜਾ ਰਹੀ ਹੋਵੇ।

- ✓ ਜੇਲ ਪ੍ਰਬੰਧਨ ਨਿਯਮਾਵਲੀ 9020 ਵਿੱਚ ਇਸ ਬਾਰੇ ਵਧੇਰੇ ਜਾਣਕਾਰੀ ਦਿੱਤੀ ਗਈ ਹੈ। ਇਸਦੀ ਇੱਕ ਪ੍ਰਤੀ ਲਾਇਬ੍ਰੇਰੀ ਵਿੱਚ ਹੈ।

- ✓ ਜੇਲ੍ਹਾਂ ਤੁਹਾਡੇ ਬਾਰੇ ਜਾਣਕਾਰੀ ਨੂੰ ਕਿਵੇਂ ਇਸਤੇਮਾਲ ਕਰਦੀਆਂ ਹਨ, ਇਸ ਬਾਰੇ ਵਧੇਰੇ ਜਾਣਨ ਲਈ ਇਸ ਪਤੇ 'ਤੇ ਲਿਖੋ

  The information manager
  H M Prison Service
  Room 330
  Bell House
  John Islip Street
  London
  SW1P 4LH

## ਤੁਹਾਡਾ ਸੁਰੱਖਿਆ ਸ਼੍ਰੇਣੀ

**ਲਾਹੇਵੰਦ ਸ਼ਬਦ**

ਖੁੱਲ੍ਹੀਆਂ ਜੇਲ੍ਹਾਂ ਇਹ ਉਹ ਜੇਲ੍ਹਾਂ ਹੁੰਦੀਆਂ ਹਨ ਜਿੱਥੇ ਤੁਹਾਨੂੰ ਦੂਸਰੀਆਂ ਜੇਲ੍ਹਾਂ ਦੀ ਤੁਲਨਾ ਵਿੱਚ ਤੁਰਨ ਫਿਰਨ ਅਤੇ ਕੰਮ ਕਰਨ ਦੀ ਵਧੇਰੇ ਅਜ਼ਾਦੀ ਹੁੰਦੀ ਹੈ। ਤੁਹਾਡੇ ਕੋਲ ਆਪਣੀਆਂ ਖ਼ੁਦ ਦੀਆਂ ਚਾਬੀਆਂ ਵਾਲਾ ਆਪਣਾ ਖ਼ੁਦ ਦਾ ਕਮਰਾ ਹੋ ਸਕਦਾ ਹੈ। ਜੇਕਰ ਸਟਾਫ਼ ਸੋਚਦਾ ਹੈ ਕਿ ਤੁਹਾਡੇ 'ਤੇ ਭਰੋਸਾ ਕੀਤਾ ਜਾ ਸਕਦਾ ਹੈ ਤਾਂ ਤੁਹਾਨੂੰ ਇੱਕ ਖੁੱਲ੍ਹੀ ਜੇਲ੍ਹ ਵਿੱਚ ਰੱਖਿਆ ਜਾ ਸਕਦਾ ਹੈ।

**ਬੰਦ ਜੇਲ੍ਹਾਂ** ਜੇਲ੍ਹ ਵਿੱਚ ਜਾਣ ਵਾਲੇ ਜ਼ਿਆਦਾਤਰ ਵਿਅਕਤੀ ਬੰਦ ਜੇਲ੍ਹਾਂ ਵਿੱਚ ਹੁੰਦੇ ਹਨ। ਇਹ ਜੇਲ੍ਹਾਂ ਸੁਰੱਖਿਅਤ ਹੁੰਦੀਆਂ ਹਨ ਅਤੇ ਲੋਕ ਇਹਨਾਂ ਵਿੱਚੋਂ ਬੱਚ ਕੇ ਨਹੀਂ ਨਿਕਲ ਸਕਦੇ।

## ਤੁਹਾਡੀ ਸੁਰੱਖਿਆ ਸ਼੍ਰੇਣੀ ਕੀ ਹੈ?

- ਤੁਹਾਡੀ ਸੁਰੱਖਿਆ ਸ਼੍ਰੇਣੀ ਦਾ ਸੰਬੰਧ ਇਸ ਗੱਲ ਨਾਲ ਹੁੰਦਾ ਹੈ ਤੁਸੀਂ ਕਿਸ ਕਿਸਮ ਦੇ ਕੈਦੀ ਹੋ
- ਜੇਲ੍ਹ ਸਟਾਫ਼ ਅਜਿਹੀਆਂ ਗੱਲਾਂ ਦੇਖੇਗਾ ਜਿਵੇਂ ਕਿ ਕੀ ਤੁਸੀਂ ਦੂਸਰਿਆਂ ਨੂੰ ਨੁਕਸਾਨ ਪਹੁੰਚਾ ਸਕਦੇ ਹੋ, ਜਾਂ ਫਿਰ ਜੇਲ੍ਹ ਤੋਂ ਭੱਜਣ ਦੀ ਕੋਸ਼ਿਸ਼ ਕਰ ਸਕਦੇ ਹੋ ਅਤੇ ਜੇ ਤੁਸੀਂ ਭੱਜ ਗਏ ਤਾਂ ਤੁਸੀਂ ਕਿੰਨੇ ਖਤਰਨਾਕ ਸਾਬਿਤ ਹੋਵੋਗੇ।
- ਜੇਲ੍ਹ ਦਾ ਸਟਾਫ਼ ਤੈਅ ਕਰੇਗਾ ਕਿ ਤੁਹਾਨੂੰ ਕਿਹੜੀ ਸੁਰੱਖਿਆ ਸ਼੍ਰੇਣੀ ਵਿੱਚ ਹੋਣਾ ਚਾਹੀਦਾ ਹੈ ਅਤੇ ਉਸ ਤੋਂ ਬਾਅਦ ਤੁਹਾਨੂੰ ਦੱਸ ਦੇਵੇਗਾ।
- ਜੇਕਰ ਤੁਸੀਂ ਕਿਸੇ ਉੱਚ ਸੁਰੱਖਿਆ ਸ਼੍ਰੇਣੀ (ਜਿਵੇਂ ਕਿ ਏ ਜਾਂ ਬੀ) ਵਿੱਚ ਹੋ, ਤਾਂ ਤੁਹਾਨੂੰ ਦੂਸਰੇ ਕੈਦੀਆਂ ਦੀ ਤੁਲਨਾ ਵਿੱਚ ਜੇਲ੍ਹ ਵਿੱਚ ਕੰਮ ਕਰਨ ਦੀ ਘੱਟ ਅਜ਼ਾਦੀ ਹੋਵੇਗੀ। ਜੇਲ੍ਹ ਦਾ ਸਟਾਫ਼ ਤੁਹਾਡੇ 'ਤੇ ਨਜ਼ਰ ਰੱਖਣ ਅਤੇ ਤੁਹਾਨੂੰ ਭੱਜਣ ਤੋਂ ਰੋਕਣ ਲਈ ਵਧੇਰੇ ਜ਼ੋਰ ਲਗਾਏਗਾ।
- ਛੋਟੀ ਉਮਰ ਦੇ ਅਪਰਾਧੀਆਂ ਲਈ ਬਾਲਗ ਕੈਦੀਆਂ ਨਾਲੋਂ ਵੱਖਰੀਆਂ ਸੁਰੱਖਿਆ ਸ਼੍ਰੇਣੀਆਂ ਹੁੰਦੀਆਂ ਹਨ।

ਬਾਲਗਾਂ ਲਈ ਸੁਰੱਖਿਆ ਸ਼੍ਰੇਣੀ ਇਹ ਹੁੰਦੀਆਂ ਹਨ

1. ਸ਼੍ਰੇਣੀ ਏਂ ਉੱਥੇ ਜਿੱਥੇ ਜੇਲ੍ਹ ਦਾ ਸਟਾਫ਼ ਸੋਚਦਾ ਹੈ ਕਿ ਤੁਸੀਂ ਜੇਲ੍ਹ ਤੋਂ ਬਾਹਰ ਕਿਸੇ ਵਿਅਕਤੀ ਨੂੰ ਨੁਕਸਾਨ ਪਹੁੰਚਾ ਸਕਦੇ ਹੋ ਅਤੇ ਜਾਂ ਤੁਸੀਂ ਭੱਜਣ ਦੀ ਕੋਸ਼ਿਸ਼ ਕਰ ਸਕਦੇ ਹੋ, ਇਸ ਲਈ ਤੁਹਾਨੂੰ ਭੱਜਣ ਤੋਂ ਰੋਕਣ ਲਈ ਹਰ ਸੰਭਵ ਕੰਮ ਕੀਤਾ ਜਾਵੇਗਾ।

2. ਸ਼੍ਰੇਣੀ ਬੀਂ ਇਹ ਉੱਥੇ ਜਿੱਥੇ ਜੇਲ੍ਹ ਦਾ ਸਟਾਫ਼ ਸੋਚਦਾ ਹੈ ਕਿ ਤੁਹਾਨੂੰ ਭੱਜਣ ਦਾ ਕੋਈ ਮੌਕਾ ਨਹੀਂ ਦਿੱਤਾ ਜਾਣਾ ਚਾਹੀਦਾ।

3. ਸ਼੍ਰੇਣੀ ਸੀਂ ਇਹ ਉੱਥੇ ਜਿੱਥੇ ਜੇਲ੍ਹ ਦਾ ਸਟਾਫ਼ ਸੋਚਦਾ ਹੈ ਕਿ ਤੁਸੀਂ ਨਹੀਂ ਭੱਜੋਗੇ, ਪਰ ਇਹ ਕਿ ਤੁਹਾਡੇ 'ਤੇ ਕਿਸੇ ਖੁੱਲ੍ਹੀ ਜੇਲ੍ਹ ਵਿੱਚ ਭਰੋਸਾ ਨਹੀਂ ਕੀਤਾ ਜਾ ਸਕਦਾ।

4. ਸ਼੍ਰੇਣੀ ਡੀਂ ਇਹ ਉੱਥੇ ਜਿੱਥੇ ਜੇਲ੍ਹ ਦਾ ਸਟਾਫ਼ ਸੋਚਦਾ ਹੈ ਕਿ ਉਹ ਤੁਹਾਨੂੰ ਕਿਸੇ ਖੁੱਲ੍ਹੀ ਜੇਲ੍ਹ ਵਿੱਚ ਰੱਖਣ 'ਤੇ ਤੁਹਾਡੇ 'ਤੇ ਭਰੋਸਾ ਕਰ ਸਕਦੇ ਹਨ।

ਛੋਟੀ ਉਮਰ ਦੇ ਅਪਰਾਧੀਆਂ ਲਈ ਸੁਰੱਖਿਆ ਸ਼੍ਰੇਣੀਆਂ ਇਹ ਹੁੰਦੀਆਂ ਹਨ

1. ਵਰਡ ਏਂ ਇਹ ਉੱਥੇ ਜਿੱਥੇ ਜੇਲ੍ਹ ਦਾ ਸਟਾਫ਼ ਸੋਚਦਾ ਹੈ ਕਿ ਤੁਸੀਂ ਕਿਸੇ ਨੂੰ ਨੁਕਸਾਨ ਪਹੁੰਚਾਓਗੇ ਅਤੇ ਤੁਹਾਨੂੰ ਛੋਟੀ ਉਮਰ ਦੇ ਅਪਰਾਧੀਆਂ ਲਈ ਬਣਾਈ ਗਈ ਸੰਸਥਾ ਵਿੱਚੋਂ ਭੱਜਣ ਤੋਂ ਰੋਕਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ।

2. **ਪ੍ਰਤੀਬੰਧਿਤ ਰੁਤਬਾਂ** ਇਹ ਉੱਥੇ ਜਿੱਥੇ ਜੇਲ੍ਹ ਦਾ ਸਟਾਫ਼ ਸੋਚਦਾ ਹੈ ਕਿ ਤੁਹਾਨੂੰ ਛੋਟੀ ਉਮਰ ਦੇ ਅਪਰਾਧੀਆਂ ਲਈ ਬਣਾਈ ਗਈ ਸੰਸਥਾ ਦੇ ਇੱਕ ਸੁਰੱਖਿਅਤ ਹਿੱਸੇ ਵਿੱਚ ਰੱਖਿਆ ਜਾਣਾ ਚਾਹੀਦਾ ਹੈ।

3. **ਬੰਦ ਹਾਲਤਾਂ** ਇਹ ਉੱਥੇ ਜਿੱਥੇ ਜੇਲ੍ਹ ਦਾ ਸਟਾਫ਼ ਸੋਚਦਾ ਹੈ ਕਿ ਤੁਹਾਡੇ ਤੋਂ ਥੋੜ੍ਹਾ ਜੋਖ਼ਿਮ ਹੈ ਪਰ ਤੁਸੀਂ ਅਜੇ ਵੀ ਛੋਟੀ ਉਮਰ ਦੇ ਅਪਰਾਧੀਆਂ ਲਈ ਬਣਾਈ ਗਈ ਕਿਸੇ ਖੁੱਲ੍ਹੀ ਸੰਸਥਾ ਵਿੱਚ ਰੱਖੇ ਜਾਣ ਲਈ ਸੁਰੱਖਿਆ ਨਹੀਂ ਹੋ।

4. **ਖੁੱਲ੍ਹੀਆਂ ਹਾਲਤਾਂ** ਇਹ ਉੱਥੇ ਜਿੱਥੇ ਜੇਲ੍ਹ ਦਾ ਸਟਾਫ਼ ਸੋਚਦਾ ਹੈ ਕਿ ਉਹ ਤੁਹਾਡੇ 'ਤੇ ਇੰਨਾ ਭਰੋਸਾ ਕਰ ਸਕਦੇ ਹਨ ਕਿ ਤੁਹਾਨੂੰ ਛੋਟੀ ਉਮਰ ਦੇ ਅਪਰਾਧੀਆਂ ਲਈ ਬਣਾਈ ਗਈ ਕਿਸੇ ਖੁੱਲ੍ਹੀ ਸੰਸਥਾ ਵਿੱਚ ਰੱਖਿਆ ਜਾ ਸਕੇ।

## ਤੁਹਾਡੇ ਸੁਰੱਖਿਆ ਸ਼੍ਰੇਣੀ ਦੀ ਜਾਂਚ ਕਰਕੇ ਇਹ ਯਕੀਨੀ ਬਣਾਉਣਾ ਕਿ ਇਹ ਸਹੀ ਹੈ।

ਜੇਲ੍ਹ ਦਾ ਸਟਾਫ਼ ਇਸ ਗੱਲ ਦੀ ਜਾਂਚ ਕਰਦਾ ਰਹੇਗਾ ਕਿ ਤੁਸੀਂ ਸਹੀ ਸੁਰੱਖਿਆ ਸ਼੍ਰੇਣੀ ਵਿੱਚ ਹੋ। ਉਹ ਤੁਹਾਡਾ ਸੁਰੱਖਿਆ ਸ਼੍ਰੇਣੀ ਬਦਲ ਦੇਣਗੇ ਜੇਕਰ ਉਹਨਾਂ ਨੂੰ ਲੱਗਦਾ ਹੈ ਕਿ ਤੁਸੀਂ ਪਹਿਲਾਂ ਨਾਲੋਂ ਵਧੇਰੇ ਸੁਰੱਖਿਅਤ ਜਾਂ ਵਧੇਰੇ ਖ਼ਤਰਨਾਕ ਹੋ ਗਏ ਹੋ।

- **ਜੇਕਰ ਤੁਹਾਡੀ ਸਜ਼ਾ ਦੀ ਮਿਆਦ 1 ਸਾਲ ਅਤੇ 4 ਸਾਲਾਂ ਵਿਚਕਾਰ ਹੈ**

ਤਾਂ ਜੇਲ੍ਹ ਸਟਾਫ਼ ਹਰ 6 ਮਹੀਨਿਆਂ ਤੋਂ ਤੁਹਾਡੀ ਸੁਰੱਖਿਆ ਸ਼੍ਰੇਣੀ ਦੀ ਸਮੀਖਿਆ ਕਰੇਗਾ।

- **ਜੇਕਰ ਤੁਹਾਡੀ ਸਜ਼ਾ ਦੀ ਮਿਆਦ 4 ਸਾਲਾਂ ਤੋਂ ਜ਼ਿਆਦਾ ਹੈ**

ਤਾਂ ਜੇਲ੍ਹ ਸਟਾਫ਼ ਹਰ ਸਾਲ ਤੁਹਾਡੀ ਸੁਰੱਖਿਆ ਸ਼੍ਰੇਣੀ ਦੀ ਸਮੀਖਿਆ ਕਰੇਗਾ।

- **ਜੇਕਰ ਤੁਸੀਂ ਸ਼੍ਰੇਣੀ ਏ ਦੇ ਕੈਦੀ ਹੋ**

ਤਾਂ ਜੇਲ੍ਹ ਪ੍ਰਬੰਧਨ ਦੇ ਮੁੱਖ ਦਫ਼ਤਰ ਵਿੱਚ ਕੰਮ ਕਰਨ ਵਾਲਾ ਸਟਾਫ਼ ਤੁਹਾਡੀ ਸੁਰੱਖਿਆ ਸ਼੍ਰੇਣੀ ਦੀ ਜਾਂਚ ਕਰੇਗਾ।

- **ਜੇਕਰ ਤੁਸੀਂ ਸ਼੍ਰੇਣੀ ਡੀ ਕੈਦੀ ਹੋ**

ਤਾਂ ਜੇਲ੍ਹ ਸਟਾਫ਼ ਨੂੰ ਬਹੁਤ ਜ਼ਿਆਦਾ ਕਰਕੇ ਤੁਹਾਡੀ ਸੁਰੱਖਿਆ ਸ਼੍ਰੇਣੀ ਦੀ ਜਾਂਚ ਕਰਨ ਦੀ ਲੋੜ ਨਹੀਂ ਹੋਵੇਗੀ।

ਤੁਸੀਂ ਆਪਣੀ ਸੁਰੱਖਿਆ ਸ਼੍ਰੇਣੀ ਬਾਰੇ ਸ਼ਿਕਾਇਤ ਕਰ ਸਕਦੇ ਹੋ ਜੇਕਰ ਤੁਸੀਂ ਸੋਚਦੇ ਹੋ ਕਿ ਇਹ ਗ਼ਲਤ ਹੈ। **ਪੰਨਾ 110 ਦੇਖੋ।**

## ਤੁਸੀਂ ਆਪਣੀ ਸਜ਼ਾ ਕਿੱਥੇ ਭੁਗਤੋਗੇ

- ✓ ਤੁਸੀਂ ਆਪਣੀ ਸਜ਼ਾ ਕਿਸੇ ਸਥਾਨਕ ਜੇਲ੍ਹ ਵਿੱਚ ਜਾਂ ਛੋਟੇ ਅਪਰਾਧੀਆਂ ਲਈ ਬਣਾਈ ਗਈ ਸੰਸਥਾ ਵਿੱਚ ਭੁਗਤਣੀ ਸ਼ੁਰੂ ਕਰੋਗੇ ਜੋ ਕਿ ਉਸ ਅਦਾਲਤ ਦੇ ਨਜ਼ਦੀਕ ਹੋਵੇਗੀ ਜਿੱਥੇ ਤੁਹਾਨੂੰ ਸਜ਼ਾ ਸੁਣਾਈ ਗਈ ਸੀ।
- ✓ ਜੇਕਰ ਤੁਹਾਡੀ ਸਜ਼ਾ ਇੱਕ ਛੋਟੇ ਜਿਹੇ ਸਮੇਂ ਲਈ ਹੈ ਤਾਂ ਤੁਸੀਂ ਸਾਰਾ ਸਮਾਂ ਇੱਕ ਹੀ ਜੇਲ੍ਹ ਵਿੱਚ ਰਹਿ ਸਕਦੇ ਹੋ।
- ✓ ਜੇਕਰ ਤੁਹਾਡੀ ਸਜ਼ਾ ਇੱਕ ਵਧੇਰੇ ਲੰਮੇ ਸਮੇਂ ਦੀ ਹੈ ਤਾਂ ਤੁਹਾਨੂੰ ਤੁਰੰਤ ਬਾਅਦ ਕਿਸੇ ਦੂਸਰੀ ਜੇਲ੍ਹ ਵੱਲ ਬਦਲ ਦਿੱਤਾ ਜਾਵੇਗਾ।
- ✓ ਤੁਸੀਂ ਉਹ ਜੇਲ੍ਹ ਨਹੀਂ ਚੁਣ ਸਕਦੇ ਜਿੱਥੇ ਤੁਸੀਂ ਜਾਣਾ ਹੈ ਪਰ ਤੁਸੀਂ ਜੇਲ੍ਹ ਦੇ ਸਟਾਫ਼ ਨੂੰ ਨਿਵੇਦਨ ਕਰ ਸਕਦੇ ਹੋ ਜੇਕਰ ਤੁਸੀਂ ਆਪਣੇ ਮਿੱਤਰਾਂ ਜਾਂ ਪਰਿਵਾਰ ਦੇ ਵਧੇਰੇ ਨਜ਼ਦੀਕ ਪੈਣ ਵਾਲੀ ਜੇਲ੍ਹ ਵਿੱਚ ਬਦਲਿਆ ਜਾਣਾ ਚਾਹੁੰਦੇ ਹੋ। ਉਹ ਸ਼ਾਇਦ ਇਸ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ।
- ✓ ਕਿਸੇ ਦੂਸਰੀ ਜੇਲ੍ਹ ਵਿੱਚ ਬਦਲੇ ਜਾਣ ਲਈ ਲੰਮੀ ਉਡੀਕ ਕਰਨੀ ਪੈ ਸਕਦੀ ਹੈ ਕਿਉਂਕਿ ਬਹੁਤ ਸਾਰੇ ਕੈਦੀ ਹੁੰਦੇ ਹਨ ਜੋ ਜੇਲ੍ਹ ਬਦਲਣੀ ਚਾਹੁੰਦੇ ਹਨ।

## ਵੱਖ-ਵੱਖ ਕਿਸਮਾਂ ਦੀਆਂ ਜੇਲ੍ਹਾਂ

### 1. ਸਥਾਨਕ ਜੇਲ੍ਹਾਂ

- ਤੁਹਾਨੂੰ ਸਭ ਤੋਂ ਪਹਿਲਾਂ ਕਿਸੇ ਸਥਾਨਕ ਜੇਲ੍ਹ ਵਿੱਚ ਜਾਂ ਛੋਟੇ ਅਪਰਾਧੀਆਂ ਲਈ ਬਣਾਈ ਗਈ ਸੰਸਥਾ ਵਿੱਚ ਲਿਜਾਇਆ ਜਾਂਦਾ ਹੈ ਜੇਕਰ-
    - ਅਦਾਲਤ ਵਿੱਚ ਤੁਹਾਡੇ 'ਤੇ ਹੁਣੇ ਜਿਹੇ ਦੋਸ਼ ਸਿੱਧ ਹੋਏ ਹਨ ਜਾਂ ਸਜ਼ਾ ਸੁਣਾਈ ਗਈ ਹੈ।
    - ਤੁਸੀਂ ਰਿਮਾਂਡ 'ਤੇ ਹੋ ਅਤੇ ਆਪਣੇ 'ਤੇ ਮੁਕੱਦਮਾ ਚਲਾਏ ਜਾਣ ਦੀ ਉਡੀਕ ਕਰ ਰਹੇ ਹੋ।
- ਇੱਥੇ ਤੁਹਾਨੂੰ ਤੁਹਾਡੀ ਸੁਰੱਖਿਆ ਸ਼੍ਰੇਣੀ ਦੇ ਦਿੱਤੀ ਜਾਵੇਗੀ।
- ਤੁਹਾਨੂੰ ਜਾਂ ਤਾਂ ਇੱਥੇ ਰੱਖਿਆ ਜਾਵੇਗਾ ਜਾਂ ਫਿਰ ਕਿਸੇ ਦੂਸਰੀ ਜੇਲ੍ਹ ਜਾਂ ਛੋਟੇ ਅਪਰਾਧੀਆਂ ਲਈ ਬਣਾਈ ਗਈ ਸੰਸਥਾ ਵਿੱਚ ਲਿਜਾਇਆ ਜਾਵੇਗਾ। ਇਹ ਇਸ 'ਤੇ ਨਿਰਭਰ ਕਰਦਾ ਹੈ ਕਿ ਤੁਹਾਡੀ ਸਜ਼ਾ ਕਿੰਨੀ ਲੰਮੀ ਹੈ।
- ਸਾਰੀਆਂ ਸਥਾਨਕ ਜੇਲ੍ਹਾਂ, ਬੰਦ ਜੇਲ੍ਹਾਂ ਹੁੰਦੀਆਂ ਹਨ।

### 2. ਸਿਖਲਾਈ ਵਾਲੀਆਂ ਜੇਲ੍ਹਾਂ

- ਕਿਸੇ ਸਥਾਨਕ ਜੇਲ੍ਹ ਵਿੱਚ ਪਹੁੰਚਣ ਤੋਂ ਤੁਰੰਤ ਬਾਅਦ ਤੁਹਾਨੂੰ ਇੱਕ ਸਿਖਲਾਈ ਜੇਲ੍ਹ ਵਿੱਚ ਲਿਜਾਇਆ ਜਾ ਸਕਦਾ ਹੈ।
- ਸਿਖਲਾਈ ਜੇਲ੍ਹਾਂ ਖੁੱਲ੍ਹੀਆਂ ਜਾਂ ਬੰਦ ਜੇਲ੍ਹਾਂ ਹੋ ਸਕਦੀਆਂ ਹਨ।
- ਤੁਸੀਂ ਇਹਨਾਂ ਜੇਲ੍ਹਾਂ ਵਿੱਚ ਕੋਰਸ ਅਤੇ ਸਿਖਲਾਈ ਲੈ ਸਕਦੇ ਹੋ ਜਿਸ ਨਾਲ ਤੁਹਾਨੂੰ ਜੇਲ੍ਹ ਤੋਂ ਬਾਹਰ ਆਉਣ 'ਤੇ ਕੋਈ ਹੋਰ ਅਪਰਾਧ ਕਰਨ ਤੋਂ ਰੁਕਣ ਵਿੱਚ ਮਦਦ ਮਿਲ ਸਕੇ। ਤੁਹਾਨੂੰ ਸਿਖਲਾਈ ਜਾਂ ਕੋਰਸ ਲੈਣ ਲਈ ਕੁਝ ਸਮਾਂ ਉਡੀਕ ਕਰਨੀ ਪੈ ਸਕਦੀ ਹੈ।

### 3. ਛੋਟੀ ਉਮਰ ਦੇ ਅਪਰਾਧੀਆਂ ਲਈ ਸੰਸਥਾਵਾਂ

- ਇਹ 15 ਤੋਂ 21 ਸਾਲ ਉਮਰ ਦੇ ਉਹਨਾਂ ਨੌਜਵਾਨ ਵਿਅਕਤੀਆਂ ਨੂੰ ਰੱਖਣ ਲਈ ਸਥਾਨ ਹੁੰਦੇ ਹਨ, ਜਿਨ੍ਹਾਂ ਨੇ ਕੋਈ ਅਪਰਾਧ ਕੀਤਾ ਹੁੰਦਾ ਹੈ।

## 4. ਉੱਚ ਸੁਰੱਖਿਆ ਵਾਲੀਆਂ ਜੇਲ੍ਹਾਂ-

- ਇਹ ਉਹਨਾਂ ਕੈਦੀਆਂ ਲਈ ਹੁੰਦੀਆਂ ਹਨ ਜਿਨ੍ਹਾਂ ਨੂੰ ਸ਼੍ਰੇਣੀ ਏ ਜਾਂ ਬੀ ਸੁਰੱਖਿਆ ਸ਼੍ਰੇਣੀ ਦਿੱਤੀ ਗਈ ਹੁੰਦੀ ਹੈ।
- ਇਸ ਸਮੇਂ ਉੱਚ ਸੁਰੱਖਿਆ ਵਾਲੀਆਂ 8 ਜੇਲ੍ਹਾਂ ਹਨ। ਇਹ ਹਨਂ ਬੈਲਮਾਰਸ਼, ਫਰੈਂਕ ਲੈਂਡ, ਫੁੱਲ ਸਟਨ, ਲੌਂਗ ਲਾਰਟਿਨ, ਮਾਨਚੈਸਟਰ, ਵੈਕਫੀਲਡ, ਵਹਾਈਟ ਮੂਰ ਅਤੇ ਵੁੱਡ ਹਿੱਲ

## 5. ਪ੍ਰਾਈਵੇਟ ਕੰਪਨੀਆਂ ਦੁਆਰਾ ਚਲਾਈਆਂ ਜਾਂਦੀਆਂ ਜੇਲ੍ਹਾਂ (ਇਹਨਾਂ ਨੂੰ ਕਈ ਵਾਰੀ ਠੇਕੇ ਵਾਲੀਆਂ ਜੇਲ੍ਹਾਂ ਕਿਹਾ ਜਾਂਦਾ ਹੈ)

- ਇਹ ਜੇਲ੍ਹਾਂ ਪ੍ਰਾਈਵੇਟ ਕੰਪਨੀਆਂ ਦੁਆਰਾ ਚਲਾਈਆਂ ਜਾਂਦੀਆਂ ਹਨ।
- ਕੈਦੀ, ਦੂਸਰੀਆਂ ਜੇਲ੍ਹਾਂ ਵਿੱਚ ਬੰਦ ਕੈਦੀਆਂ ਵਾਲੇ ਹੀ ਨਿਯਮਾਂ ਦੀ ਪਾਲਣਾ ਕਰਦੇ ਹਨ ਅਤੇ ਉਹਨਾਂ ਹੀ ਅਧਿਕਾਰਾਂ ਦਾ ਆਨੰਦ ਮਾਣਦੇ ਹਨ।
- ਕੁਝ ਸਟਾਫ਼ ਵੱਖਰਾ ਹੁੰਦਾ ਹੈ। ਉਦਾਹਰਨ ਲਈ ਪ੍ਰਾਈਵੇਟ ਜੇਲ੍ਹਾਂ ਗਵਰਨਰ ਦੁਆਰਾ ਨਹੀਂ, ਕਿਸੇ ਡਾਇਰੈਕਟਰ ਦੁਆਰਾ ਚਲਾਈਆਂ ਜਾਂਦੀਆਂ ਹਨ।
- ਜੇਲ੍ਹ ਦੇ ਅਧਿਕਾਰੀਆਂ ਨੂੰ ਜੇਲ੍ਹ ਹਿਰਾਸਤ ਅਧਿਕਾਰੀ ਕਿਹਾ ਜਾਂਦਾ ਹੈ।
- ਇਸ ਵੇਲੇ 11 ਪ੍ਰਾਈਵੇਟ ਜੇਲ੍ਹਾਂ ਹਨ। ਇਹ ਹਨਂ ਅਲਟਕੋਰਸ, ਐਸ਼ਫੀਲਡ, ਬ੍ਰੋਜਫੀਲਡ (ਔਰਤਾਂ ਲਈ), ਡੌਨਕਾਸਟਰ, ਡੱਵਗੇਟ, ਫੌਰੈਸਟ ਬੈਂਕ, ਲੋਅਡਰਾਮ ਗ੍ਰੇਂਜ, ਪਾਰਕ, ਪੀਟਰਬੋਰੋ (ਪੁਰਸ਼ਾਂ ਅਤੇ ਔਰਤਾਂ ਲਈ), ਰਾਈ ਹਿੱਲ ਅਤੇ ਵੋਲਡਜ਼।

# ਤੁਸੀਂ ਜੇਲ੍ਹ ਵਿੱਚ ਕਿਹੜੀਆਂ ਚੀਜ਼ਾਂ ਆਪਣੇ ਕੋਲ ਰੱਖ ਸਕਦੇ ਹੋ ਅਤੇ ਕਿਹੜੀਆਂ ਨਹੀਂ ਰੱਖ ਸਕਦੇ

**ਮੁੱਖ ਗੱਲਾਂ**

- ✓ ਤੁਸੀਂ ਜੇਲ੍ਹ ਵਿੱਛ ਬਹੁਤ ਸਾਰੀਆਂ ਚੀਜ਼ਾਂ ਆਪਣੇ ਕੋਲ ਨਹੀਂ ਰੱਖ ਸਕਦੇ।

- ✓ ਤੁਹਾਨੂੰ ਕੋਈ ਵਾਧੂ ਚੀਜ਼ਾਂ ਜੋ ਤੁਸੀਂ ਨਹੀਂ ਰੱਖ ਸਕਦੇ, ਮੁਲਾਕਾਤੀਆਂ ਨੂੰ ਦੇ ਦੇਣੀਆਂ ਚਾਹੀਦੀਆਂ ਹਨ ਜਦੋਂ ਉਹ ਤੁਹਾਨੂੰ ਮਿਲਣ ਆਉਂਦੇ ਹਨ।

- ✓ ਮੁਲਾਕਾਤੀਆਂ ਨੂੰ ਤੁਹਾਡੇ ਕੋਲ ਮੌਜੂਦ ਕੋਈ ਮਹਿੰਗੀਆਂ ਜਾਂ ਬੇਸ਼ਕੀਮਤੀ ਚੀਜ਼ਾਂ ਭੇਜਣਾ ਜਾਂ ਦੇਣਾ ਇੱਕ ਚੰਗਾ ਵਿਚਾਰ ਹੈ। ਅਜਿਹਾ ਇਸ ਲਈ ਕਿਉਂਕਿ ਜੇਲ੍ਹ ਇਸ ਬਾਰੇ ਕੁਝ ਨਹੀਂ ਕਰ ਸਕਦੀ ਜੇਕਰ ਤੁਹਾਡੀਆਂ ਚੀਜ਼ਾਂ ਗੁਆਚ ਜਾਂ ਟੁੱਟ ਜਾਂਦੀਆਂ ਹਨ, ਜਦੋਂ ਤਕ ਕਿ ਇਹ ਦਿਖਾਇਆ ਨਹੀਂ ਜਾ ਸਕਦਾ ਕਿ ਜੇਲ੍ਹ ਸਟਾਫ਼ ਨੇ ਅਜਿਹਾ ਕੀਤਾ।

- ✓ ਕੋਈ ਅਜਿਹੀ ਚੀਜ਼, ਜੋ ਤੁਸੀਂ ਰੱਖ ਨਹੀਂ ਸਕਦੇ ਜਾਂ ਮੁਲਾਕਾਤੀਆਂ ਨੂੰ ਦੇ ਨਹੀਂ ਸਕਦੇ, ਸੀਲਬੰਦ ਬੈਗਾਂ ਵਿੱਚ ਪਾ ਕੇ, ਜੇਲ੍ਹ ਦੇ ਅੰਦਰ ਜਾਂ ਬਾਹਰ ਕਿਸੇ ਸੁਰੱਖਿਅਤ ਸਥਾਨ 'ਤੇ ਰੱਖ ਦਿੱਤੀ ਜਾਵੇਗੀ ਜਦੋਂ ਤਕ ਤੁਸੀਂ ਜੇਲ੍ਹ ਤੋਂ ਬਾਹਰ ਨਹੀਂ ਆਉਂਦੇ।

- ✓ ਜੇਲ੍ਹ ਦਾ ਸਟਾਫ਼ ਤੁਹਾਨੂੰ ਇੱਕ ਫ਼ਾਰਮ (ਸੰਪਤੀ ਕਾਰਡ) 'ਤੇ ਦਸਤਖਤ ਕਰਨ ਲਈ ਕਹੇਗਾ ਜਦੋਂ

  - ਤੁਸੀਂ ਇਹ ਦੱਸਣ ਲਈ ਕਿਸੇ ਜੇਲ੍ਹ ਵਿੱਚ ਜਾਂਦੇ ਹੋ ਕਿ ਤੁਸੀਂ ਦੇਖਿਆ ਹੈ ਕਿ ਜੇਲ੍ਹ ਦੇ ਸਟਾਫ਼ ਨੂੰ ਬੈਗਾਂ ਵਿੱਚ ਕੀ ਪਾਇਆ ਹੈ ਅਤੇ ਬੈਗ ਤੁਹਾਡੇ ਸਾਮ੍ਹਣੇ ਬੰਦ ਕੀਤੇ ਗਏ ਹਨ।
  - ਜਦੋਂ ਤੁਸੀਂ ਇਹ ਦੱਸਣ ਲਈ ਕਿਸੇ ਨਵੀਂ ਜੇਲ੍ਹ ਵਿੱਚ ਜਾਂਦੇ ਜਾਂ ਉਸ ਤੋਂ ਬਾਹਰ ਆਉਂਦੇ ਹੋ ਕਿ ਤੁਹਾਡੀਆਂ ਚੀਜ਼ਾਂ ਅਜੇ ਵੀ ਬਿਲਕੁਲ ਸਹੀ ਹਨ।
  - ਜਦੋਂ ਤੁਹਾਨੂੰ ਇਹ ਦੱਸਣ ਲਈ ਜੇਲ੍ਹ ਤੋਂ ਰਿਹਾ ਕੀਤਾ ਜਾਂਦਾ ਹੈ ਕਿ ਤੁਹਾਡੀਆਂ ਸਭ ਚੀਜ਼ਾਂ ਉੱਥੇ ਮੌਜੂਦ ਹਨ।

- ✓ ਜੇਲ੍ਹ ਵਿੱਚੋਂ ਰਿਹਾ ਹੋਣ ਤੇ, ਤੁਹਾਨੂੰ ਤੁਹਾਡੀਆਂ ਸਭ ਚੀਜ਼ਾਂ ਵਾਪਸ ਕਰ ਦਿੱਤੀਆਂ ਜਾਣਗੀਆਂ, ਕਿਸੇ ਅਜਿਹੀ ਚੀਜ਼ ਨੂੰ ਛੱਡ ਕੇ, ਜਿਸ ਨੂੰ ਲਿਜਾਉਣ ਦੀ ਤੁਹਾਨੂੰ ਆਗਿਆ ਨਹੀਂ ਹੈ ਜਾਂ ਜਿਸਨੂੰ ਆਪਣੇ ਕੋਲ ਰੱਖਣਾ ਕਾਨੂੰਨ ਦੇ ਖਿਲਾਫ਼ ਹੈ।

## ਤੁਸੀਂ ਆਪਣੀ ਕੋਠੜੀ ਵਿੱਚ ਕੀ ਕੁਝ ਰੱਖ ਸਕਦੇ ਹੋ

- ਤੁਸੀਂ ਆਪਣੀ ਜੇਲ੍ਹ ਦੇ ਕਮਰੇ ਵਿੱਚ ਓਨੀਆਂ ਚੀਜ਼ਾਂ ਰੱਖ ਸਕਦੇ ਹੋ ਜੋ 2 ਬਕਸਿਆਂ ਵਿੱਚ ਪੂਰੀਆਂ ਆ ਜਾਣ

- ਤੁਸੀਂ ਇਹ ਵੀ ਰੱਖ ਸਕਦੇ ਹੋਂ
  - ਇੱਕ ਸਟੀਰਿਓ ਜਾਂ ਸੰਗੀਤ ਵਜਾਉਣ ਲਈ ਕੋਈ ਚੀਜ
  - ਕੁਝ ਵਧੇਰੇ ਵੱਡੀ ਚੀਜ਼। ਉਦਾਹਰਨ ਲਈ ਇੱਕ ਗਿਟਾਰ
  - ਕੋਈ ਕਾਨੂੰਨੀ ਕਾਗਜ਼ਾਤ ਜੋ ਤੁਹਾਨੂੰ ਰੱਖਣ ਦੀ ਆਗਿਆ ਹੋਵੇ।

- ਜੇਲ੍ਹ ਦਾ ਸਟਾਫ ਅਕਸਰ ਇਹ ਯਕੀਨੀ ਬਣਾਉਣ ਲਈ ਪੜਤਾਲਾਂ ਕਰੇਗਾ ਕਿ ਤੁਹਾਡੇ ਕੋਲ ਬਹੁਤ ਜ਼ਿਆਦਾ ਚੀਜ਼ਾਂ, ਜਾਂ ਕੋਈ ਗ਼ਲਤ ਚੀਜ਼ਾਂ ਨਾ ਹੋਣ।

- ਤੁਹਾਨੂੰ ਆਪਣੇ ਜੇਲ੍ਹ ਦੇ ਕਮਰੇ ਵਿੱਚ ਕੁਝ ਚੀਜ਼ਾਂ ਰੱਖਣ ਦਾ ਅਧਿਕਾਰ ਹਾਸਲ ਕਰਨਾ ਪੈ ਸਕਦਾ ਹੈ। **ਪੰਨਾ 64 ਦੇਖੋ।**

ਚੀਜ਼ਾਂ ਦੀ ਇੱਕ ਸੂਚੀ ਹੈ ਜੋ **ਸ਼ਾਇਦ** ਤੁਹਾਨੂੰ ਆਪਣੀ ਕੋਠਰੀ ਵਿੱਚ ਰੱਖਣ ਦੀ ਆਗਿਆ ਦਿੱਤੀ ਜਾ ਸਕਦੀ ਹੈ। ਇਹ ਹਰ ਇੱਕ ਜੇਲ੍ਹ ਲਈ ਵੱਖ-ਵੱਖ ਹੋ ਸਕਦੀ ਹੈ ਅਤੇ ਇਸ ਗੱਲ 'ਤੇ ਨਿਰਭਰ ਕਦੀ ਹੈ ਕਿ ਤੁਹਾਡੀ ਸੁਰੱਖਿਆ ਸ਼੍ਰੇਣੀ ਕੀ ਹੈ।

### ਤੁਸੀਂ ਸ਼ਾਇਦ ਇਹ ਚੀਜ਼ਾਂ ਰੱਖ ਸਕਦੇ ਹੋ

✓ ਅਖ਼ਬਾਰਾਂ, ਕਿਤਾਬਾਂ ਅਤੇ ਰਸਾਲੇ

✓ ਸੰਗੀਤ ਬਜਾਉਣ ਲਈ ਕੋਈ ਚੀਜ਼ ਅਤੇ ਈਅਰ ਫ਼ੋਨ

✓ ਇੱਕ ਕੰਪਿਊਟਰ ਅਤੇ ਇਸ ਨਾਲ ਲੱਗਣ ਵਾਲੀਆਂ ਚੀਜ਼ਾਂ ਜਿਵੇਂ ਕਿ ਫਲੋਪੀ ਡਿਸਕਾਂ

✓ ਉਹ ਚੀਜ਼ਾਂ ਜਿਨ੍ਹਾਂ ਦੀ ਲੋੜ ਤੁਹਾਨੂੰ ਤਮਾਕੂਨੋਸ਼ੀ (ਸਿਗਰਟ ਬੀੜੀ ਪੀਣ) ਲਈ ਪੈਂਦੀ ਹੈ। **ਦੋਸ਼ ਸਿੱਧ** ਕੈਦੀ 62.5 ਗ੍ਰਾਮ ਤਕ ਖੁੱਲ੍ਹਾ ਤੰਬਾਕੂ ਜਾਂ 80 ਸਿਗਰੇਟਾਂ ਜਾਂ ਸਿਗਾਰ, ਜਾਂ ਦੋਵਾਂ ਦਾ ਇੱਕ ਮਿਸ਼ਰਣ ਆਪਣੇ ਕੋਲ ਰੱਖ ਸਕਦੇ ਹਨ।
**ਗੈਰ ਦੋਸ਼ ਸਿੱਧ** ਕੈਦੀ ਆਪਣੇ ਕੋਲ 137.5 ਗ੍ਰਾਮ ਤਕ ਖੁੱਲ੍ਹਾ ਤੰਬਾਕੂ ਜਾਂ 180 ਸਿਗਰੇਟਾਂ ਰੱਖ ਸਕਦੇ ਹਨ। ਤੁਹਾਨੂੰ ਸਿਰਫ਼ ਤੁਹਾਡੇ ਕਮਰੇ ਵਿੱਚ ਹੀ ਤਮਾਕੂਨੋਸ਼ੀ ਦੀ ਆਗਿਆ ਦਿੱਤੀ ਜਾ ਸਕਦੀ ਹੈ।

✓ ਖੇਡਣ ਲਈ ਕੁਝ ਖੇਡਾਂ, ਜਿਨ੍ਹਾਂ ਵਿੱਚ ਇਲੈਕਟ੍ਰਾਨਿਕ ਗੇਮਾਂ ਵੀ ਸ਼ਾਮਲ ਹਨ।

✓ ਸ਼ੌਂਕ ਪੂਰੇ ਕਰਨ ਲਈ ਕੁਝ ਚੀਜ਼ਾਂ ਉਦਾਹਰਨ ਲਈ ਚਿੱਤਰਕਾਰੀ ਜਾਂ ਲੇਖਣ

## ਹੋਰ ਚੀਜ਼ਾਂ ਜੋ ਤੁਸੀਂ ਸ਼ਾਇਦ ਆਪਣੇ ਜੇਲ੍ਹ ਦੇ ਕਮਰੇ ਵਿੱਚ ਰੱਖ ਸਕਦੇ ਹੋ

- ✓ ਇੱਕ ਪੰਛੀ ਦਾ ਪਿੰਜਰਾ ਅਤੇ ਇੱਕ ਛੋਟਾ ਪੰਛੀ (ਸਿਰਫ਼ ਤਾਂ ਜੇਕਰ ਜੇਲ੍ਹ ਪਿੰਜਰੇ ਵਿੱਚ ਬੰਦ ਪੰਛੀ ਰੱਖਣ ਦੀ ਇਜਾਜ਼ਤ ਦਿੰਦੀ ਹੈ, ਜ਼ਿਆਦਾਤਰ ਜੇਲ੍ਹਾਂ ਇਹ ਇਜਾਜ਼ਤ ਨਹੀਂ ਦਿੰਦੀਆਂ)।
- ✓ ਇੱਕ ਘੜੀ।
- ✓ ਇੱਕ ਇਲੈਕਟ੍ਰਿਕ ਸ਼ੇਵਰ।
- ✓ ਤੁਹਾਡੀ ਮਦਦ ਕਰਨ ਲਈ ਚੀਜ਼ਾਂ ਜੇਕਰ ਤੁਹਾਨੂੰ ਕੋਈ ਅਸਮਰਥਤਾ ਹੈ।
- ✓ ਬੈਟਰੀਆਂ
- ✓ ਟਾਇਲਟ ਦਾ ਸਮਾਨ (ਅਜਿਹੀਆਂ ਚੀਜ਼ਾਂ ਜਿਵੇਂ ਕਿ ਇੱਕ ਟੂੱਥਬਰਸ਼ ਟੂੱਥਪੇਸਟ ਅਤੇ ਡਿਓਡੋਰੈਂਟ)।
- ✓ ਵਿਆਹ ਦੀ ਅੰਗੂਠੀ ਜਾਂ ਕੋਈ ਸਧਾਰਨ ਅੰਗੂਠੀ
- ✓ ਕੋਈ  ਜਾਂ ਲਾਕਿਟ
- ✓ ਤੁਹਾਡੇ ਧਰਮ ਨਾਲ ਸੰਬੰਧਿਤ ਕਿਤਾਬਾਂ ਅਤੇ ਹੋਰ ਚੀਜ਼ਾਂ। ਅਤੇ ਧੂਫਬੱਤੀ
- ✓ ਫੋਟੋਆਂ ਅਤੇ ਤਸਵੀਰਾਂ (ਜੇਕਰ ਉਹ ਇੱਕ ਸ਼ੀਸ਼ਾ ਰਹਿਤ ਫਰੇਮ ਵਿੱਚ ਹੋਣ)
- ✓ ਗ੍ਰੀਟਿੰਗ ਕਾਰਡ (ਜਨਮਦਿਨ ਕਾਰਡਾਂ ਵਰਗੀਆਂ ਚੀਜ਼ਾਂ ਜੇਕਰ ਉਹਨਾਂ 'ਤੇ ਕੋਈ ਪੈਡਿੰਗ ਨਾ ਹੋਵੇ)।
- ✓ ਇੱਕ ਕੈਲੰਡਰ ਅਤੇ ਡਾਇਰੀ ਜਾਂ ਨਿੱਜੀ।
- ✓ ਇੱਕ ਐਡਰੈਸ ਬੁੱਕ।
- ✓ ਡਾਕ ਟਿਕਟਾਂ ਅਤੇ ਲਿਫ਼ਾਫ਼ੇ।
- ✓ ਦਵਾਈਆਂ (ਸਟਾਫ਼ ਤੁਹਾਨੂੰ ਦੱਸ ਦੇਵੇਗਾ ਕਿ ਕੀ ਤੁਸੀਂ ਇਸ ਨੂੰ ਆਪਣੇ ਜੇਲ੍ਹ ਦੇ ਕਮਰੇ ਵਿੱਚ ਰੱਖ ਸਕਦੇ ਹੋ)

## ਜੇਕਰ ਤੁਹਾਨੂੰ ਕਿਸੇ ਦੂਸਰੀ ਜੇਲ੍ਹ ਵਿੱਚ ਬਦਲ ਦਿੱਤਾ ਜਾਂਦਾ ਹੈ ਅਤੇ ਤੁਹਾਨੂੰ ਰਾਤ ਭਰ ਕਿਸੇ ਹੋਰ ਸਥਾਨ 'ਤੇ ਠਹਿਰਨਾ ਪੈਂਦਾ ਹੈ।

ਤੁਸੀਂ ਆਪਣੇ ਨਾਲ ਇਹ ਚੀਜ਼ਾਂ ਲਿਜਾ ਸਕਦੇ ਹੋਂ ਸਾਬਣ, ਕੰਘੀ, ਟੁੱਥਬਰਸ਼, ਟੁੱਥਪੇਸਟ, ਰੇਜ਼ਰ, ਸ਼ੇਵਿੰਗ ਕ੍ਰੀਮ, ਸ਼ੈਂਪੂ, ਡਿਓਡੋਰੈਂਟ, ਰੇਡੀਓ, ਕਿਤਾਬ, ਪੈਨ ਅਤੇ ਕਾਗਜ਼ ਇਹ ਤੁਹਾਡੀ ਜ਼ੁੰਮੇਵਾਰੀ ਤੁਹਾਡਾ ਕੰਮ ਹੈ ਕਿ ਤੁਸੀਂ ਅਜਿਹੀਆਂ ਚੀਜ਼ਾਂ ਦੀ ਸੰਭਾਲ ਕਰੋ ਅਤੇ ਯਕੀਨੀ ਬਣਾਓ ਕਿ ਉਹ ਸੁਰੱਖਿਅਤ ਹਨ।

## ਤੁਹਾਡੇ ਪੈਸੇ

### ਮੁੱਖ ਗੱਲਾਂ

- ✓ ਤੁਹਾਡੇ ਜੇਲ੍ਹ ਵਿੱਚ ਹੋਣ ਸਮੇਂ ਤੁਹਾਡੇ ਮਿੱਤਰ ਜਾਂ ਤੁਹਾਡੇ ਪਰਿਵਾਰ ਵਿਚਲੇ ਵਿਅਕਤੀ ਤੁਹਾਨੂੰ ਪੈਸੇ ਭੇਜ ਸਕਦੇ ਹਨ।
- ✓ ਇਸ ਪੈਸੇ ਨੂੰ ਤੁਹਾਡੀ ਨਿੱਜੀ ਨਕਦੀ ਕਿਹਾ ਜਾਂਦਾ ਹੈ।
- ✓ ਪੈਸਾ ਸਿੱਧਾ ਤੁਹਾਡੇ ਤਕ ਨਹੀਂ ਆ ਸਕਦਾ। ਇਹ ਤੁਹਾਡੇ ਲਈ ਜੇਲ੍ਹ ਦੁਆਰਾ ਰੱਖ ਲਿਆ ਜਾਵੇਗਾ।
- ✓ ਤੁਸੀਂ ਪੈਸਾ ਖ਼ਰਚ ਸਕਦੇ ਹੋ। ਤੁਸੀਂ ਕਿੰਨਾ ਪੈਸਾ ਖ਼ਰਚ ਕਰ ਸਕਦੇ ਹੋ, ਇਹ ਇਸ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਜੇਲ੍ਹ ਵਿੱਚ ਕਿੰਨ੍ਹਾ ਵਧੀਆ ਵਿਵਹਾਰ ਕਰਦੇ ਹੋ।
- ✓ ਉਦਾਹਰਨ ਲਈ, ਜੇਕਰ ਤੁਸੀਂ ਇੱਕ ਦੋਸ਼ ਸਿੱਧ ਕੈਦੀ ਹੋ, ਤਾਂ ਤੁਸੀਂ ਹਰ ਹਫ਼ਤੇ 4.00 ਪੌਂਡ, 15.50 ਪੌਂਡ, ਜਾਂ 25.50 ਪੌਂਡ ਖ਼ਰਚ ਸਕੋਗੇ। ਇਹ ਇਸਤੇ ਨਿਰਭਰ ਕਰਦਾ ਹੈ ਕਿ ਤੁਹਾਡਾ ਵਿਵਹਾਰ ਕਿੰਨਾ ਚੰਗਾ ਹੈ।
- ✓ ਜੇਕਰ ਤੁਸੀਂ ਇੱਕ ਗੈਰ ਦੋਸ਼ ਆਇਦ ਕੈਦੀ ਹੋ, ਤਾਂ ਤੁਸੀਂ ਆਪਣੇ ਵਿਵਹਾਰ ਦੇ ਆਧਾਰ 'ਤੇ 22 ਪੌਂਡ, 47.50 ਪੌਂਡ ਜਾਂ 51.00 ਪੌਂਡ ਖ਼ਰਚ ਕਰ ਸਕਦੇ ਹੋ।
- ✓ ਤੁਸੀਂ ਇਸ ਬਾਰੇ ਵਧੇਰੇ ਜਾਣਕਾਰੀ ਪੰਨਾ 64 'ਤੇ ਦੇਖ ਸਕਦੇ ਹੋ।
- ✓ ਗਵਰਨਰ ਕਈ ਵਾਰੀ ਤੁਹਾਨੂੰ ਤੁਹਾਡੇ ਨਿੱਜੀ ਧਨ ਵਿੱਚੋਂ ਵਧੇਰੇ ਖ਼ਰਚ ਕਰਨ ਦੀ ਆਗਿਆ ਦੇ ਸਕਦਾ ਹੈ। ਉਦਾਹਰਨ ਲਈ, ਜੇਕਰ ਤੁਹਾਨੂੰ ਕਾਨੂੰਨੀ ਚੀਜ਼ਾਂ ਲਈ ਪੈਸਿਆਂ ਦੀ ਲੋੜ ਹੈ ਜਾਂ ਜੇਕਰ ਤੁਸੀਂ ਇੱਕ ਵਿਦੇਸ਼ੀ ਰਾਸ਼ਟਰੀ ਕੈਦੀ ਹੋ ਅਤੇ ਤੁਹਾਨੂੰ ਕਿਸੇ ਦੂਸਰੇ ਦੇਸ਼ ਵਿੱਚ ਰਹਿੰਦੇ ਆਪਣੇ ਪਰਿਵਾਰ ਨੂੰ ਫ਼ੋਨ ਕਰਨ ਦੀ ਲੋੜ ਪੈਂਦੀ ਹੈ।

## ਮਿੱਤਰ ਜਾਂ ਪਰਿਵਾਰ ਤੁਹਾਨੂੰ ਜੇਲ੍ਹ ਵਿੱਚ ਪੈਸੇ ਕਿਵੇਂ ਭੇਜ ਸਕਦੇ ਹਨ

- ਉਹਨਾਂ ਨੂੰ ਚੈਕ ਜਾਂ ਪੋਸਟਲ ਆਰਡਰ ਭੇਜਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਹ ਐਚ.ਐਮ. ਜੇਲ੍ਹ ਪ੍ਰਬੰਧਨ ਦੇ ਪੱਖ ਵਿੱਚ ਬਣਾਏ ਹੋਣੇ ਚਾਹੀਦੇ ਹਨ ਅਤੇ ਗਵਰਨਰ ਨੂੰ ਭੇਜੇ ਜਾਣੇ ਚਾਹੀਦੇ ਹਨ।

- ਜੇਕਰ ਉਹਨਾਂ ਨੂੰ ਨਕਦ ਪੈਸੇ ਭੇਜਣ ਦੀ ਲੋੜ ਪੈਂਦੀ ਹੈ ਤਾਂ ਉਹਨਾਂ ਨੂੰ ਪੱਤਰ ਨਾਲ ਇਹ ਦੱਸਦਾ ਹੋਇਆ ਇੱਕ ਨੋਟ ਲਿਖਣਾ ਚਾਹੀਦਾ ਹੈ ਕਿ ਲਿਫ਼ਾਫ਼ੇ ਵਿੱਚ ਕਿੰਨੇ ਪੈਸੇ ਹਨ।

- ਉਹਨਾਂ ਨੂੰ ਲਿਫ਼ਾਫ਼ੇ ਉੱਪਰ ਇਹ ਚੀਜ਼ਾਂ ਲਿਖਣੀਆਂ ਚਾਹੀਦੀਆਂ ਹਨ
  - ਆਪਣਾ ਨਾਮ ਅਤੇ ਪਤਾ
  - ਤੁਹਾਡਾ ਨਾਮ ਅਤੇ ਜੇਲ੍ਹ ਨੰਬਰ

## ਜੇਲ੍ਹ ਦੀ ਦੁਕਾਨ-ਇਸਨੂੰ ਕੈਨਟੀਨ ਵੀ ਕਿਹਾ ਜਾਂਦਾ ਹੈ।

- ਤੁਸੀਂ ਦੁਕਾਨ ਵਿੱਚੋਂ ਤੰਬਾਕੂ, ਬੈਟਰੀਆਂ, ਮਿਠਾਈਆਂ ਅਤੇ ਟਾਇਲਟ ਦਾ ਸਮਾਨ (ਟੁੱਥਬਰਥ ਅਤੇ ਡਿਓਡੋਰੈਂਟ ਵਰਗੀਆਂ ਚੀਜ਼ਾਂ) ਹਰ ਹਫ਼ਤੇ ਖ਼ਰੀਦ ਸਕਦੇ ਹੋ।

- ਹਰੇਕ ਜੇਲ੍ਹ ਦੀ ਦੁਕਾਨ ਵਿੱਚ ਵੱਖ-ਵੱਖ ਚੀਜ਼ਾਂ ਹੋਣਗੀਆਂ

- ਜੇਕਰ ਤੁਹਾਨੂੰ ਕਿਸੇ ਹੋਰ ਖਾਸ ਚੀਜ਼ ਜਿਵੇਂ ਕਿ ਆਪਣੀ ਚਮੜੀ ਜਾਂ ਵਾਲਾਂ ਲਈ ਕਿਸੇ ਖਾਸ ਚੀਜ਼ ਦੀ ਲੋੜ ਪੈਂਦੀ ਹੈ ਤਾਂ ਦੁਕਾਨ ਨੂੰ ਪੁੱਛੋ ਕਿ ਕੀ ਉਹ ਤੁਹਾਡੇ ਲਈ ਇਸਦੀ ਫਰਮਾਇਸ਼ ਕਰ ਸਕਦੇ ਹਨ।

- ਤੁਹਾਨੂੰ ਕੁਝ ਕੰਪਨੀਆਂ ਤੋਂ ਮੇਲ ਆਰਡਰ ਰਾਹੀਂ ਚੀਜ਼ਾਂ ਖ਼ਰੀਦਣ ਦੀ ਆਗਿਆ ਦਿੱਤੀ ਜਾ ਸਕਦੀ ਹੈ (ਅਜਿਹਾ ਉਸ ਸਮੇਂ ਹੁੰਦਾ ਹੈ ਜਦੋਂ ਕੰਪਨੀਆਂ ਉਹ ਭੇਜਦੀਆਂ ਹਨ ਜੋ ਤੁਸੀਂ ਡਾਕ ਵਿੱਚ ਖ਼ਰੀਦਿਆ ਹੁੰਦਾ ਹੈ)। ਇਸ ਬਾਰੇ ਜਾਣਕਾਰੀ ਲੈਣ ਲਈ ਜੇਲ੍ਹ ਦੇ ਸਟਾਫ਼ ਨੂੰ ਕਹੋ।

## ਧੂਮ/ਪਾਨ

- ਜੇਲ੍ਹ ਦੀ ਇਮਾਰਤ ਅੰਦਰ ਇੱਕੋ ਇੱਕ ਸਥਾਨ ਜਿੱਥੇ ਤੁਸੀਂ ਤਮਾਕੂਨੋਸ਼ੀ ਕਰ ਸਕਦੇ ਹੋ, ਉਹ ਹੈ ਤੁਹਾਡਾ ਕਮਰਾ। ਤਮਾਕੂਨੋਸ਼ੀ ਕਰਨ ਸਮੇਂ ਤੁਹਾਨੂੰ ਆਪਣੇ ਕਮਰੇ ਦਾ ਦਰਵਾਜ਼ਾ ਬੰਦ ਰੱਖਣਾ ਪਵੇਗਾ।

- ਜੇਕਰ ਤੁਸੀਂ ਤਮਾਕੂਨੋਸ਼ੀ ਨਹੀਂ ਕਰਦੇ, ਤਾਂ ਤੁਹਾਨੂੰ ਕਿਸੇ ਤਮਾਕੂਨੋਸ਼ੀ ਕਰਨ ਵਾਲੇ ਨਾਲ ਕਮਰਾ ਸਾਂਝਾ ਨਹੀਂ ਕਰਨਾ ਪੈਂਦਾ

### ਤਮਾਕੂਨੋਸ਼ੀ ਬਾਰੇ ਹੋਰ

ਤੁਸੀਂ ਇਹਨਾਂ ਸਥਾਨਾਂ 'ਤੇ ਬਿਲਕੁਲ ਤਮਾਕੂਨੋਸ਼ੀ ਨਹੀਂ ਕਰ ਸਕਦੇ

- 18 ਸਾਲ ਤੋਂ ਘੱਟ ਉਮਰ ਦੇ ਵਿਅਕਤੀਆਂ ਲਈ ਬਣਾਏ ਗਏ ਸਥਾਨਾਂ ਵਿੱਚ
- ਜੇਲ੍ਹ ਪ੍ਰਬੰਧਨ ਦੇ ਵਾਹਨਾਂ ਵਿੱਚ
- ਬਹੁਤ ਸਾਰੇ ਬਿਸਤਰਿਆਂ ਵਾਲੇ ਕਮਰਿਆਂ (ਡੌਰਮਿਟਰੀਆਂ) ਵਿੱਚ
- ਉਹਨਾਂ ਕਮਰਿਆਂ ਜਾਂ ਖੇਤਰਾਂ ਵਿੱਚ, ਜਿਨ੍ਹਾਂ ਵਿੱਚ ਜੇਲ੍ਹ ਸਟਾਫ਼ ਦੇ ਕਹਿਣ ਅਨੁਸਾਰ ਤੁਸੀਂ ਤਮਾਕੂਨੋਸ਼ੀ ਨਹੀਂ ਕਰ ਸਕਦੇ।

ਜੇਕਰ ਤੁਸੀਂ ਤਮਾਕੂਨੋਸ਼ੀ ਕਰਨਾ ਬੰਦ ਕਰਨਾ ਚਾਹੋ ਤਾਂ ਸਿਹਤ ਸੰਭਾਲ ਸਟਾਫ਼ ਨੂੰ ਮਦਦ ਲਈ ਨਿਵੇਦਨ ਕਰੋ।

## ਖਾਣ ਵਾਲੇ ਪਦਾਰਥ

- ਜੇਲ੍ਹਾਂ ਨੂੰ ਇਹ ਯਕੀਨੀ ਬਣਾਉਣ ਲਈ ਪੜਤਾਲਾਂ ਕਰਨੀਆਂ ਪੈਂਦੀਆਂ ਹਨ, ਕਿ ਉਹਨਾਂ ਦੁਆਰਾ ਤੁਹਾਨੂੰ ਦਿੱਤਾ ਜਾਂਦਾ ਭੋਜਨ ਕਾਫੀ ਵਧੀਆ ਕਿਸਮ ਦਾ ਹੈ। ਉਦਾਹਰਨ ਲਈ ਇਹ ਕਿ ਇਹ ਸਿਹਤਮੰਦ ਹੈ, ਖਾਣ ਲਈ ਸੁਰੱਖਿਅਤ ਹੈ ਅਤੇ ਇਹ ਕਿ ਤੁਹਾਨੂੰ ਉਚਿਤ ਮਾਤਰਾ ਵਿੱਚ ਭੋਜਨ ਮਿਲਦਾ ਹੈ।

- ਜੇਕਰ ਤੁਹਾਨੂੰ ਭੋਜਨ ਸੰਬੰਧੀ ਕੋਈ ਸਮੱਸਿਆ ਹੈ ਤਾਂ ਕੈਟਰਿੰਗ ਸਟਾਫ਼ (ਕਿਚਨ ਵਿੱਚ ਕੰਮ ਕਰਨ ਵਾਲਾ ਸਟਾਫ਼) ਨਾਲ ਗੱਲ ਕਰੋ।

- ਭੋਜਨ ਤੋਂ ਪਹਿਲਾਂ ਤੁਸੀਂ ਮੀਨੂ ਵਿੱਚੋਂ ਉਹ ਭੋਜਨ ਚੁਣ ਸਕੋਗੇ ਜੋ ਤੁਸੀਂ ਖਾਣਾ ਚਾਹੁੰਦੇ ਹੋ।

ਇਸ ਮੀਨੂ ਵਿੱਚ ਇਹ ਸ਼ਾਮਲ ਹੋਣਾ ਚਾਹੀਦਾ ਹੈ।

- ਮਾਂਸ ਜਾਂ ਮੱਛੀ ਵਾਲਾ ਕੁਝ
- ਸ਼ਾਕਾਹਾਰੀ ਭੋਜਨ
- ਭੋਜਨ
- ਹਲਾਲ ਭੋਜਨ
- ਭੋਜਨ

- ਤੁਸੀਂ ਆਲੂਆਂ ਦੀ ਬਜਾਏ ਚਾਵਲ ਖਾਣਾ ਚੁਣ ਸਕਦੇ ਹੋ।

- ਜੇਕਰ ਤੁਹਾਨੂੰ ਆਪਣੀ ਸਿਹਤ ਕਾਰਨ ਵਿਸ਼ੇਸ਼ ਭੋਜਨ ਖਾਣ ਦੀ ਲੋੜ ਪੈਂਦੀ ਹੈ ਤਾਂ ਸਿਹਤ ਸੰਭਾਲ ਸਟਾਫ਼ ਤੁਹਾਨੂੰ ਇਸ ਬਾਰੇ ਦੱਸ ਦੇਵੇਗਾ।

- ਜਦੋਂ ਕਦੇ ਕੋਈ ਧਾਰਮਿਕ ਉਤਸਵ ਜਾਂ ਆਯੋਜਨ ਆਉਂਦਾ ਹੈ ਤਾਂ ਜੇਲ੍ਹ ਤੁਹਾਡੇ ਲਈ, ਤੁਹਾਡੇ ਧਰਮ ਨਾਲ ਜੁੜਿਆ ਵਿਸ਼ੇਸ਼ ਭੋਜਨ ਮੁਹੱਈਆ ਕਰਵਾ ਸਕਦੀ ਹੈ।

# ਕੱਪੜੇ

## ਦੋਸ਼ ਸਿੱਧ ਕੈਦੀ

- ਤੁਹਾਨੂੰ ਉਹ ਕੱਪੜੇ ਪਹਿਨਣੇ ਪੈਣਗੇ ਜੋ ਜੇਲ੍ਹ ਤੁਹਾਨੂੰ ਦਿੰਦੀ ਹੈ। ਇਹਨਾਂ ਕੱਪੜਿਆਂ ਵਿੱਚ ਅੰਡਰਵੀਅਰ, ਜੁਰਾਬਾਂ ਅਤੇ ਕਮੀਜ਼ਾਂ ਸ਼ਾਮਲ ਹਨ।

- ਜੇਲ੍ਹ ਦੇ ਸਟਾਫ਼ ਨੂੰ ਜ਼ਰੂਰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਹ ਕੱਪੜੇ ਸਾਫ-ਸੁਥਰੇ ਹੋਣ, ਕਾਫੀ ਵਧੀਆ ਹਾਲਤ ਵਿੱਚ ਹੋਣ ਅਤੇ ਤੁਹਾਨੂੰ ਨਿੱਘਾ ਅਤੇ ਸਵਸਥ ਰੱਖਣ।

- ਜੇਲ੍ਹ ਸਟਾਫ਼ ਨੂੰ ਜ਼ਰੂਰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਸਮੇਂ-ਸਮੇਂ 'ਤੇ ਤੁਹਾਨੂੰ ਸਾਫ ਸੁਥਰੇ ਕੱਪੜੇ ਦਿੰਦੇ ਹਨ।

- ਕੁਝ ਜੇਲ੍ਹਾਂ ਵਿੱਚ, ਜੇਕਰ ਤੁਸੀਂ ਜੇਲ੍ਹ ਵਿੱਚ ਚੰਗਾ ਵਰਤਾਓ ਕਰਦੇ ਹੋ ਤਾਂ ਤੁਸੀਂ ਕਈ ਵਾਰੀ ਆਪਣੇ ਖ਼ੁਦ ਦੇ ਕੱਪੜੇ ਪਹਿਣਨ ਦੇ ਯੋਗ ਹੋ ਸਕਦੇ ਹੋ। **ਪੰਨਾ 64 ਦੇਖੋ।**

## ਸਜ਼ਾ ਨਾ ਭੁਗਤ ਰਹੇ ਕੈਦੀ

- ਤੁਸੀਂ ਆਪਣੇ ਖ਼ੁਦ ਦੇ ਕੱਪੜੇ ਪਹਿਨ ਸਕਦੇ ਹੋ ਜਿੰਨੀ ਦੇਰ ਤਕ ਉਹ ਜੇਲ੍ਹ ਵਿੱਚ ਪਹਿਣੇ ਜਾਣ ਲਈ ਬਿਲਕੁਲ ਸਹੀ ਅਤੇ ਸਾਫ ਅਤੇ ਸੁਥਰੇ ਹਨ

- ਪਰ ਤੁਹਾਨੂੰ ਜੇਲ੍ਹ ਦੁਆਰਾ ਦਿੱਤੇ ਗਏ ਕੱਪੜੇ ਪਹਿਨਣੇ ਪੈ ਸਕਦੇ ਹਨ ਜੇਕਰਂ

    - ਤੁਸੀਂ ਸੁਰੱਖਿਆ ਸ਼੍ਰੇਣੀ ਏ ਵਾਲੇ ਇੱਕ ਕੈਦੀ ਹੋ

    - ਗਵਰਨਰ ਸੋਚਦਾ ਹੈ ਕਿ ਤੁਸੀਂ ਸ਼ਾਇਦ ਭੱਜਣ ਦੀ ਕੋਸ਼ਿਸ਼ ਕਰ ਸਕਦੇ ਹੋ। ਤਦ ਤੁਹਾਨੂੰ ਇਹ ਕੱਪੜੇ ਪਹਿਨਣੇ ਪੈ ਸਕਦੇ ਹਨ ਜਿਨ੍ਹਾਂ ਨਾਲ ਸਟਾਫ਼ ਨੂੰ ਤੁਹਾਨੂੰ ਦੇਖਣਾ ਅਸਾਨ ਹੋ ਸਕੇ ਜੇਕਰ ਤੁਸੀਂ ਭੱਜਣ ਦੀ ਕੋਸ਼ਿਸ਼ ਕਰਦੇ ਹੋ।

    - ਤੁਸੀਂ ਅਦਾਲਤ ਵੱਲ ਜਾਣ ਦੀ ਆਪਣੀ ਰਾਹ 'ਤੇ ਹੋ। ਜੇਕਰ ਅਜਿਹਾ ਹੁੰਦਾ ਹੈ ਤਾਂ ਜੇਲ੍ਹ ਦਾ ਸਟਾਫ਼ ਦੂਸਰੇ ਲੋਕਾਂ ਨੂੰ ਤੁਹਾਨੂੰ ਇਹਨਾਂ ਕੱਪੜਿਆਂ ਵਿੱਚ ਦੇਖਣ ਤੋਂ ਰੋਕਣ ਲਈ ਹਰ ਸੰਭਵ ਕੋਸ਼ਿਸ਼ ਕਰੇਗਾ।

- ਤੁਹਾਡਾ ਪਰਿਵਾਰ ਜਾਂ ਮਿੱਤਰ ਤੁਹਾਡੇ ਲਈ ਕੱਪੜੇ ਲਿਆ ਸਕਦੇ ਹਨ ਅਤੇ ਧੋਣ ਲਈ ਕੱਪੜੇ ਲਿਜਾ ਸਕਦੇ ਹਨ।

- ਤੁਹਾਨੂੰ ਆਪਣੇ ਖ਼ੁਦ ਦੇ ਕੱਪੜੇ ਪਹਿਨਣੇ ਪੈਂਦੇ ਹਨ ਜਦੋਂ
    - ਤੁਸੀਂ ਅਦਾਲਤ ਵਿੱਚ ਹੁੰਦੇ ਹੋ
    - ਤੁਸੀਂ ਜੇਲ੍ਹ ਤੋਂ ਬਾਹਰ ਨਿਕਲਦੇ ਹੋ ਜੇਕਰ ਤੁਹਾਡੇ 'ਤੇ ਦੋਸ਼ ਸਿੱਧ ਨਹੀਂ ਕੀਤੇ ਜਾਂਦੇ ਹਨ।

- ਜੇਕਰ ਤੁਹਾਡੇ ਕੋਲ ਪਹਿਣਨ ਲਈ ਆਪਣੇ ਖ਼ੁਦ ਦੇ ਪੂਰੇ ਕੱਪੜੇ ਨਹੀਂ ਹਨ ਤਾਂ ਜੇਲ੍ਹ ਸਟਾਫ਼ ਨੂੰ ਕੱਪੜਿਆਂ ਲਈ ਨਿਵੇਦਨ ਕਰੋ।

## ਬਿਸਤਰਾ-ਤੁਹਾਡੇ ਬਿਸਤਰੇ ਲਈ ਚਾਦਰਾਂ ਅਤੇ ਕੰਬਲ

- ਬਿਸਤਰਾ ਹੋਣਾ ਚਾਹੀਦਾ ਹੈ
  - ਸਾਫ ਸੁਥਰਾ ਅਤੇ ਕਾਫੀ ਚੰਗੀ ਹਾਲਤ ਵਿੱਚ
  - ਨਿੱਘਾ

- ਚਟਾਈਆਂ ਅਤੇ ਬਿਸਤਰੇ ਨੂੰ ਹਫ਼ਤੇ ਵਿੱਚ ਘੱਟੋ-ਘੱਟ 1 ਘੰਟਾ ਹਵਾ ਲਗਵਾਉਣੀ ਚਾਹੀਦੀ ਹੈ।

- ਜੇਲ੍ਹ ਵਿੱਚ ਇੱਕ ਲਾਂਡਰੀ ਹੈ (ਜਿੱਥੇ ਤੁਸੀਂ ਕੱਪੜੇ ਧੋ ਸਕਦੇ ਹੋ)। ਤੁਹਾਨੂੰ ਉੱਥੇ ਹਫ਼ਤੇ ਵਿੱਚ ਇੱਕ ਵਾਰੀ ਕੱਪੜੇ ਅਤੇ ਬਿਸਤਰਾ ਰੱਖਣ ਦੇ ਯੋਗ ਹੋਣਾ ਚਾਹੀਦਾ ਹੈ।

## ਨਹਾਉਣਾ, ਸ਼ਾਵਰ ਅਤੇ ਸ਼ੌਚਾਲਯ

- ਤੁਹਾਨੂੰ ਕਿਸੇ ਵੀ ਸਮੇਂ 'ਤੇ ਟਾਇਲਟ ਅਤੇ ਸਿੰਕਾਂ ਇਸਤੇਮਾਲ ਕਰਨ ਦੇ ਯੋਗ ਹੋਣਾ ਚਾਹੀਦਾ ਹੈ।

- ਤੁਹਾਨੂੰ ਹਫ਼ਤੇ ਵਿੱਚ ਘੱਟੋ-ਘੱਟ 3 ਵਾਰੀ ਗਰਮ ਪਾਣੀ ਨਾਲ ਨਹਾਉਣਾ ਕਰਨ ਜਾਂ ਸ਼ਾਵਰ ਲੈਣ ਦੇ ਯੋਗ ਹੋਣਾ ਚਾਹੀਦਾ ਹੈ।

- ਜੇਲ੍ਹ ਦਾ ਸਟਾਫ਼ ਤੁਹਾਨੂੰ ਟਾਇਲਟ ਦਾ ਸਮਾਨ (ਟੁੱਥਪੇਸਟ, ਟੁੱਥਬੁਰਸ਼ ਅਤੇ ਡਿਓਡੋਰੈਂਟ) ਦੇ ਸਕਦਾ ਹੈ ਜੇਕਰ ਤੁਹਾਡੇ ਕੋਲ ਆਪਣਾ ਖ਼ੁਦ ਦਾ ਇਹ ਸਮਾਨ ਖ਼ਰੀਦਣ ਲਈ ਲੋੜੀਂਦੇ ਪੈਸੇ ਨਹੀਂ ਹਨ।

## ਬਾਹਰ ਖੁੱਲ੍ਹੀ ਹਵਾ ਵਿੱਚ ਸਮਾਂ ਬਿਤਾਉਣਾ

- ਸਾਰੇ ਕੈਦੀਆਂ ਨੂੰ ਹਰ ਦਿਨ 30 ਮਿੰਟਾਂ ਅਤੇ 1 ਘੰਟੇ ਵਿਚਕਾਰ ਸਮਾਂ ਖੁੱਲ੍ਹੀ ਹਵਾ ਵਿੱਚ ਬਿਤਾਉਣਾ ਚਾਹੀਦਾ ਹੈ। ਤੁਹਾਨੂੰ ਬਾਹਰ ਬਿਤਾਉਣ ਲਈ ਮੰਜ਼ੂਰ ਕੀਤਾ ਗਿਆ ਸਮਾਂ ਹਰੇਕ ਜੇਲ੍ਹ ਲਈ ਵੱਖ-ਵੱਖ ਹੁੰਦਾ ਹੈ।

- ਕਈ ਵਾਰੀ ਸ਼ਾਇਦ ਅਜਿਹਾ ਨਾ ਹੋਵੇ। ਉਦਾਹਰਨ ਲਈ ਜੇਕਰ ਮੌਸਮ ਖਰਾਬ ਹੈ, ਜਾਂ ਜੇਕਰ ਤੁਹਾਨੂੰ ਅੰਦਰ ਰੱਖਣ ਪਿੱਛੇ ਕੋਈ ਹੋਰ ਕਾਰਨ ਹੈ।

- ਤੁਹਾਨੂੰ ਕੁਝ ਕਸਰਤ ਕਰਨੀ ਚਾਹੀਦੀ ਹੈ ਜਿਵੇਂ ਕਿ ਪੈਦਲ ਤੁਰਨਾ। ਜੇਲ੍ਹ ਦਾ ਸਟਾਫ਼ ਤੁਹਾਨੂੰ ਦੱਸ ਦੇਵੇਗਾ ਕਿ ਤੁਸੀਂ ਆਪਣੀ ਜੇਲ੍ਹ ਵਿੱਚ ਕਿਹੜੀ ਕਸਰਤ ਕਰ ਸਕਦੇ ਹੋ।

- ਕਈ ਜੇਲ੍ਹਾਂ ਨੂੰ ਵੱਖਰਾ ਸਮਾਂ ਨਿਸ਼ਚਿਤ ਕੀਤਾ ਹੁੰਦਾ ਹੈ ਜਦੋਂ ਤੁਸੀਂ ਪੀ.ਈ. (ਖੇਡ ਵਰਗੀਆਂ ਚੀਜ਼ਾਂ) ਦੇ ਨਾਲ ਨਾਲ ਦੂਸਰੇ ਕੰਮ ਕਰ ਸਕਦੇ ਹੋ ਤਾਂ ਜੋ ਤੁਸੀਂ ਆਪਣੇ ਕਮਰੇ ਤੋਂ ਬਾਹਰ ਸਮਾਂ ਬਿਤਾ ਸਕਦੇ ਹੋ।

## ਇਨਾਮ ਅਤੇ ਕਮਾਏ ਗਏ ਵਿਸ਼ੇਸ਼ ਅਧਿਕਾਰ (ਇਹਨਾਂ ਨੂੰ IEP ਵੀ ਕਿਹਾ ਜਾਂਦਾ ਹੈ)

ਇਸਦਾ ਸੰਬੰਧ ਉਹਨਾਂ ਵਾਧੂ ਚੀਜ਼ਾਂ ਨਾਲ ਹੈ ਜੋ ਤੁਸੀਂ ਲੈ ਜਾਂ ਕਰ ਸਕਦੇ ਹੋ ਜੇਕਰਂ

- ਤੁਸੀਂ ਨਿਯਮਾਂ ਦੀ ਪਾਲਣਾ ਕਰਦੇ ਹੋ।
- ਤੁਸੀਂ ਕੰਮ ਅਤੇ ਆਪਣੀ ਸਜ਼ਾ ਦੀ ਵਿਉਂਤਬੰਦੀ ਵਰਗੀਆਂ ਦੂਸਰੀਆਂ ਗਤੀਵਿਧੀਆਂ ਵਿੱਚ ਚੰਗੇ ਢੰਗ ਨਾਲ ਹਿੱਸਾ ਲੈਂਦੇ ਹੋ।
- ਵਾਧੂ ਚੀਜ਼ਾਂ ਜੋ ਤੁਸੀਂ ਲੈ ਜਾਂ ਕਰ ਸਕਦੇ ਹੋ, ਹਰੇਕ ਜੇਲ੍ਹ ਵਿੱਚ ਵੱਖ-ਵੱਖ ਹੁੰਦੀਆਂ ਹਨ।

ਉਦਾਹਰਨ ਲਈ ਜੇ ਤੁਸੀਂ ਨਿਯਮਾਂ ਦੀ ਪਾਲਣਾ ਕਰਦੇ ਹੋ ਅਤੇ ਜੇਲ੍ਹ ਵਿੱਚ ਆਪਣੇ ਲਈ ਵਧੀਆ ਕੰਮ ਕਰਦੇ ਹੋ ਤਾਂ ਤੁਸੀਂ ਸ਼ਾਇਦ ਇਹ ਕੰਮ ਕਰਨ ਦੇ ਯੋਗ ਹੋ ਸਕਦੇ ਹੋ ਜਿਵੇਂ ਕਿਂ

- ਆਪਣਾ ਵਧੇਰੇ ਧਨ ਖ਼ਰਚ ਕਰਨਾ
- ਆਪਣੇ ਪਰਿਵਾਰ ਅਤੇ ਮਿੱਤਰਾਂ ਵਲੋਂ ਵਧੇਰੇ ਮੁਲਾਕਾਤਾਂ ਪ੍ਰਾਪਤ ਕਰਨਾ
- ਵਧੇਰੇ ਪੈਸੇ ਕਮਾਉਣਾ
- ਆਪਣੇ ਕਮਰੇ ਵਿੱਚ ਇੱਕ ਟੀ ਵੀ ਰੱਖਣਾ
- ਆਪਣੇ ਖ਼ੁਦ ਦੇ ਕੱਪੜੇ ਪਹਿਨਣਾ
- ਜ਼ਿਆਦਾ ਸਮਾਂ ਆਪਣੇ ਕਮਰੇ ਤੋਂ ਬਾਹਰ ਬਿਤਾਉਣਾ

**ਪਰ ਜੇ ਤੁਸੀਂ ਨਿਯਮਾਂ ਦੀ ਪਾਲਣਾ ਨਹੀਂ ਕਰਦੇ ਤਾਂ ਇਹ ਚੀਜ਼ਾਂ ਤੁਹਾਡੇ ਕੋਲੋਂ ਵਾਪਸ ਲਈਆਂ ਜਾ ਸਕਦੀਆਂ ਹਨ।**

**ਇਹ ਕਿਸ ਤਰ੍ਹਾਂ ਕੰਮ ਕਰਦਾ ਹੈ**

ਜੇਲ੍ਹ ਦਾ ਸਟਾਫ਼ ਤੁਹਾਨੂੰ ਦੱਸ ਦੇਵੇਗਾ ਕਿ ਆਪਣੇ ਵਿਵਹਾਰ 'ਤੇ ਨਿਰਭਰ ਕਰਦੇ ਹੋਏ ਤੁਸੀਂ ਕਿੰਨੀਆਂ ਵਾਧੂ ਚੀਜ਼ਾਂ ਲੈ ਜਾਂ ਕਰ ਸਕਦੇ ਹਨ। 3 ਪੱਧਰ ਹੁੰਦੇ ਹਨ

**ਮੁਢਲਾ ਪੱਧਰਂ** ਜੇਕਰ ਤੁਸੀਂ ਇੱਕ ਮੁਢਲੇ ਪੱਧਰ 'ਤੇ ਹੋ ਤਾਂ ਇਸਦਾ ਅਰਥ ਹੁੰਦਾ ਹੈ ਕਿ ਤੁਸੀਂ ਕੁਝ ਚੀਜ਼ਾਂ ਰੱਖ ਸਕਦੇ ਹੋ ਜਿਨ੍ਹਾਂ ਨੂੰ ਰੱਖਣ ਦੀ ਕਾਨੂੰਨ ਤੁਹਾਨੂੰ ਇਜਾਜ਼ਤ ਦਿੰਦਾ ਹੈ ਜਿਵੇਂ ਕਿ ਕੁਝ ਪੱਤਰ ਅਤੇ ਮੁਲਾਕਾਤਾਂ। ਤੁਹਾਨੂੰ ਕੁਝ ਵੀ ਵਾਧੂ ਰੱਖਣ ਦੀ ਆਗਿਆ ਨਹੀਂ ਹੋਵੇਗੀ।

**ਮਾਣਕ ਪੱਧਰਂ** ਇਸਦਾ ਅਰਥ ਹੈ ਕਿ ਤੁਹਾਨੂੰ ਕੁਝ ਹੋਰ ਮੁਲਾਕਾਤਾਂ ਅਤੇ ਪੱਤਰਾਂ ਦੀ ਆਗਿਆ ਦਿੱਤੀ ਜਾ ਸਕਦੀ ਹੈ। ਤੁਹਾਨੂੰ ਆਪਣੇ ਕਮਰੇ ਵਿੱਚ ਟੀ ਵੀ ਰੱਖਣ ਅਤੇ ਆਪਣਾ ਵਧੇਰੇ ਧਨ ਖ਼ਰਚ ਕਰਨ ਦੀ ਆਗਿਆ ਦਿੱਤੀ ਜਾ ਸਕਦੀ ਹੈ।

**ਵਧਾਇਆ ਗਿਆ ਪੱਧਰਂ** ਇਸਦਾ ਅਰਥ ਹੈ ਕਿ ਤੁਸੀਂ ਕਿਧਰੇ ਵਧੇਰੇ ਵਾਧੂ ਚੀਜ਼ਾਂ ਹਾਸਲ ਕਰ ਸਕਦੇ ਹੋ। ਉਦਾਹਰਨ ਲਈ, ਤੁਹਾਨੂੰ ਵਧੇਰੇ ਮੁਲਾਕਾਤਾਂ ਕਰਨ ਆਪਣੇ ਕਮਰੇ ਵਿੱਚ ਇੱਕ ਟੀਵੀ ਰੱਖਣ ਜਾਂ ਆਪਣਾ ਵਧੇਰੇ ਧਨ ਖ਼ਰਚ ਕਰਨ ਦੀ ਆਗਿਆ ਦਿੱਤੀ ਜਾ ਸਕਦੀ ਹੈ।

# ਤੁਹਾਡੀ ਸਿਹਤ

ਮੁੱਖ ਗੱਲਾਂ - ਅਗਲੇ ਪੰਨੇ 'ਤੇ ਹੋਰ ਗੱਲਾਂ ਦਿੱਤੀਆਂ ਗਈਆਂ ਹਨ।

**ਤੁਹਾਡੀ ਸਰੀਰਕ ਸਿਹਤ**

- ✓ ਕੈਦੀ ਉਹੀ ਸਿਹਤ ਸੰਭਾਲ ਪ੍ਰਾਪਤ ਕਰ ਸਕਦੇ ਹਨ ਜੋ ਕਿ ਜੇਲ੍ਹ ਤੋਂ ਬਾਹਰ ਦੇ ਕਿਸੇ ਵਿਅਕਤੀ ਮਿਲਦੀ ਹੈ।
- ✓ ਜੇਲ੍ਹ ਵਿੱਚ ਸਿਹਤ ਸੰਭਾਲ ਲਈ ਇੱਕ ਖੇਤਰ ਹੋਵੇਗਾ। ਜੇਲ੍ਹ ਵਿੱਚ ਸ਼ਾਇਦ ਇੱਕ ਹਸਪਤਾਲ ਵੀ ਹੋ ਸਕਦਾ ਹੈ।
- ✓ ਜੇਲ੍ਹ ਵਿੱਚ ਇੱਕ ਸਿਹਤ ਸੰਭਾਲ ਟੀਮ ਮੌਜੂਦ ਰਹੇਗੀ। ਇਹ ਉਹ ਵਿਅਕਤੀ ਹੁੰਦੇ ਹਨ ਜੋ ਤੁਹਾਨੂੰ ਸਿਹਤ-ਸੰਭਾਲ ਦਿੰਦੇ ਹਨ ਜਿਵੇਂ ਕਿ ਡਾਕਟਰ, ਨਰਸਾਂ ਅਤੇ ਡੈਂਟਿਸਟ।
- ✓ ਜੇਲ੍ਹ ਵਿੱਚ ਤੁਹਾਨੂੰ ਸਿਹਤ ਸੰਭਾਲ ਬਾਰੇ ਬਹੁਤ ਸਾਰੀ ਜਾਣਕਾਰੀ ਮਿਲ ਸਕੇਗੀ।
- ✓ ਸਿਹਤ ਸੰਭਾਲ ਦੇਣ ਵਾਲੇ ਸਾਰੇ ਸਟਾਫ਼ ਨੂੰ ਉਹਨਾਂ ਹੀ ਉੱਚੇ ਪੱਧਰਾਂ ਦੀ ਸਿਖਲਾਈ ਦਿੱਤੀ ਗਈ ਹੁੰਦੀ ਹੈ ਜਿੰਨੀ ਕਿ ਜੇਲ੍ਹ ਤੋਂ ਬਾਹਰ ਸਿਹਤ ਸੰਭਾਲ ਦੇਣ ਵਾਲੇ ਸਟਾਫ਼ ਨੂੰ ਮਿਲਦੀ ਹੈ।
- ✓ ਸਿਹਤ ਸੰਭਾਲ ਸਟਾਫ਼ ਨੂੰ ਦੱਸ ਦਿਓ ਜੇਕਰ:
    - ਤੁਹਾਨੂੰ ਨਸ਼ਿਆਂ ਅਤੇ ਸ਼ਰਾਬ ਵਰਗੀਆਂ ਚੀਜ਼ਾਂ ਤੋਂ ਕੋਈ ਸਮੱਸਿਆਵਾਂ ਹਨ
    - ਤੁਹਾਨੂੰ ਐਚ.ਆਈ.ਵੀ. ਜਾਂ ਏਡਜ਼ ਹੈ
    - ਤੁਹਾਨੂੰ ਦਵਾਈ ਲੈਣ ਦੀ ਲੋੜ ਹੈ

**ਤੁਹਾਡੀ ਮਾਨਸਿਕ ਸਿਹਤ**

ਜੇਲ੍ਹ ਵਿੱਚ ਕਈ ਵਿਅਕਤੀਆਂ ਦੀਆਂ ਮਾਨਸਿਕ ਸਿਹਤ ਸੰਬੰਧੀ ਲੋੜਾਂ ਹੁੰਦੀਆਂ ਹਨ। ਇਹ ਉਹ ਵਿਅਕਤੀ ਹਨ ਜੋ ਤੁਹਾਡੀ ਮਦਦ ਕਰ ਸਕਦੇ ਹਨ।

ਸਿਹਤ ਸੰਭਾਲ ਸਟਾਫ਼ ਨੂੰ ਦੱਸ ਦਿਓ ਜੇਕਰ:

- ✓ ਤੁਹਾਡਾ ਕੋਈ ਸਾਇਕੈਟਰਿਸਟ (ਮਨੋ-ਰੋਗ ਵਿਸ਼ੇਸ਼ੱਗ) ਜਾਂ ਕਮਿਉਨਿਟੀ ਸਾਇਕੈਟਰਿਸਟ ਨਰਸ ਸੀ ਜਾਂ ਤੁਹਾਨੂੰ ਦਿਮਾਗੀ ਬਿਮਾਰੀ ਕਾਰਨ ਹਸਪਤਾਲ ਵਿੱਚ ਸਮਾਂ ਬਿਤਾਉਣਾ ਪਿਆ ਸੀ।
- ✓ ਤੁਸੀਂ ਕਮਿਉਨਿਟੀ ਵਿੱਚ ਆਪਣੀ ਮਾਨਸਿਕ ਸਿਹਤ ਲਈ ਦਵਾਈ ਲੈ ਰਹੇ ਸੀ।
- ✓ ਤੁਸੀਂ ਚਿੰਤਤ ਜਾਂ ਪਰੇਸ਼ਾਨ ਮਹਿਸੂਸ ਕਰਦੇ ਹੋ।
- ✓ ਤੁਸੀਂ ਨੀਵਾਂ ਜਾਂ ਦੱਬਿਆ ਉਦਾਸ ਮਹਿਸੂਸ ਕਰਦੇ ਹੋ
- ✓ ਤੁਸੀਂ ਬੇਚੈਨ ਜਾਂ ਡਰਿਆ ਹੋਇਆ ਮਹਿਸੂਸ ਕਰਦੇ ਹੋ
- ✓ ਤੁਹਾਨੂੰ ਸੌਣ ਵਿੱਚ ਦਿੱਕਤ ਆਉਂਦੀ ਹੈ ਜਾਂ ਬਹੁਤ ਥੱਕਿਆ ਹੋਇਆ ਮਹਿਸੂਸ ਕਰਦੇ ਹੋ
- ✓ ਤੁਸੀਂ ਸੋਚਦੇ ਹੋ ਕਿ ਲੋਕ ਤੁਹਾਡੇ ਬਾਰੇ ਗੱਲਾਂ ਕਰ ਰਹੇ ਹਨ
- ✓ ਤੁਹਾਨੂੰ ਆਪਣੇ ਸਿਰ ਦੇ ਅੰਦਰ ਅਵਾਜ਼ਾਂ ਸੁਣਾਈ ਦਿੰਦੀਆਂ ਹਨ।
- ✓ ਤੁਹਾਨੂੰ ਬਹੁਤ ਜ਼ਿਆਦਾ ਗੁੱਸਾ ਆਉਂਦਾ ਹੈ।
- ✓ ਤੁਸੀਂ ਉਲਝਿਆ ਜਾਂ ਭੁੱਲਿਆ ਹੋਇਆ ਮਹਿਸੂਸ ਕਰਦੇ ਹੋ।
- ✓ ਤੁਸੀਂ ਬਾਰ ਬਾਰ ਉਹੀ ਗੱਲਾਂ ਸੋਚਦੇ ਰਹਿੰਦੇ ਹੋ
- ✓ ਤੁਸੀਂ ਆਪਣੇ ਆਪ ਨੂੰ ਨੁਕਸਾਨ ਪਹੁੰਚਾਉਣ ਬਾਰੇ ਸੋਚ ਰਹੇ ਹੋ।

## ਜੇਲ੍ਹ ਦਾ ਸਿਹਤ ਸੰਭਾਲ ਸਟਾਫ਼

ਜੇਲ੍ਹਾਂ ਵਿੱਚ ਕੰਮ ਕਰਨ ਵਾਲੇ ਸਿਹਤ ਸੰਭਾਲ ਸਟਾਫ਼ ਵਿੱਚੋਂ ਕੁਝ ਹਨ:

- ਡਾਕਟਰ
- ਨਰਸਾਂ
- ਡੈਂਟਿਸਟ
- ਫ਼ਾਰਮਾਸਿਸਟ (ਇਹ ਉਹ ਵਿਅਕਤੀ ਹੁੰਦੇ ਹਨ ਜੋ ਕੈਮਿਸਟਾਂ ਦੀਆਂ ਦੁਕਾਨਾਂ ਵਿੱਚ ਕੰਮ ਕਰਦੇ ਹਨ ਅਤੇ ਤੁਹਾਨੂੰ ਉਹ ਦਵਾਈ ਦੇ ਸਕਦੇ ਹਨ ਜੋ ਤੁਹਾਡੇ ਡਾਕਟਰ ਨੇ ਤੁਹਾਨੂੰ ਤਜਵੀਜ਼ ਕੀਤੀ ਹੋਵੇ)
- ਨਸ਼ਿਆਂ ਅਤੇ ਸ਼ਰਾਬ ਸੰਬੰਧੀ ਸਮੱਸਿਆਵਾਂ ਵਿੱਚ ਮਦਦ ਕਰਨ ਵਾਲਾ ਸਟਾਫ਼
- ਤੁਹਾਡੀ ਮਾਨਸਿਕ ਸਿਹਤ ਨਾਲ ਜੁੜੀਆਂ ਸਮੱਸਿਆਵਾਂ ਵਿੱਚ ਮਦਦ ਕਰਨ ਵਾਲਾ ਸਟਾਫ਼। ਇਸ ਸਟਾਫ਼ ਨੂੰ ਸਾਇਕੈਟਰਿਸਟ (ਮਾਨਸਿਕ ਬਿਮਾਰੀਆਂ ਦੇ ਡਾਕਟਰ) ਅਤੇ ਸਾਇਕਾਲੋਜਿਸਟ (ਮਨੋਵਿਗਿਆਨੀ) ਕਿਹਾ ਜਾਂਦਾ ਹੈ।
- ਤੁਹਾਡੀ ਸੈਕਸ ਸੰਬੰਧੀ ਅਤੇ ਸਧਾਰਨ ਸਿਹਤ ਵਿੱਚ ਤੁਹਾਡੀ ਮਦਦ ਕਰਨ ਲਈ ਸਟਾਫ਼

## ਕਿਸੇ ਡਾਕਟਰ ਜਾਂ ਨਰਸ ਨੂੰ ਮਿਲਣਾ

- ਜੇਕਰ ਤੁਹਾਨੂੰ ਕਿਸੇ ਡਾਕਟਰ ਜਾਂ ਨਰਸ ਨੂੰ ਮਿਲਣ ਦੀ ਲੋੜ ਪੈਂਦੀ ਹੈ ਤਾਂ ਆਪਣੇ ਵਿੰਗ 'ਤੇ ਕਿਸੇ ਜੇਲ੍ਹ ਅਧਿਕਾਰੀ ਨੂੰ ਦੱਸੋ। ਨਰਸਾਂ ਅਤੇ ਫ਼ਾਰਮਾਸਿਸਟ ਤੁਹਾਨੂੰ ਡਾਕਟਰ ਕੋਲ ਜਾਣ ਦੀ ਜ਼ਰੂਰਤ ਤੋਂ ਬਿਨਾਂ ਹੀ ਬਹੁਤ ਸਾਰੀਆਂ ਸਮੱਸਿਆਵਾਂ ਦਾ ਨਿਬਟਾਰਾ ਕਰ ਦੇਣਗੇ। ਪਰ ਜੇਕਰ ਤੁਸੀਂ ਅਜੇ ਵੀ ਚਿੰਤਿਤ ਹੋ ਤਾਂ ਕਿਸੇ ਡਾਕਟਰ ਨੂੰ ਮਿਲਣ ਲਈ ਨਿਵੇਦਨ ਕਰੋ।

- ਜੇਕਰ ਤੁਸੀਂ ਉਸ ਤੋਂ ਖੁਸ਼ ਨਹੀਂ ਹੋ ਜੋ ਡਾਕਟਰ, ਨਰਸ ਜਾਂ ਸਿਹਤ ਸੰਭਾਲ ਸਟਾਫ਼ ਦੇ ਕਿਸੇ ਮੈਂਬਰ ਨੇ ਤੁਹਾਡੀ ਸਿਹਤ ਸਮੱਸਿਆ ਬਾਰੇ ਤੁਹਾਨੂੰ ਦੱਸਿਆ ਹੈ, ਤਾਂ ਤੁਸੀਂ ਸਿਹਤਸੰਭਾਲ ਟੀਮ ਵਿੱਚ ਕਿਸੇ ਹੋਰ ਵਿਅਕਤੀ ਨਾਲ ਮਿਲਵਾਏ ਜਾਣ ਲਈ ਨਿਵੇਦਨ ਕਰ ਸਕਦੇ ਹੋ।

- ਜੇਕਰ ਜੇਲ੍ਹ ਵਿੱਚ ਬੈਠੇ ਸਿਹਤ ਸੰਭਾਲ ਸਟਾਫ਼ ਦੁਆਰਾ ਤੁਹਾਡੀ ਸਿਹਤ ਸਮੱਸਿਆ ਦਾ ਨਿਬਟਾਰਾ ਨਹੀਂ ਕੀਤਾ ਜਾ ਸਕਦਾ, ਤਾਂ ਇਹਨਾਂ ਵਿੱਚੋਂ ਸ਼ਾਇਦ ਕੋਈ ਇੱਕ ਚੀਜ਼ ਹੋ ਸਕਦੀ ਹੈ।
    - ਜੇਲ੍ਹ ਪ੍ਰਬੰਧਨ ਇਸ ਦਾ ਪ੍ਰਬੰਧ ਕਰ ਸਕਦਾ ਹੈ ਕਿ ਕੋਈ ਸਿਹਤ ਸੰਭਾਲ ਮਾਹਿਰ ਜੇਲ੍ਹ ਵਿੱਚ ਆ ਕੇ ਤੁਹਾਨੂੰ ਦੇਖੇ
    - ਤੁਹਾਨੂੰ ਲੋੜੀਂਦੀ ਸਿਹਤ ਸੰਭਾਲ ਮੁਹੱਈਆ ਕਰਵਾਉਣ ਲਈ ਕਿਸੇ ਦੂਸਰੀ ਜੇਲ੍ਹ ਵਿੱਚ ਬਦਲਿਆ ਜਾ ਸਕਦਾ ਹੈ
    - ਤੁਹਾਨੂੰ ਜੇਲ੍ਹ ਤੋਂ ਬਾਹਰ ਕਿਸੇ ਹਸਪਤਾਲ ਵਿੱਚ ਲਿਜਾਇਆ ਜਾ ਸਕਦਾ ਹੈ। ਜੇਕਰ ਅਜਿਹਾ ਹੁੰਦਾ ਹੈ, ਤਾਂ ਤੁਸੀਂ ਅਜੇ ਵੀ ਜੇਲ੍ਹ ਪ੍ਰਬੰਧਨ ਦੇ ਅਧੀਨ ਹੋਵੋਗੇ।

## ਕਿਸੇ ਡੈਂਟਿਸਟ ਜਾਂ  ਕਿਸੇ ਓਪਟੀਸ਼ੀਅਨ (ਤੁਹਾਡੀਆਂ ਅੱਖਾਂ ਲਈ) ਨੂੰ ਮਿਲਣਾ

- ਜੇਕਰ ਤੁਹਾਨੂੰ ਕਿਸੇ ਡੈਂਟਿਸਟ ਜਾਂ ਕਿਸੇ ਓਪਟੀਸ਼ੀਅਨ (ਅੱਖਾਂ ਦੇ ਡਾਕਟਰ) ਨੂੰ ਮਿਲਣ ਦੀ ਲੋੜ ਹੈ ਤਾਂ ਜੇਲ੍ਹ ਦੇ ਸਟਾਫ਼ ਨੂੰ ਦੱਸ ਦਿਓ।

- ਤੁਹਾਨੂੰ ਪ੍ਰਾਪਤ ਹੋਣ ਵਾਲਾ ਕੋਈ ਵੀ ਇਲਾਜ ਮੁਫ਼ਤ ਹੋਵੇਗਾ, ਜਦੋਂ ਤਕ ਕਿ ਇਹ ਮੈਡੀਕਲ ਕਾਰਨਾਂ ਲਈ ਨਾ ਹੋਵੇ।

- ਲੋੜ ਹੋਣ 'ਤੇ ਤੁਸੀਂ ਚਸ਼ਮੇ ਜਾਂ ਆਪਣੀਆਂ ਅੱਖਾਂ ਲਈ ਦੂਸਰੀਆਂ ਚੀਜ਼ਾਂ ਮੁਫ਼ਤ ਲੈ ਸਕੋਗੇ।

## ਦਵਾਈ

- ਤੁਸੀਂ ਆਪਣੇ ਨਾਲ ਲਿਆਂਦੀਆਂ ਗਈਆਂ ਕੋਈ ਦਵਾਈਆਂ ਜੇਲ੍ਹ ਵਿੱਚ ਨਹੀਂ ਰੱਖ ਸਕਦੇ

- ਜੇਕਰ ਤੁਸੀਂ ਕੋਈ ਦਵਾਈ ਲੈ ਰਹੇ ਹੋ ਤਾਂ ਰਿਸੈਪਸ਼ਨ 'ਤੇ ਬੈਠੇ ਸਟਾਫ਼ ਕਿਸੇ ਡਾਕਟਰ ਜਾਂ ਸਿਹਤ ਸੰਭਾਲ ਟੀਮ ਦੇ ਕਿਸੇ ਮੈਂਬਰ ਨੂੰ ਦੱਸ ਦਿਓ।

- ਜੇਲ੍ਹ ਵਿੱਚ ਮੌਜੂਦ ਇੱਕ ਡਾਕਟਰ ਤੁਹਾਨੂੰ ਕੋਈ ਦਵਾਈ ਲਿਖ ਦੇਵੇਗਾ ਜਿਸਦੀ ਤੁਹਾਨੂੰ ਲੋੜ ਹੈ। ਤੁਸੀਂ ਇਹ ਦਵਾਈ ਜੇਲ੍ਹ ਵਿਚਲੇ ਕੈਮਿਸਟ ਕੋਲੋਂ ਲੈ ਸਕਦੇ ਹੋ।

- ਇਸ ਤੋਂ ਬਾਅਦ ਤੁਹਾਨੂੰ ਸ਼ਾਇਦ ਆਪਣੀ ਦਵਾਈ ਆਪਣੇ ਕੋਲ ਰੱਖਣ ਦੀ ਆਗਿਆ ਦਿੱਤੀ ਜਾ ਸਕਦੀ ਹੈ। ਜੇਲ੍ਹ ਦਾ ਸਟਾਫ਼ ਤੈਅ ਕਰੇਗਾ ਕਿ ਕੀ ਤੁਸੀਂ ਅਜਿਹਾ ਕਰ ਸਕਦੇ ਹੋ ਅਤੇ ਤੁਹਾਨੂੰ ਇਸ ਤੋਂ ਜਾਣੂ ਕਰਵਾ ਦੇਵੇਗਾ।

## ਤੁਹਾਡੀ ਸਿਹਤ ਸੰਬੰਧੀ ਰਿਕਾਰਡ (ਸਿਹਤ ਸੰਭਾਲ ਸਟਾਫ਼ ਕਾਗ਼ਜ਼ ਅਤੇ ਕੰਪਿਊਟਰ 'ਤੇ ਤੁਹਾਡੀਆਂ ਸਿਹਤ ਸੰਬੰਧੀ ਸਮੱਸਿਆਵਾਂ ਅਤੇ ਤੁਹਾਨੂੰ ਦਿੱਤੀ ਜਾਣ ਵਾਲੀ ਕਿਸੇ ਸਿਹਤ ਸੰਭਾਲ ਦਾ ਰਿਕਾਰਡ ਰੱਖਦਾ ਹੈ)

- ਜਦੋਂ ਤੁਸੀਂ ਜੇਲ੍ਹ ਵਿੱਚ ਪਹੁੰਚਦੇ ਹੋ ਤਾਂ ਜੇਲ੍ਹ ਪ੍ਰਬੰਧਨ ਆਮ ਤੌਰ 'ਤੇ ਤੁਹਾਡੇ ਲਈ ਇੱਕ ਨਵਾਂ ਸਿਹਤ ਸੰਭਾਲ ਸ਼ੁਰੂ ਕਰੇਗਾ। ਜੇਲ੍ਹ ਪ੍ਰਬੰਧਨ ਆਮ ਤੌਰ 'ਤੇ ਜੇਲ੍ਹ ਤੋਂ ਬਾਹਰੋਂ ਤੁਹਾਡੇ ਪੁਰਾਣੇ ਸਿਹਤ ਸੰਬੰਧੀ ਰਿਕਾਰਡ ਨਹੀਂ ਮੰਗਵਾਏਗਾ।

- ਜੇਲ੍ਹ ਵਿੱਚ ਮੌਜੂਦ ਡਾਕਟਰ ਲੋੜ ਪੈਣ 'ਤੇ ਤੁਹਾਡੇ ਪੁਰਾਣੇ ਸਿਹਤ ਸੰਬੰਧੀ ਰਿਕਾਰਡਾਂ ਤੋਂ ਜਾਣਕਾਰੀ ਲੈ ਸਕਦੇ ਹਨ। ਪਰ ਅਜਿਹਾ ਸਿਰਫ਼ ਤਾਂ ਹੁੰਦਾ ਹੈ ਜੇਕਰ ਤੁਸੀਂ ਪਹਿਲਾਂ ਕਹਿੰਦੇ ਹੋ ਕਿ ਇਹ ਠੀਕ ਹੈ।

- ਜੇਕਰ ਤੁਸੀਂ ਚਾਹੋ ਤਾਂ ਤੁਸੀਂ ਆਪਣੀ ਸਿਹਤ ਸੰਬੰਧੀ ਰਿਕਾਰਡਾਂ ਨੂੰ ਦਿਖਾਏ ਜਾਣ ਲਈ ਨਿਵੇਦਨ ਕਰ ਸਕਦੇ ਹੋ। ਆਮ ਤੌਰ 'ਤੇ ਤੁਸੀਂ ਉਹ ਜਾਣਕਾਰੀ ਦੇਖ ਸਕਦੇ ਹੋ ਜੋ ਜੇਲ੍ਹ ਤੁਹਾਡੀ ਸਿਹਤ ਬਾਰੇ ਰੱਖਦੀ ਹੈ। ਪਰ ਕੁਝ ਜਾਣਕਾਰੀ ਅਜਿਹੀ ਹੋ ਸਕਦੀ ਹੈ ਜਿਸਨੂੰ ਤੁਸੀਂ ਨਹੀਂ ਦੇਖ ਸਕਦੇ।

- ਜੇਕਰ ਤੁਸੀਂ ਆਪਣੀ ਸਿਹਤ ਸੰਬੰਧੀ ਰਿਕਾਰਡ ਦੇਖਣਾ ਚਾਹੁੰਦੇ ਹੋ ਤਾਂ ਸਿਹਤ ਸੰਭਾਲ ਟੀਮ ਦੇ ਕਿਸੇ ਮੈਂਬਰ ਨੂੰ ਨਿਵੇਦਨ ਕਰੋ। ਜਾਂ ਫਿਰ ਆਪਣੀ ਸਿਹਤ ਸੰਬੰਧੀ ਰਿਕਾਰਡਾਂ ਨੂੰ ਦੇਖਣ ਲਈ ਨਿਵੇਦਨ ਕਰਨ ਲਈ ਇੱਕ ਫ਼ਾਰਮ ਭਰੋ।

- ਜੇਲ੍ਹ ਦੇ ਸਟਾਫ਼ ਨੂੰ ਤੁਹਾਨੂੰ ਤੁਹਾਡੇ ਦੁਆਰਾ ਮੰਗੀ ਗਈ ਜਾਣਕਾਰੀ ਦੇਣ ਲਈ 40 ਦਿਨਾਂ ਤੋਂ ਵੱਧ ਦਾ ਸਮਾਂ ਨਹੀਂ ਲੱਗਣਾ ਚਾਹੀਦਾ। ਜੇਕਰ ਤੁਹਾਡੇ ਸਿਹਤ ਸੰਬੰਧੀ ਰਿਕਾਰਡ ਕਿਸੇ ਦੂਸਰੀ ਜੇਲ੍ਹ ਵਿੱਚ ਹਨ, ਤਾਂ ਉਹ ਤੁਹਾਡੀ ਜੇਲ੍ਹ ਵਿੱਚ ਭੇਜ ਦਿੱਤੇ ਜਾਣਗੇ।

- ਤੁਸੀਂ ਆਪਣੀ ਸਿਹਤ ਬਾਰੇ ਉਸ ਜਾਣਕਾਰੀ ਨੂੰ ਦੇਖ ਸਕਦੇ ਹੋ ਜੋ ਡਾਕਟਰ ਅਦਾਲਤਾਂ ਨੂੰ ਜਾਂ ਪੈਰੋਲ ਬੋਰਡ ਨੂੰ ਦਿੰਦੇ ਹਨ ਜਦੋਂ ਤਕ ਕਿ ਕੋਈ ਡਾਕਟਰ ਇਹ ਨਹੀਂ ਕਹਿੰਦਾ ਕਿ ਤੁਸੀਂ ਇਸ ਨੂੰ ਨਹੀਂ ਦੇਖ ਸਕਦੇ।

# ਸਿਹਤ ਸੰਬੰਧੀ ਸਮੱਸਿਆਵਾਂ ਅਤੇ ਬਿਮਾਰੀਆਂ

## ਐਚ.ਆਈ.ਵੀ. ਅਤੇ ਏਡਜ਼

- ਏਡਜ਼ ਇੱਕ ਵਿਸ਼ਾਣੂ ਤੋਂ ਹੁੰਦੀ ਹੈ ਜਿਸ ਨੂੰ ਐਚ.ਆਈ.ਵੀ. (ਹਿਊਮਨ ਇਮਊਨੋ ਡੈਫੀਸ਼ੀਅੰਸੀ ਵਾਇਰਸ) ਕਿਹਾ ਜਾਂਦਾ ਹੈ।
- ਲੋਕਾਂ ਨੂੰ ਏਡਜ਼ ਹੋਣ ਤੋਂ ਪਹਿਲਾਂ ਐਚ.ਆਈ.ਵੀ. ਦੀ ਲਾਗ ਲੱਗਦੀ ਹੈ।
- ਏਡਜ਼ ਬਾਅਦ ਵਿੱਚ ਹੁੰਦੀ ਹੈ ਜਦੋਂ ਕਿਸੇ ਵਿਅਕਤੀ ਦਾ ਸਰੀਰ ਆਪਣੇ ਆਪ ਨੂੰ ਬਿਮਾਰ ਹੋਣ ਤੋਂ ਰੋਕ ਨਹੀਂ ਪਾਉਂਦਾ
- ਉਹ ਲੋਕ ਜਿਨ੍ਹਾਂ ਨੂੰ ਐਚ.ਆਈ.ਵੀ. ਹੁੰਦਾ ਹੈ ਚੰਗੇ ਭਲੇ ਲੱਗ ਅਤੇ ਮਹਿਸੂਸ ਕਰ ਸਕਦੇ ਹਨ। ਪਰ ਉਹ ਅਜੇ ਵੀ ਦੂਸਰਿਆਂ ਨੂੰ ਐਚ.ਆਈ.ਵੀ. ਲਾਗ ਪਹੁੰਚਾ ਸਕਦੇ ਹਨ।

## ਤੁਹਾਨੂੰ ਐਚ.ਆਈ.ਵੀ./ਏਡਜ਼ ਕਿਵੇਂ ਹੋ ਸਕਦੀ ਹੈ

- ਤੁਹਾਨੂੰ ਐਚ.ਆਈ.ਵੀ. ਹੋ ਸਕਦਾ ਹੈ ਜੇਕਰ ਐਚ.ਆਈ.ਵੀ. ਤੋਂ ਪੀੜਿਤ ਕਿਸੇ ਵਿਅਕਤੀ ਦਾ ਖ਼ੂਨ ਜਾਂ ਵੀਰਜ਼ ਤੁਹਾਡੇ ਸਰੀਰ ਅੰਦਰ ਦਾਖ਼ਲ ਹੋ ਜਾਂਦਾ ਹੈ।
- ਮੁੱਖ ਤਰੀਕੇ ਜਿਨ੍ਹਾਂ ਨਾਲ ਤੁਹਾਨੂੰ ਐਚ.ਆਈ.ਵੀ. ਹੋ ਸਕਦਾ ਹੈ ਇਹ ਹਨਂ
    - ਬਿਨਾਂ ਕੰਡੋਮ (ਨਿਰੋਧ) ਤੋਂ ਸੈਕਸ ਕਰਨਾ
    - ਸੂਈਆਂ ਜਾਂ ਸਾਂਝਾ ਕਰਨਾ (ਉਦਾਹਰਨ ਲਈ ਨਸ਼ੇ ਲੈਣ ਲਈ, ਟੈਟੂ ਖ਼ੁਦਵਾਉਣਾ ਜਾਂ ਆਪਣੇ ਕੰਨ ਜਾਂ ਸਰੀਰ ਨੂੰ ਛਿੱਦਵਾਉਣਾ)। ਨਸ਼ਿਆਂ ਨੂੰ ਸਰੀਰ ਅੰਦਰ ਪਹੁੰਚਾਉਣ ਲਈ ਇਸਤੇਮਾਲ ਕੀਤੀਆਂ ਜਾਂਦੀਆਂ ਸੂਈਆਂ ਅਤੇ ਯੰਤਰ ਦਾ ਇੱਕ ਦੂਸਰਾ ਨਾਮ ਹੈ।

ਤੁਹਾਨੂੰ ਰੋਜ਼ਾਨਾ ਕੀਤੇ ਜਾਣ ਵਾਲੇ ਇਹਨਾਂ ਕੰਮਾਂ ਨਾਲ ਕਿਸੇ ਵਿਅਕਤੀ ਤੋਂ ਐਚ.ਆਈ.ਵੀ. ਨਹੀਂ ਹੋ ਸਕਦਾ ਜਿਵੇਂ ਕਿਂ

- ਉਸ ਨਾਲ ਗੱਲਬਾਤ ਕਰਨਾ ਨਾਲ
- ਉਸ ਨਾਲ ਹੱਥ ਮਿਲਾਉਣ ਨਾਲ
- ਉਸ ਨੂੰ ਛੂਹਣ ਨਾਲ ਜਦੋਂ ਤੁਸੀਂ ਉਸਦੇ ਕੋਲੋਂ ਲੰਘਦੇ ਹੋ
- ਇੱਕੋ ਪਲੇਟਾਂ ਅਤੇ ਚਾਕੂ ਜਾਂ ਕਾਂਟੇ ਇਸਤੇਮਾਲ ਕਰਨ ਨਾਲ
- ਇੱਕ ਹੀ ਟਾਇਲਟਾਂ ਦਾ ਇਸਤੇਮਾਲ ਕਰਨ ਨਾਲ

## ਇਲਾਜ ਅਤੇ ਦਵਾਈਆਂ

- ਐਚ.ਆਈ.ਵੀ. ਜਾਂ ਏਡਜ਼ ਦਾ ਕੋਈ ਇਲਾਜ ਨਹੀਂ ਹੈ। ਪਰ ਅਜਿਹੀਆਂ ਦਵਾਈਆਂ ਹਨ ਜੋ ਤੁਸੀਂ ਐਚ.ਆਈ.ਵੀ. ਨੂੰ ਨਿਯੰਤਰਿਤ ਕਰਨ ਅਤੇ ਏਡਜ਼ ਹੋਣ 'ਤੇ ਲੈ ਸਕਦੇ ਹੋ।

## ਤੁਸੀਂ ਕੀ ਕਰ ਸਕਦੇ ਹੋਂ

**ਆਪਣੇ ਆਪ ਨੂੰ ਐਚ.ਆਈ.ਵੀ./ਏਡਜ਼ ਤੋਂ ਸੁਰੱਖਿਅਤ ਰੱਖਣ ਲਈ**

✕ ਕੰਡੋਮ ਤੋਂ ਬਿਨਾਂ ਸੈਕਸ ਨਾ ਕਰੋ

✕ **ਕਿਸੇ ਵੀ ਕਾਰਨ ਕਰਕੇ** ਕਿਸੇ ਦੂਸਰੇ ਵਿਅਕਤੀ ਨਾਲ ਸੂਈਆਂ ਸਾਂਝੀਆਂ ਨਾ ਕਰੋ

ਜੇਕਰ ਤੁਸੀਂ ਐਚ.ਆਈ.ਵੀ./ਏਡਜ਼ ਬਾਰੇ ਚਿੰਤਿਤ ਹੋ

✓ ਤੁਸੀਂ ਸਿਹਤ ਸੰਭਾਲ ਟੀਮ ਦੇ ਕਿਸੇ ਮੈਂਬਰ ਨਾਲ ਇਕਾਂਤ ਵਿੱਚ ਗੱਲਬਾਤ ਕਰ ਸਕਦੇ ਹੋ

✓ ਜਾਂ ਫਿਰ ਤੁਸੀਂ ਕਿਸੇ ਕਾਊਂਸਲਰ ਜਾਂ ਜੇਲ੍ਹ ਵਿਚਲੀ ਉਸ ਟੀਮ ਦੇ ਮੈਂਬਰ ਨਾਲ ਗੱਲਬਾਤ ਕਰਵਾਉਣ ਲਈ ਨਿਵੇਦਨ ਕਰ ਸਕਦੇ ਹੋ ਜਿਸਨੂੰ ਸੰਕਰਾਮਕ ਰੋਗ ਪ੍ਰਬੰਧਨ ਟੀਮ ਕਿਹਾ ਜਾਂਦਾ ਹੈ।

✓ ਤੁਸੀਂ ਜੇਲ੍ਹ ਵਿੱਚ ਐਚ.ਆਈ.ਵੀ. ਜਾਂਚ ਕਰਵਾ ਸਕਦੇ ਹੋ। ਇਸ ਜਾਂਚ ਦੇ ਨਤੀਜੇ ਗੁਪਤ ਰੱਖੇ ਜਾਣਗੇ

✓ ਲੋੜ ਹੋਣ 'ਤੇ ਸਿਹਤ ਸੰਭਾਲ ਟੀਮ ਤੋਂ ਸੈਕਸ ਕਰਨ ਲਈ ਕੰਡੋਮਾਂ, ਦੰਦਾਂ ਦੇ ਬੰਨ੍ਹਾਂ (ਮੁੱਖ ਮੈਥੁਨ ਲਈ) ਜਾਂ ਲੁਬਰੀਕੈਂਟ (ਚਿਕਨੇ ਪਦਾਰਥ) ਦੀ ਮੰਗ ਕਰੋ। ਜੇਕਰ ਸਿਹਤ ਸੰਭਾਲ ਸਟਾਫ਼ ਇਹ ਸੋਚਦਾ ਹੈ ਕਿ ਤੁਹਾਨੂੰ ਇਹਨਾਂ ਚੀਜ਼ਾਂ ਤੋਂ ਬਿਨਾਂ ਐਚ.ਆਈ.ਵੀ. ਹੋ ਸਕਦਾ ਹੈ ਤਾਂ ਉਹ ਤੁਹਾਨੂੰ ਇਹ ਚੀਜ਼ਾਂ ਜ਼ਰੂਰ ਦੇਣਗੇ।

✓ ਜੇਕਰ ਤੁਸੀਂ ਕਿਸੇ ਕਾਰਨ ਕਰਕੇ ਦੂਸ਼ਰੇ ਵਿਅਕਤੀਆਂ ਨਾਲ ਸੂਈਆਂ ਸਾਂਝੀਆਂ ਕਰ ਰਹੇ ਹੋ ਤਾਂ ਸਿਹਤ ਸੰਭਾਲ ਟੀਮ ਵਿੱਚੋਂ ਕਿਸੇ ਵਿਅਕਤੀ ਨਾਲ ਗੱਲ ਕਰੋ। ਉਹ ਸ਼ਾਇਦ ਤੁਹਾਨੂੰ ਸੂਈਆਂ ਅਤੇ ਦੂਸਰੀਆਂ ਚੀਜ਼ਾਂ (ਕੰਮਾਂ) ਨੂੰ ਸਾਫ ਕਰਨ ਲਈ ਕੋਈ ਚੀਜ਼ ਦੇ ਸਕਦੇ ਹਨ।

## ਹੈਪੇਟਾਈਟਿਸ ਬੀ ਅਤੇ ਹੈਪੇਟਾਈਟਿਸ ਸੀ

- ਇਹ ਵਿਸ਼ਾਣੂ ਹਨ ਜੋ ਤੁਸੀਂ ਕਿਸੇ ਦੂਸਰੇ ਵਿਅਕਤੀ ਨੂੰ ਪ੍ਰਾਪਤ ਕਰ ਸਕਦੇ ਹੋ। ਤੁਸੀਂ ਉਹਨਾਂ ਨੂੰ ਕਿਸੇ ਦੇ ਖ਼ੂਨ ਤੋਂ ਅਤੇ ਉਸ ਨਾਲ ਸੈਕਸ ਕਰਕੇ ਪ੍ਰਾਪਤ ਕਰ ਸਕਦੇ ਹੋ।

- ਇੱਕ ਵੈਕਸੀਨ ਹੈ ਜੋ ਤੁਸੀਂ ਹੈਪੇਟਾਈਟਿਸ ਬੀ ਲਈ ਲਗਵਾ ਸਕਦੇ ਹੋ ਪਰ ਹੈਪੇਟਾਈਟਿਸ ਸੀ ਲਈ ਕੋਈ ਵੈਕਸੀਨ ਨਹੀਂ ਹੈ। ਇੱਕ ਵੈਕਸੀਨ ਅਜਿਹੀ ਚੀਜ਼ ਹੁੰਦੀ ਹੇ ਜੋ ਤੁਸੀਂ ਪਹਿਲੀ ਵਾਰੀ ਵਿੱਚ ਵਿਸ਼ਾਣੂ ਪ੍ਰਾਪਤ ਕਰਨ ਤੋਂ ਰੋਕਣ ਵਿੱਚ ਮਦਦ ਲਈ ਲਗਵਾ ਸਕਦੇ ਹੋ।

- ਜੇਕਰ ਤੁਸੀਂ ਹੈਪੇਟਾਈਟਿਸ ਬੀ ਜਾਂ ਸੀ ਬਾਰੇ ਚਿੰਤਤ ਹੋ ਜਾਂ ਜੇਕਰ ਤੁਸੀਂ ਵਧੇਰੇ ਜਾਣਕਾਰੀ ਲੈਣੀ ਚਾਹੁੰਦੇ ਹੋ ਤਾਂ ਸਿਹਤ ਸੰਭਾਲ ਟੀਮ ਵਿੱਚੋਂ ਕਿਸੇ ਵਿਅਕਤੀ ਨਾਲ ਗੱਲ ਕਰੋ।

## ਸੈਕਸ ਰਾਹੀਂ ਸੰਚਾਰਿਤ ਹੋਣ ਵਾਲੀਆਂ ਬਿਮਾਰੀਆਂ ਅਤੇ ਲਾਗਾਂ - ਬਿਮਾਰੀਆਂ ਜੋ ਤੁਹਾਨੂੰ ਕਿਸੇ ਨਾਲ ਸੈਕਸ ਕਰਨ 'ਤੇ ਲੱਗ ਸਕਦੀਆਂ ਹਨ। ਇਹਨਾਂ ਨੂੰ STDs ਵੀ ਕਿਹਾ ਜਾਂਦਾ ਹੈ।

- ਸੈਕਸ ਰਾਹੀਂ ਸੰਚਾਰਿਤ ਹੋਣ ਵਾਲੀਆਂ ਕੁਝ ਵੱਖ-ਵੱਖ ਬਿਮਾਰੀਆਂ ਅਤੇ ਲਾਗਾਂ ਹੁੰਦੀਆਂ ਹਨ। ਇਹਨਾਂ ਦੀਆਂ ਕੁਝ ਉਦਾਹਰਨਾਂ ਹਨ ਕਲੈਮੀਡੀਆ (chlamydia) ਅਤੇ ਜੈਨੀਟਲ ਹਰਪੀਜ਼ (Genital herpes)

- ਜੇਕਰ ਤੁਸੀਂ ਤੁਰੰਤ ਸਿਹਤ ਸੰਭਾਲ ਸਟਾਫ਼ ਨੂੰ ਮਿਲਦੇ ਹੋ ਤਾਂ ਇਹਨਾਂ ਵਿੱਚੋਂ ਜ਼ਿਆਦਾਤਰ ਦਾ ਇਲਾਜ ਅਤੇ ਇਹਨਾਂ ਨੂੰ ਠੀਕ ਕੀਤਾ ਜਾ ਸਕਦਾ ਹੈ।

- ਜ਼ਿਆਦਾਤਰ ਜੇਲ੍ਹਾਂ ਕੋਲ ਵਿਸ਼ੇਸ਼ ਸਿਹਤ ਸੰਭਾਲ ਸਟਾਫ਼ ਹੋਵੇਗਾ ਜਿਨ੍ਹਾਂ ਕੋਲ ਤੁਸੀਂ ਸੈਕਸ ਨਾਲ ਜੁੜੀਆਂ ਕਿਸੇ ਸਿਹਤ ਸਮੱਸਿਆਵਾਂ ਦੇ ਹੱਲ ਲਈ ਜਾ ਸਕਦੇ ਹੋ। ਪਰ ਕਈ ਡਾਕਟਰ ਅਤੇ ਸਿਹਤ ਸੰਭਾਲ ਦੇ ਦੂਸਰੇ ਮੈਂਬਰ ਵੀ ਸੈਕਸ ਰਾਹੀਂ ਸੰਚਾਲਿਤ ਹੋਣ ਵਾਲੀਆਂ ਬਿਮਾਰੀਆਂ ਅਤੇ ਇਨਫੈਕਸ਼ਨਾਂ ਦਾ ਇਲਾਜ ਕਰ ਸਕਦੇ ਹਨ

- ਸਿਹਤ ਸੰਭਾਲ ਟੀਮ ਨਾਲ ਗੱਲ ਕਰੋ ਜੇਕਰ ਤੁਹਾਨੂੰ ਚਿੰਤਾ ਹੈ ਕਿ ਤੁਹਾਨੂੰ ਸੈਕਸ ਕਰਨ ਨਾਲ ਸ਼ਾਇਦ ਕੋਈ ਬਿਮਾਰੀ ਲੱਗ ਗਈ ਹੋ ਸਕਦੀ ਹੈ। ਤੁਸੀਂ ਉਹਨਾਂ ਨਾਲ ਇਕੱਲੇ ਵਿੱਚ ਗੱਲ ਕਰ ਸਕਦੇ ਹੋ।

# ਨਸ਼ਿਆਂ ਅਤੇ ਸ਼ਰਾਬ ਸੰਬੰਧੀ ਸਮੱਸਿਆਵਾਂ

## ਮੁੱਖ ਗੱਲਾਂ

✓ ਜੇਕਰ ਤੁਹਾਨੂੰ ਸ਼ਰਾਬ ਜਾਂ ਨਸ਼ਿਆ ਸੰਬੰਧੀ ਕੋਈ ਸਮੱਸਿਆ ਹੈ ਤਾਂ ਮਦਦ ਲਈ ਜਿੰਨੀ ਜਲਦੀ ਹੋ ਸਕੇ, ਸਿਹਤ ਸੰਭਾਲ ਟੀਮ ਦੇ ਕਿਸੇ ਮੈਂਬਰ ਨਾਲ ਗੱਲ ਕਰੋ।

✓ ਉਹ ਯਕੀਨੀ ਬਣਾ ਸਕਦੇ ਹਨ ਕਿ ਤੁਹਾਨੂੰ ਸਹੀ ਕਿਸਮ ਦੀ ਮਦਦ ਮਿਲੇ

✓ ਜੇਲ੍ਹ ਵਿੱਚ ਨਸ਼ਿਆਂ ਜਾਂ ਸ਼ਰਾਬ ਦੀ ਵਰਤੋਂ ਨੂੰ ਰੋਕਣ ਲਈ ਤੁਹਾਨੂੰ ਬਹੁਤ ਸਾਰੀ ਮਦਦ ਮਿਲ ਸਕਦੀ ਹੈ।

✓ ਜੇਕਰ ਦੂਸਰੇ ਕੈਦੀ ਤੁਹਾਨੂੰ ਨਸ਼ਿਆਂ ਜਾਂ ਸ਼ਰਾਬ ਦੀ ਵਰਤੋਂ ਕਰਨ ਜਾਂ ਇਹਨਾਂ ਚੀਜ਼ਾਂ ਨੂੰ ਜੇਲ੍ਹ ਵਿੱਚ ਲਿਆਉਣ ਵੱਲ ਲਿਜਾਉਣ ਦੀ ਕੋਸ਼ਿਸ਼ ਕਰ ਰਹੇ ਹਨ ਤਾਂ ਆਪਣੇ ਨਿੱਜੀ ਅਧਿਕਾਰੀ ਜਾਂ ਜੇਲ੍ਹ ਸਟਾਫ਼ ਦੇ ਕਿਸੇ ਦੂਸਰੇ ਮੈਂਬਰ ਨੂੰ ਦੱਸੋ

# ਨਸ਼ਿਆਂ ਲਈ ਤੁਹਾਡੀ ਜਾਂਚ ਕੀਤੀ ਜਾਣੀ

ਜੇਲ੍ਹ ਸਟਾਫ਼ ਇਹ ਦੇਖਣ ਲਈ ਤੁਹਾਡੀ ਜਾਂਚ ਕਰ ਸਕਦਾ ਹੈ ਕਿ ਕੀ ਤੁਸੀਂ ਨਸ਼ੇ ਕੀਤੇ ਹਨ। ਅਜਿਹਾ ਕਰਨ ਲਈ ਉਹ ਤੁਹਾਡੇ ਪਿਸ਼ਾਬ ਦਾ ਇੱਕ ਨਮੂਨਾ ਲੈਣਗੇ ਅਤੇ ਇਹ ਦੇਖਣ ਲਈ ਇਸਦੀ ਜਾਂਚ ਕਰਨਗੇ ਕਿ ਕੀ ਇਹ ਤੁਹਾਡੇ ਦੁਆਰਾ ਨਸ਼ੇ ਕੀਤੇ ਜਾਣ ਦੇ ਕੋਈ ਚਿੰਨ੍ਹ ਦਿਖਾਉਂਦਾ ਹੈ।

- ਜੇਲ੍ਹ ਵਿੱਚ ਹੋਣ ਸਮੇਂ ਨਸ਼ੇ ਕੀਤੇ ਹੋਣ ਲਈ ਤੁਹਾਡੀ ਜਾਂਚ ਕੀਤੀ ਜਾ ਸਕਦੀ ਹੈ ਜੇਕਰ
    - ਸਟਾਫ਼ ਤੁਹਾਨੂੰ ਜਾਂਚ ਕਰਨ ਲਈ ਚੁਣਦਾ ਹੈ। ਜੇਲ੍ਹ ਦਾ ਸਟਾਫ਼ ਹਰ ਮਹੀਨੇ ਜਾਂਚ ਕਰਨ ਲਈ ਸੰਯੋਗ ਦੇ ਆਧਾਰ 'ਤੇ ਥੋੜ੍ਹੀ ਜਿਹੀ ਗਿਣਤੀ ਵਿੱਚ ਕੈਦੀਆਂ ਨੂੰ ਚੁਣੇਗਾ
    - ਜੇਲ੍ਹ ਦਾ ਸਟਾਫ਼ ਸੋਚਦਾ ਹੈ ਕਿ ਤੁਸੀਂ ਸਾਇਦ ਨਸ਼ੇ ਕੀਤੇ ਹੋਏ ਹੋ ਸਕਦੇ ਹਨ।
    - ਤੁਸੀਂ ਬੀਤੇ ਸਮੇਂ ਵਿੱਚ ਨਸ਼ਿਆਂ ਦਾ ਬਹੁਤ ਜ਼ਿਆਦਾ ਸੇਵਨ ਕੀਤਾ ਹੈ ਅਤੇ ਇਹ ਦਰਸਾਉਣ ਲਈ ਜਾਂਚਾਂ ਵਿੱਚੋਂ ਲੰਘੇ ਹੋ ਕਿ ਤੁਸੀਂ ਜੇਲ੍ਹ ਵਿੱਚ ਰਹਿੰਦੇ ਹੋਏ ਏ ਸ਼੍ਰੇਣੀ ਦੇ ਨਸ਼ੇ ਕੀਤੇ ਹਨ। ਜੇਕਰ ਅਜਿਹਾ ਹੁੰਦਾ ਹੈ ਤਾਂ ਤੁਹਾਡੀ ਜਾਂਚ ਵਧੇਰੇ ਅਕਸਰ ਕੀਤੀ ਜਾ ਸਕਦੀ ਹੈ।

## ਨਸ਼ਿਆਂ ਸੰਬੰਧੀ ਜਾਂਚ ਬਾਰੇ ਹੋਰ ਜਾਣਕਾਰੀ

- ਸਟਾਫ਼ ਤੁਹਾਨੂੰ ਕੁਝ ਕੰਮ ਕਰਨ ਦੀ ਆਗਿਆ ਦੇਣ ਤੋਂ ਪਹਿਲਾਂ ਇਹ ਯਕੀਨੀ ਬਣਾਉਣਾ ਚਾਹੁੰਦਾ ਹੈ ਕਿ ਤੁਸੀਂ ਕੋਈ ਨਸ਼ੇ ਨਹੀਂ ਕੀਤੇ ਹੋਏ ਹਨ। ਉਦਾਹਰਨ ਲਈ ਇਸ ਤੋਂ ਪਹਿਲਾਂ ਕਿ ਉਹ ਤੁਹਾਨੂੰ ਇੱਕ ਥੋੜ੍ਹੇ ਸਮੇਂ ਲਈ ਜੇਲ੍ਹ ਵਿੱਚੋਂ ਬਾਹਰ ਆਉਣ ਦੀ ਆਗਿਆ ਦੇਣ ਜਾਂ ਫਿਰ ਇਸ ਤੋਂ ਪਹਿਲਾਂ ਕਿ ਉਹ ਤੁਹਾਨੂੰ ਕੋਈ ਅਜਿਹਾ ਕੰਮ ਕਰਨ ਦੇਣ ਜਿਸ ਵਿੱਚ ਲੋਕਾਂ ਦੁਆਰਾ ਤੁਹਾਡੇ 'ਤੇ ਵਿਸ਼ਵਾਸ ਕਰਨਾ ਸ਼ਾਮਲ ਹੋਵੇ।

- ਤੁਹਾਡੀ ਜਾਂਚ ਕੀਤੀ ਜਾ ਸਕਦੀ ਹੈ ਜੇਕਰ ਤੁਹਾਨੂੰ ਕਿਸੇ ਦੂਸਰੀ ਜੇਲ੍ਹ ਵਿੱਚ ਬਦਲਿਆ ਜਾਂਦਾ ਹੈ ਜਾਂ ਫਿਰ ਜਦੋਂ ਤੁਸੀਂ ਪਹਿਲੀ ਵਾਰੀ ਜੇਲ੍ਹ ਵਿੱਚ ਪਹੁੰਚਦੇ ਹੋ।

## ਜਦੋਂ ਨਸ਼ਿਆਂ ਲਈ ਤੁਹਾਡੀ ਇੱਕ ਜਾਂਚ ਕੀਤੀ ਜਾਂਦੀ ਹੈ ਤਾਂ ਕੀ ਹੋਵੇਗਾ?

1. ਜੇਲ੍ਹ ਦਾ ਸਟਾਫ਼ ਤੁਹਾਨੂੰ ਦੱਸੇਗਾ ਕਿ ਕੀ ਹੋਵੇਗਾ ਅਤੇ ਨਸ਼ਿਆਂ ਲਈ ਤੁਹਾਡੀ ਜਾਂਚ ਕਿਉਂ ਕੀਤੀ ਜਾ ਰਹੀ ਹੈ।

2. ਤੁਹਾਨੂੰ ਜੇਲ੍ਹ ਸਟਾਫ਼ ਨੂੰ ਜਾਂਚ ਕਰਨ ਲਈ ਆਪਣੇ ਮੂਤਰ ਦਾ ਇੱਕ ਨਮੂਨਾ ਜਾਂਚ ਕਰਨ ਲਈ ਦੇਣਾ ਪਵੇਗਾ।

3. ਤੁਸੀਂ ਅਜਿਹਾ ਇਕਾਂਤ ਵਿੱਚ ਕਰ ਸਕਦੇ ਹੋ ਪਰ ਇਹ ਜ਼ਰੂਰੀ ਹੈ ਕਿ ਜੇਲ੍ਹ ਸਟਾਫ਼ ਤੁਹਾਨੂੰ ਦੇਖ ਸਕੇ ਜਿਸ ਨਾਲ ਯਕੀਨੀ ਬਣਾਇਆ ਜਾ ਸਕੇ ਕਿ ਤੁਸੀਂ ਆਪਣੇ ਮੂਤਰ ਦੇ ਨਮੂਨੇ ਨਾਲ ਕੋਈ ਛੇੜਛਾੜ ਨਹੀਂ ਕਰ ਰਹੇ ਹੋ।

4. ਤੁਹਾਡੇ ਮੂਤਰ ਦੇ ਨਮੂਨੇ ਦੀ ਜਾਂਚ ਇੱਕ ਪ੍ਰਯੋਗਸ਼ਾਲਾ ਵਿੱਚ ਕੀਤੀ ਜਾਵੇਗੀ ਤਾਂ ਜੋ ਇਹ ਯਕੀਨੀ ਹੋ ਸਕੇ ਕਿ ਇਸ ਵਿੱਚ ਕੋਈ ਨਸ਼ੀਲੇ ਪਦਾਰਥ ਨਹੀਂ ਹਨ

5. ਜੇਲ੍ਹ ਦਾ ਸਟਾਫ਼ ਤੁਹਾਨੂੰ ਜਿੰਨੀ ਜਲਦੀ ਹੋ ਸਕੇ, ਜਾਂਚ ਦਾ ਨਤੀਜਾ ਦੇ ਦੇਵੇਗਾ।

6. ਜੇਲ੍ਹ ਦਾ ਸਟਾਫ਼ ਸਿਹਤ ਸੰਭਾਲ ਟੀਮ ਨੂੰ ਦੱਸੇਗਾ ਜੇਕਰ ਨਤੀਜੇ ਇਹ ਦਰਸਾਉਂਦੇ ਹਨ ਕਿ ਤੁਸੀਂ ਨਸ਼ਿਆਂ ਦੀ ਵਰਤੋਂ ਕੀਤੀ ਹੈ। ਅਜਿਹਾ ਇਹ ਯਕੀਨੀ ਬਣਾਉਣ ਲਈ ਕੀਤਾ ਜਾਂਦਾ ਹੈ ਕਿ ਤੁਸੀਂ ਕੋਈ ਅਜਿਹੀ ਦਵਾਈ ਲੈ ਰਹੇ ਹੋ ਜੋ ਕਿ ਜਾਂਚ ਦੇ ਨਤੀਜੇ ਨੂੰ ਪ੍ਰਭਾਵਿਤ ਕਰ ਸਕਦੀ ਹੋਵੇ। ਜੇਲ੍ਹ ਦੇ ਸਟਾਫ਼ ਦੁਆਰਾ ਸਿਹਤ ਸੰਭਾਲ ਟੀਮ ਨੂੰ ਦੱਸੇ ਜਾਣ ਤੋਂ ਪਹਿਲਾਂ ਤੁਹਾਨੂੰ ਇਹ ਦੱਸਣਾ ਪੈਂਦਾ ਹੈ ਕਿ ਇਹ ਸਹੀ ਹੈ।

7. ਜੇਕਰ ਜਾਂਚ ਦਿਖਾਉਂਦੀ ਹੈ ਕਿ ਤੁਸੀਂ ਨਸ਼ੇ ਕੀਤੇ ਹਨ ਤਾਂ ਤੁਹਾਨੂੰ ਇਹ ਕਹਿਣਾ ਪਵੇਗਾ ਕਿ ਕੀ ਤੁਸੀਂ ਨਸ਼ੇ ਕਰਨ ਦੇ ਦੋਸ਼ੀ ਹੋ ਜਾਂ ਦੋਸ਼ੀ ਨਹੀਂ ਹੋ। ਇਸ ਬਾਰੇ ਗੱਲ ਕਰਨ ਲਈ ਤੁਹਾਨੂੰ ਇੱਕ ਨਿਰਨਾ-ਪ੍ਰਕਿਰਿਆ ਕੋਲ ਜਾਣਾ ਪਵੇਗਾ (ਹੇਠਾਂ ਇਸ ਬਾਰੇ ਵਧੇਰੇ ਜਾਣਕਾਰੀ ਦਿੱਤੀ ਗਈ ਹੈ)।

## ਜੇਕਰ ਤੁਸੀਂ ਕਹਿੰਦੇ ਹੋ ਕਿ ਤੁਸੀਂ ਦੋਸ਼ੀ ਨਹੀਂ ਹੋ

- ਤੁਹਾਨੂੰ ਇਹ ਦੇਖਣ ਲਈ ਨਸ਼ਿਆਂ ਸੰਬੰਧੀ ਇੱਕ ਦੂਸਰੀ ਜਾਂਚ ਵਿੱਚੋਂ ਲੰਘਣਾ ਪਵੇਗਾ ਕਿ ਕੀ ਪਹਿਲੀ ਜਾਂਚ ਦੇ ਨਤੀਜੇ ਸਹੀ ਸਨ ਜਾਂ ਗ਼ਲਤ

- ਜੇਕਰ ਇਸ ਜਾਂਚ ਦੇ ਨਤੀਜੇ ਅਜੇ ਵੀ ਪਹਿਲਾਂ ਵਾਲੇ ਉਹੀ ਆਉਂਦੇ ਹਨ ਤਾਂ ਤੁਸੀਂ ਨਮੂਨੇ ਨੂੰ ਦੋਬਾਰਾ ਜਾਂਚ ਲਈ ਜੇਲ੍ਹ ਤੋਂ ਬਾਹਰ ਕਿਸੇ ਪ੍ਰਯੋਗਸ਼ਾਲਾ ਵਿੱਚ ਭੇਜ ਸਕਦੇ ਹੋ।

- ਜੇਕਰ ਜਾਂਚਾਂ ਦੇ ਨਤੀਜੇ ਦਿਖਾਉਂਦੇ ਹਨ ਕਿ ਤੁਸੀਂ ਨਸ਼ੇ ਕੀਤੇ ਹਨ ਜਾਂ ਜੇਕਰ ਤੁਸੀਂ ਵਾਧੂ ਜਾਂਚ ਲਈ ਭੁਗਤਾਨ ਕਰਨਾ ਚਾਹੁੰਦੇ ਹੋ ਤਾਂ ਜੇਲ੍ਹ ਦਾ ਸਟਾਫ਼ ਤੁਹਾਨੂੰ ਕੁਝ ਦਸਤਾਵੇਜ਼ ਦੇਵੇਗਾ। ਇਹਨਾਂ ਦਸਤਾਵੇਜ਼ਾਂ ਨੂੰ ਇਹ ਕਿਹਾ ਜਾਂਦਾ ਹੈ
    - ਕੈਦੀਆਂ ਨੂੰ ਨਸ਼ਿਆਂ ਲਈ ਵਿਧਾਨਿਕ ਤੌਰ 'ਤੇ ਜ਼ਰੂਰੀ ਜਾਂਚ ਬਾਰੇ ਜਾਣਕਾਰੀ ਦੇਣਾ
    - ਨਸ਼ਿਆਂ ਲਈ ਵਿਧਾਨਿਕ ਤੌਰ 'ਤੇ ਜ਼ਰੂਰੀ ਜਾਂਚ ਦੇ ਕਿਸੇ ਨਮੂਨੇ ਦਾ ਸੁਤੰਤਰ ਵਿਸ਼ਲੇਸ਼ਣ ਹਾਸਲ ਕਰਨ ਬਾਰੇ ਵਕੀਲਾਂ ਅਤੇ ਕੈਦੀਆਂ ਲਈ ਜਾਣਕਾਰੀ

## ਜੇ ਤੁਸੀਂ ਕਹਿੰਦੇ ਹੋ ਕਿ ਤੁਸੀਂ ਦੋਸ਼ੀ ਹੋ ਜਾਂ ਜੇਕਰ ਜਾਚਾਂ ਅਜੇ ਵੀ ਇਹ ਦਰਸਾਉਂਦੀਆਂ ਹਨ ਕਿ ਤੁਸੀਂ ਨਸ਼ੀਲੇ ਪਦਾਰਥਾਂ ਦਾ ਸੇਵਨ ਕੀਤਾ ਹੈ

1. ਜੇ ਤੁਸੀਂ ਨਸ਼ੀਲੇ ਪਦਾਰਥਾਂ ਦਾ ਸੇਵਨ ਕੀਤਾ ਹੈ, ਤਾਂ ਇਸਦਾ ਅਰਥ ਹੈ ਕਿ ਤੁਸੀਂ ਜੇਲ੍ਹ ਦੀ ਨਿਯਮ ਸੰਖਿਆ 51(9) ਜਾਂ ਨੌਜਵਾਨ ਅਪਰਾਧੀਆਂ ਲਈ ਨਿਯਮ ਸੰਖਿਆ 55(10) ਨੂੰ ਤੋੜਿਆ ਹੈ।

2. ਤੁਹਾਨੂੰ ਆਮ ਤੌਰ 'ਤੇ ਕਿਸੇ ਅਪਰਾਧ ਲਈ ਦੋਸ਼ੀ ਠਹਿਰਾਇਆ ਜਾਵੇਗਾ ਅਤੇ ਤੁਹਾਨੂੰ ਇੱਕ 'ਤੇ ਜਾਣਾ ਪਵੇਗਾ। ਇੱਕ ਵਿਖੇ ਤੁਸੀਂ ਅਤੇ ਗਵਰਨਰ ਜਾਂ ਜੇਲ੍ਹ ਤੋਂ ਬਾਹਰ ਦਾ ਕੋਈ ਜੱਜ ਅਪਰਾਧ ਬਾਰੇ ਗੱਲ ਕਰਦੇ ਹੋ ਅਤੇ ਫ਼ੈਸਲਾ ਕਰਦੇ ਹੋ ਕਿ ਕੀ ਤੁਸੀਂ ਦੋਸ਼ੀ ਹੋ।

3. ਜੇਕਰ ਤੁਸੀਂ ਦੋਸ਼ੀ ਪਾਏ ਜਾਂਦੇ ਹੋ, ਤਾਂ ਜੇਲ੍ਹ ਕਰਨ ਲਈ ਸਭ ਤੋਂ ਵਧੀਆ ਕੰਮ ਦਾ ਫ਼ੈਸਲਾ ਕਰੇਗੀ। ਤੁਹਾਨੂੰ ਕੋਈ ਸਜ਼ਾ ਦਿੱਤੀ ਜਾ ਸਕਦੀ ਹੈ ਜਾਂ ਫਿਰ ਤੁਹਾਡੇ ਕੁਝ ਵਿਸ਼ੇਸ਼ ਅਧਿਕਾਰ ਵਾਪਸ ਲਏ ਜਾ ਸਕਦੇ ਹਨ। ਜਾਂ ਫਿਰ ਤੁਹਾਨੂੰ ਆਪਣੀ ਨਸ਼ੇ ਦੀ ਸਮੱਸਿਆ ਲਈ ਮਦਦ ਪ੍ਰਾਪਤ ਕਰਨ ਲਈ ਭੇਜਿਆ ਜਾ ਸਕਦਾ ਹੈ। ਉਦਾਹਰਨ ਲਈ ਇੱਕ ਸਮੂਹ ਕੋਲ ਜਿਸਨੂੰ ਕੈਰੇਟ (ਕਾਊਂਸਲਿੰਗ, ਅਸੈਸਮੈਂਟ, ਰੈਫਰਲ, ਐਡਵਾਈਸ ਐਂਡ ਥੌਰੋਕੇਅਰ) ਕਿਹਾ ਜਾਂਦਾ ਹੈ।

## ਸਟਾਫ਼ ਨੂੰ ਨਸ਼ਿਆਂ ਸੰਬੰਧੀ ਜਾਂਚ ਲਈ ਨਿਵੇਦਨ ਕਰਨਾ (ਇਸਨੂੰ ਸਵੈ ਇੱਛੁਕ ਨਸ਼ਾ ਜਾਂਚ ਕਿਹਾ ਜਾਂਦਾ ਹੈ)

ਜੇ ਤੁਸੀਂ ਨਿਯਮਾਂ ਸੰਬੰਧੀ ਜਾਂਚ ਕਰਵਾਉਣੀ ਚਾਹੋ ਤਾਂ ਤੁਸੀਂ ਇਸ ਲਈ ਨਿਵੇਦਨ ਕਰ ਸਕਦੇ ਹੋ। ਤੁਸੀਂ ਅਜਿਹਾ ਕਰਨ ਦੇ ਚਾਹਵਾਨ ਹੋ ਸਕਦੇ ਹੋ ਕਿਉਂਕਿ ਤੁਸੀਂ ਨਸ਼ਿਆਂ ਦਾ ਇਸਤੇਮਾਲ ਕਰਨਾ ਬੰਦ ਕਰਨਾ ਚਾਹੁੰਦੇ ਹੋ। ਜੇ ਤੁਸੀਂ ਕਹਿੰਦੇ ਹੋ ਕਿ ਤੁਸੀਂ ਨਸ਼ਿਆਂ ਦਾ ਇਸਤੇਮਾਲ ਕਰਨਾ ਬੰਦ ਕਰ ਦੇਵੋਗੇ ਤਾਂ ਜੇਲ੍ਹ ਦਾ ਸਟਾਫ਼ ਤੁਹਾਡੀ ਹਰ ਸੰਭਵ ਮਦਦ ਕਰੇਗਾ।

ਦੋ ਕੰਮ ਹਨ ਜੋ ਤੁਸੀਂ ਕਰ ਸਕਦੇ ਹੋਂ

1. ਜੇਲ੍ਹ ਦੇ ਉਸ ਹਿੱਸੇ ਵਿੱਚ ਜਾਣ ਲਈ ਨਿਵੇਦਨ ਕਰੋ ਜਿਸਨੂੰ ਇੱਕ **ਸਵੈ-ਇੱਛੁਕ ਨਸ਼ਾ ਜਾਂਚ ਇਕਾਈ** ਕਿਹਾ ਜਾਂਦਾ ਹੈ। ਇਹ ਜੇਲ੍ਹ ਦਾ ਇੱਕ ਸੁਰੱਖਿਅਤ ਹਿੱਸਾ ਹੁੰਦਾ ਹੈ ਜਿੱਥੇ ਤੁਸੀਂ ਠਹਿਰ ਸਕਦੇ ਹੋ ਅਤੇ ਨਸ਼ਿਆਂ ਦਾ ਇਸਤੇਮਾਲ ਬੰਦ ਕਰਨ ਲਈ ਮਦਦ ਲੈ ਸਕਦੇ ਹੋ। ਤੁਹਾਨੂੰ ਇਹ ਕਹਿਣ ਲਈ ਇੱਕ ਫ਼ਾਰਮ 'ਤੇ ਦਸਤਖਤ ਕਰਨੇ ਪੈਣਗੇ ਕਿ ਤੁਸੀਂ ਜੇਲ੍ਹ ਦੇ ਇਸ ਹਿੱਸੇ ਵਿੱਚ ਹੋਣ ਬਾਰੇ ਕੁਝ ਨਿਯਮਾਂ ਨਾਲ ਸਹਿਮਤ ਹੋ। ਤੁਹਾਨੂੰ ਨਸ਼ਿਆਂ ਸੰਬੰਧੀ ਕੁਝ ਜਾਂਚਾਂ ਵੀ ਕਰਵਾਉਣੀਆਂ ਪੈਣਗੀਆਂ।

2. ਤੁਸੀਂ ਜੇਲ੍ਹ ਦੇ ਕਿਸੇ ਦੂਸਰੇ ਹਿੱਸੇ ਵਿੱਚ ਜਾਣ ਤੋਂ ਬਿਨਾਂ ਅਜੇ ਵੀ ਨਸ਼ਿਆਂ ਤੋਂ ਦੂਰ ਰਹਿਣ ਵਿੱਚ ਮਦਦ ਲੈ ਸਕਦੇ ਹੋ। ਤੁਸੀਂ ਕਿਸੇ ਪ੍ਰੋਗਰਾਮ ਦਾ ਹਿੱਸਾ ਬਣਨ ਲਈ ਨਿਵੇਦਨ ਕਰ ਸਕਦੇ ਹੋ ਜਿਸਨੂੰ ਸਵੈ-ਇੱਛੁਕ ਨਸ਼ਾ ਜਾਂਚ ਪ੍ਰੋਗਰਾਮ ਕਿਹਾ ਜਾਂਦਾ ਹੈ। ਤੁਹਾਨੂੰ ਇਹ ਕਹਿਣ ਲਈ ਇੱਕ ਫ਼ਾਰਮ 'ਤੇ ਦਸਤਖਤ ਕਰਨੇ ਪੈਣਗੇ ਕਿ ਤੁਸੀਂ ਇਸ ਬਾਰੇ ਕੁਝ ਨਿਯਮਾਂ ਦੀ ਪਾਲਣਾ ਕਰੋਗੇ। ਤੁਹਾਨੂੰ ਨਸ਼ਿਆਂ ਸੰਬੰਧੀ ਕੁਝ ਜਾਂਚਾਂ ਵੀ ਕਰਵਾਉਣੀਆਂ ਪੈਣਗੀਆਂ।

- ✓ ਜੇ ਤੁਸੀਂ ਨਸ਼ੇ ਕਰਨੇ ਛੱਡਣਾ ਚਾਹੁੰਦੇ ਹੋ ਤਾਂ ਤੁਹਾਨੂੰ ਇਹ ਕਹਿਣ ਲਈ ਇੱਕ ਫ਼ਾਰਮ 'ਤੇ ਦਸਤਖਤ ਕਰਨੇ ਪੈਣਗੇ ਕਿ ਤੁਸੀਂ ਕੁਝ ਨਿਯਮਾਂ ਦੀ ਪਾਲਣਾ ਕਰਨ 'ਤੇ ਸਹਿਮਤ ਹੋ।
- ✓ ਫ਼ਾਰਮ ਤੁਹਾਨੂੰ ਦੱਸੇਗਾ ਕਿ ਕੀ ਹੋਵੇਗਾ ਜੇਕਰ ਜਾਂਚਾਂ ਦਰਸਾਉਂਦੀਆਂ ਹਨ ਕਿ ਤੁਸੀਂ ਅਜੇ ਵੀ ਨਸ਼ੇ ਕਰ ਰਹੇ ਹੋ।
- ✓ ਨਸ਼ਿਆਂ ਦਾ ਸੇਵਨ ਕਰਦੇ ਪਾਏ ਜਾਣ 'ਤੇ ਤੁਹਾਨੂੰ ਕੋਈ ਸਜ਼ਾ ਨਹੀਂ ਦਿੱਤੀ ਜਾਵੇਗੀ। ਪਰ ਜੇਲ੍ਹ ਦਾ ਸਟਾਫ਼ ਦੂਸਰੇ ਕੰਮ ਕਰ ਸਕਦਾ ਹੈ ਜਿਵੇਂ ਕਿ ਤੁਹਾਨੂੰ ਜੇਲ੍ਹ ਦੇ ਉਸ ਹਿੱਸੇ ਤੋਂ ਦੂਰ ਲੈ ਜਾਣਾ।

- ਕੁਝ ਜੇਲ੍ਹਾਂ ਵਿੱਚ, ਤੁਸੀਂ ਵਿਸ਼ੇਸ਼ ਅਧਿਕਾਰ ਅਖਵਾਉਂਦੀਆਂ ਵਾਧੂ ਚੀਜ਼ਾਂ ਪ੍ਰਾਪਤ ਕਰ ਸਕਦੇ ਹੋ ਜੇ ਤੁਸੀਂ ਨਸ਼ਿਆਂ ਸੰਬੰਧੀ ਜਾਂਚਾਂ ਕਰਵਾਉਣ ਲਈ ਸਹਿਮਤ ਹੋ ਜਾਂਦੇ ਹੋ ਅਤੇ ਜਾਂਚਾਂ ਦਰਸਾਉਂਦੀਆਂ ਹਨ ਕਿ ਤੁਸੀਂ ਨਸ਼ਿਆਂ ਦਾ ਸੇਵਨ ਨਹੀਂ ਕਰ ਰਹੇ ਹੋ। ਉਦਾਹਰਨ ਲਈ, ਤੁਹਾਨੂੰ ਵਾਧੂ ਮੁਲਾਕਾਤਾਂ ਦਿੱਤੀਆਂ ਜਾ ਸਕਦੀਆਂ ਹਨ ਜਾਂ ਆਪਣੇ ਵਧੇਰੇ ਧਨ ਖ਼ਰਚ ਕਰਨ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ।

- ਜੇਲ੍ਹ ਦੇ ਸਟਾਫ਼ ਨੂੰ ਇਸ ਬਾਰੇ ਪੁੱਛੋ। ਤੁਹਾਨੂੰ ਇਹ ਕਹਿਣ ਲਈ ਇੱਕ ਫ਼ਾਰਮ 'ਤੇ ਦਸਤਖਤ ਕਰਨੇ ਪੈਣਗੇ ਕਿ ਤੁਸੀਂ ਕੁਝ ਨਿਯਮਾਂ ਨਾਲ ਸਹਿਮਤ ਹੋ ਅਤੇ ਇਹ ਕਿ ਤੁਸੀਂ ਨਸ਼ਿਆਂ ਦਾ ਸੇਵਨ ਨਹੀਂ ਕਰੋਗੇ। ਫ਼ਾਰਮ ਤੁਹਾਨੂੰ ਦੱਸੇਗਾ ਕਿ ਜੇਕਰ ਤੁਸੀਂ ਨਸ਼ਿਆਂ ਦਾ ਸੇਵਨ ਕਰਦੇ ਪਾਏ ਜਾਂਦੇ ਹੋ ਤੁਹਾਨੂੰ ਕੀ ਕਰਨ ਦੀ ਲੋੜ ਹੈ ਅਤੇ ਕੀ ਹੋਵੇਗਾ।

# ਮਦਦ ਜੋ ਤੁਸੀਂ ਨਸ਼ਿਆਂ ਅਤੇ ਸ਼ਰਾਬ ਸੰਬੰਧੀ ਸਮੱਸਿਆਵਾਂ ਲਈ ਲੈ ਸਕਦੇ ਹੋ।

ਕੋਈ ਵੀ ਕੈਦੀ ਨਸ਼ਿਆਂ ਜਾਂ ਸ਼ਰਾਬ ਦਾ ਇਸਤੇਮਾਲ ਕਰਨ ਲਈ ਮਦਦ ਲੈ ਸਕਦਾ ਹੈ।

ਤੁਸੀਂ ਇਹਨਾਂ ਤੋਂ ਮਦਦ ਲੈ ਸਕਦੇ ਹੋਂ

1. **ਸਿਹਤ ਸੰਭਾਲ ਟੀਮ** ਉਹ ਤੁਹਾਨੂੰ ਨਸ਼ੀਲੇ ਪਦਾਰਥਾਂ ਜਾਂ ਸ਼ਰਾਬ ਦਾ ਸੇਵਨ ਬੰਦ ਕਰਨ ਵਿੱਚ ਬਹੁਤ ਸਾਰੀ ਮਦਦ ਦੇ ਸਕਦੇ ਹਨ।

2. ਤੁਸੀਂ ਜੇਲ੍ਹ ਵਿੱਚ ਆਪਣੇ ਵਿੰਗ 'ਤੇ ਹੁੰਦੇ ਹੋਏ ਜਾਂ ਜੇਲ੍ਹ ਦੇ ਦੂਸਰੇ ਹਿੱਸੇ ਵਿੱਚ ਜਾ ਕੇ ਮਦਦ ਲੈ ਸਕਦੇ ਹੋ ਜਿਸਨੂੰ ਇੱਕ ਸਵੈ-ਇੱਛੁਕ ਨਸ਼ਾ ਜਾਂਚ ਇਕਾਈ ਕਿਹਾ ਜਾਂਦਾ ਹੈ। **ਪੰਨਾ 76 ਦੇਖੋ।**

3. **ਕੈਰੇਟ (CARAT)** ਸੇਵਾ (ਕਾਊਂਸਲਿੰਗ ਅਸੈਸਮੈਂਟ, ਰੈਫਰਲ, ਐਡਵਾਈਸ ਅਤੇ ਥੋਰੋਕੇਅਰ)। ਇਹ ਉਹ ਵਿਅਕਤੀ ਹੁੰਦੇ ਹਨ ਜੋ ਜਾਂ ਤਾਂ ਜੇਲ੍ਹ ਤੋਂ ਬਾਹਰ ਤੋਂ ਹੁੰਦੇ ਹਨ ਜਾਂ ਉਹ ਜੇਲ੍ਹ ਅਧਿਕਾਰੀ ਹੁੰਦੇ ਹਨ। ਉਹ ਕੈਦੀਆਂ ਨੂੰ ਨਸ਼ਿਆਂ ਦਾ ਸੇਵਨ ਬੰਦ ਕਰਨ ਵਿੱਚ ਮਦਦ ਦੇਣ ਲਈ ਕੰਮ ਕਰਦੇ ਹਨ। ਤੁਸੀਂ ਜੇਲ੍ਹ ਪਹੁੰਚਣ ਤੋਂ ਤੁਰੰਤ ਬਾਅਦ ਕੈਰੇਟ ਤੋਂ ਕਿਸੇ ਵਿਅਕਤੀ ਨੂੰ ਮਿਲ ਸਕਦੇ ਹੋ ਉਹ ਨਸ਼ਿਆਂ ਦਾ ਸੇਵਨ ਬੰਦ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਇੱਕ ਯੋਜਨਾ ਬਣਾਉਣ ਲਈ ਤੁਹਾਡੇ ਨਾਲ ਮਿਲਕੇ ਕੰਮ ਕਰਨਗੇ।

4. **ਨਸ਼ਾ ਮੁੜਵਸੇਵਾਂ ਪ੍ਰੋਗਰਾਮ** ਕੈਰੇਟ ਤੋਂ ਜਿਸ ਵਿਅਕਤੀ ਨਾਲ ਤੁਸੀਂ ਕੰਮ ਕਰ ਰਹੇ ਹੋ, ਉਹ ਤੁਹਾਨੂੰ ਇਹਨਾਂ ਦੂਸਰੀ ਕਿਸਮਾਂ ਦੀ ਮਦਦ ਬਾਰੇ ਦੱਸ ਸਕਦਾ ਹੈ ਜੋ ਤੁਸੀਂ ਲੈ ਸਕਦੇ ਹੋ। ਤੁਹਾਡੇ ਕੈਰੇਟ ਕਾਮੇ ਨੂੰ ਪਹਿਲਾਂ ਇਹ ਕਹਿਣਾ ਪਵੇਗਾ ਕਿ ਤੁਹਾਡੇ ਲਈ ਇਹ ਮਦਦ ਲੈਣਾ ਬਿਲਕੁਲ ਸਹੀ ਹੈ। ਤੁਸੀਂ ਇਹ ਮਦਦ ਲੈਣ ਲਈ ਕਿਸੇ ਦੂਸਰੀ ਜੇਲ੍ਹ ਵਿੱਚ ਜਾ ਸਕੋਗੇ।

ਇਹਨਾਂ ਕਿਸਮਾਂ ਦੀ ਮਦਦ ਦੇ ਨਾਲ, ਤੁਹਾਨੂੰ ਸ਼ਾਇਦ ਨਸ਼ਿਆਂ ਸੰਬੰਧੀ ਜਾਂਚਾਂ ਵੀ ਕਰਵਾਉਣੀਆਂ ਪੈ ਸਕਦੀਆਂ ਹਨ। ਜੇ ਤੁਸੀਂ ਨਸ਼ੀਲੇ ਪਦਾਰਥਾਂ ਦਾ ਇਸਤੇਮਾਲ ਕਰਦੇ ਪਾਏ ਜਾਂਦੇ ਹੋ, ਤਾਂ ਤੁਹਾਨੂੰ ਇਹ ਮਦਦ ਮਿਲਣੀ ਬੰਦ ਹੋ ਸਕਦੀ ਹੈ।

- ਉਸ ਵਿਅਕਤੀ ਨਾਲ ਗੱਲ ਕਰਨ ਬਾਰੇ ਚਿੰਤਿਤ ਨਾ ਹੋਵੋ ਜੋ ਨਸ਼ਿਆਂ ਦੇ ਇਸਤੇਮਾਲ ਬਾਰੇ ਤੁਹਾਡੀ ਮਦਦ ਕਰਦਾ ਹੈ। ਉਹ ਤੁਹਾਨੂੰ ਦੱਸ ਦੇਵੇਗਾ ਕਿ ਉਹ ਕਿਹੜੀ ਜਾਣਕਾਰੀ ਗੁਪਤ ਰੱਖ ਸਕਦਾ ਹੈ ਅਤੇ ਉਸ ਨੂੰ ਕਿਹੜੀ ਜਾਣਕਾਰੀ, ਦੂਸਰੇ ਵਿਅਕਤੀ ਨੂੰ ਦੇਣੀ ਪੈਂਦੀ ਹੈ।

- ਜੇਕਰ ਤੁਸੀਂ ਆਪਣੇ ਪਰਿਵਾਰ ਵਿੱਚ ਕਿਸੇ ਵਿਅਕਤੀ ਦੁਆਰਾ ਨਸ਼ੀਲੇ ਪਦਾਰਥਾਂ ਦਾ ਸੇਵਨ ਕੀਤੇ ਜਾਣ ਬਾਰੇ ਜਾਂ ਇਸ ਬਰੇ ਚਿੰਤਿਤ ਹੋ ਕਿ ਤੁਹਾਡੀ ਨਸ਼ਿਆਂ ਸੰਬੰਧੀ ਸਮੱਸਿਆ ਉਹਨਾਂ ਨੂੰ ਕਿਵੇਂ ਪ੍ਰਭਾਵਿਤ ਕਰ ਰਹੀ ਹੈ, ਤਾਂ ਕੈਰੇਟ ਤੋਂ ਕਿਸੇ ਵਿਅਕਤੀ ਨਾਲ ਇਸ ਬਾਰੇ ਗੱਲ ਕਰੋ। ਕੈਰੇਟ ਤੋਂ ਆਉਣ ਵਾਲਾ ਵਿਅਕਤੀ ਸ਼ਾਇਦ ਤੁਹਾਡੇ ਪਰਿਵਾਰ ਲਈ ਕੁਝ ਮਦਦ ਜਾਂ ਜਾਣਕਾਰੀ ਪ੍ਰਾਪਤ ਕਰਨ ਦਾ ਪ੍ਰਬੰਧ ਕਰ ਸਕਦਾ ਹੈ।

# ਤੁਹਾਡਾ ਧਰਮ

- ✓ ਤੁਸੀਂ ਜੇਲ੍ਹ ਵਿੱਚ ਆਪਣੇ ਧਰਮ ਦੀ ਪਾਲਣਾ ਕਰ ਸਕੋਗੇ।

- ✓ ਪਹਿਲੀ ਵਾਰੀ ਜੇਲ੍ਹ ਪਹੁੰਚਣ 'ਤੇ ਤੁਸੀਂ ਜੇਲ੍ਹ ਦੇ ਸਟਾਫ਼ ਨੂੰ ਦੱਸ ਸਕਦੇ ਹੋ ਕਿ ਤੁਹਾਡਾ ਧਰਮ ਕੀ ਹੈ। ਉਸ ਤੋਂ ਬਾਅਦ ਉਹ, ਤੁਹਾਡੇ ਧਰਮ ਦੀ ਪਾਲਣਾ ਕਰਨ ਲਈ ਲੋੜੀਂਦੀਆਂ ਚੀਜ਼ਾਂ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰਨਗੇ।

- ✓ ਜੇਲ੍ਹ ਨੂੰ ਇਹ ਜ਼ਰੂਰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕੋਈ ਸਥਾਨ ਹੋਵੇ ਜਿੱਥੇ ਤੁਸੀਂ ਆਪਣੇ ਧਰਮ ਦੀ ਪਾਲਣਾ ਕਰਨ ਲਈ ਜਾ ਸਕੋ। ਉਦਾਹਰਨ ਲਈ ਪ੍ਰਾਰਥਨਾਵਾਂ ਕਰਨ ਲਈ ਜਾਂ ਧਾਰਮਿਕ ਮੀਟਿੰਗਾਂ 'ਤੇ ਜਾਣ ਲਈ।

- ✓ ਹਰੇਕ ਜੇਲ੍ਹ ਕੋਲ ਵਿਅਕਤੀਆਂ ਦੀ ਇੱਕ ਟੀਮ ਹੋਵੇਗੀ ਜੋ ਤੁਹਾਡੇ ਧਰਮ ਦੀ ਪਾਲਣਾ ਕਰਨ ਵਿੱਚ ਤੁਹਾਡੀ ਮਦਦ ਕਰੇਗੀ। ਇਸਨੂੰ ਇੱਕ ਚੈਪਲੇਨਸੀ ਟੀਮ ਕਿਹਾ ਜਾਂਦਾ ਹੈ।

- ✓ ਭਾਵੇਂ ਤੁਹਾਡਾ ਕੋਈ ਧਾਰਮਿਕ ਵਿਸ਼ਵਾਸ ਨਾ ਹੋਵੇ, ਤੁਸੀਂ ਤਾਂ ਵੀ ਕਿਸੇ ਚੈਪਲੇਨ ਨੂੰ ਮਿਲਣ ਲਈ ਨਿਵੇਦਨ ਕਰ ਸਕਦੇ ਹੋ। ਚੈਪਲੇਨ ਕਿਸੇ ਵੀ ਕੈਦੀ ਨੂੰ ਸੁਣਨ ਲਈ ਮੌਜੂਦ ਹੁੰਦੇ ਹਨ ਜੋ ਕਿਸੇ ਨਾਲ ਗੱਲਬਾਤ ਕਰਨੀ ਚਾਹੁੰਦਾ ਹੋਵੇ। ਉਦਾਹਰਨ ਲਈ, ਜੇਕਰ ਉਹ ਪਰੇਸ਼ਾਨ ਜਾਂ ਚਿੰਤਿਤ ਮਹਿਸੂਸ ਕਰ ਰਿਹਾ ਹੈ।

- ✓ ਜੇਲ੍ਹ ਪ੍ਰਾਰਥਨਾ ਅਤੇ ਧਾਰਮਿਕ ਉਤਸਵਾਂ ਛੁੱਟੀਆਂ ਅਤੇ ਤਿਓਹਾਰਾਂ ਦੀਆਂ ਮਿਤੀਆਂ ਅਤੇ ਸਮਿਆਂ ਨੂੰ ਧਿਆਨ ਵਿੱਚ ਰੱਖੇਗਾ।

- ✓ ਤੁਸੀਂ ਆਪਣੇ ਧਾਰਮਿਕ ਵਿਸ਼ਵਾਸ ਲਈ ਹਮੇਸ਼ਾ ਹੀ ਮੁੱਖ ਪ੍ਰਾਰਥਨਾ 'ਤੇ ਜਾ ਸਕਦੇ ਹੋ। ਉਦਾਹਰਨ ਲਈ, ਤੁਸੀਂ ਤਾਂ ਵੀ ਜਾ ਸਕਦੇ ਹੋ ਜੇਕਰ ਤੁਹਾਨੂੰ ਵੱਖਰਾ ਰੱਖਿਆ ਗਿਆ ਹੈ, ਤੁਸੀਂ ਬਚਾਵ ਸੂਚੀ ਵਿੱਚ ਹੋ ਜਾਂ ਹਸਪਤਾਲ ਵਿੱਚ ਹੋ। ਜੇ ਤੁਸੀਂ ਅਜੇ ਵੀ ਪ੍ਰਾਰਥਨਾ 'ਤੇ ਜਾਣਾ ਚਾਹੁੰਦੇ ਹੋ ਤਾਂ ਕਿਸੇ ਚੈਪਲੇਨ ਨੂੰ ਪ੍ਰਾਰਥਨਾ ਤੋਂ ਪਹਿਲਾਂ ਦੱਸ ਦਿਓ।

- ✓ ਜੇਕਰ ਜੇਲ੍ਹ ਵਿੱਚ ਤੁਹਾਡੀਆਂ ਧਾਰਮਿਕ ਲੋੜਾਂ ਪੂਰੀਆਂ ਨਹੀਂ ਹੋ ਰਹੀਆਂ ਹਨ ਤਾਂ ਚੈਪਲੇਨਾਂ ਵਿੱਚੋਂ ਕਿਸੇ ਇੱਕ ਜਾਂ ਵਿਵਿਧਤਾ ਅਧਿਕਾਰੀ ਅਖਵਾਉਂਦੇ ਵਿਅਕਤੀ ਨਾਲ ਗੱਲ ਕਰੋ।

- ✓ ਵਧੇਰੇ ਜਾਣਕਾਰੀ ਜੇਲ ਪ੍ਰਬੰਧਨ ਨਿਯਮਾਵਲੀ 4550 ਵਿੱਚ ਦਿੱਤੀ ਗਈ ਹੈ। ਇਸਦੀ ਇੱਕ ਪ੍ਰਤੀ ਲਾਇਬ੍ਰੇਰੀ ਵਿੱਚ ਹੈ।

## ਤੁਹਾਨੂੰ, ਤੁਹਾਡੇ ਧਰਮ ਦੀ ਪਾਲਣਾ ਕਰਨ ਵਿੱਚ ਮਦਦ ਕਰਨ ਵਾਲੇ ਵਿਅਕਤੀ

- ਚੈਪਲੇਨਸੀ ਟੀਮ ਵੱਖ-ਵੱਖ ਧਰਮਾਂ ਵਾਲੇ ਵਿਅਕਤੀਆਂ ਦੀ ਇੱਕ ਟੀਮ ਹੁੰਦੀ ਹੈ ਜੋ ਤੁਹਾਨੂੰ ਤੁਹਾਡੇ ਧਰਮ ਦੀ ਪਾਲਣਾ ਕਰਨ ਵਿੱਚ ਮਦਦ ਦੇਣ ਲਈ ਹਾਜ਼ਿਰ ਰਹਿੰਦੇ ਹੋ।

- ਹਰੇਕ ਜੇਲ੍ਹ ਵਿੱਚ ਵੱਖਰੀ ਟੀਮ ਹੁੰਦੀ ਹੈ ਪਰ ਇਸ ਵਿੱਚ ਆਮ ਤੌਰ 'ਤੇ ਇਹਨਾਂ ਧਰਮਾਂ ਅਤੇ ਧਾਰਮਿਕ ਵਿਸ਼ਵਾਸਾਂ ਸੰਪਰਦਾਇਆਂ ਨਾਲ ਸੰਬੰਧ ਰੱਖਣ ਵਾਲੇ ਚੈਪਲੇਨ ਹੁੰਦੇ ਹਨ।

    - ਚਰਚ ਆਫ਼ ਇੰਗਲੈਂਡ
    - ਰੋਮਨ ਕੈਥੋਲਿਕ, ਮੈਥੋਡਿਸਟ ਅਤੇ ਸੁਤੰਤਰ ਚਰਚ
    - ਮੁਸਲਿਮ
    - ਬੁੱਧ
    - ਯਹੂਦੀ
    - ਹਿੰਦੂ
    - ਸਿੱਖ

ਦੂਸਰੇ ਧਰਮਾਂ ਜਾਂ ਸੰਪਰਦਾਵਾਂ ਵਾਲੇ ਵਿਅਕਤੀ ਵੀ ਲੋੜ ਹੋਣ 'ਤੇ ਜੇਲ੍ਹ ਵਿੱਚ ਆ ਸਕਦੇ ਹਨ।

ਨੂੰ ਜੇਲ੍ਹਾਂ ਵਿੱਚ ਇੱਕ ਧਰਮ ਵਜੋਂ ਮਾਨਤਾ ਨਹੀਂ ਦਿੱਤੀ ਗਈ ਹੈ। ਪਰ ਜੇ ਤੁਸੀਂ ਇੱਕ ਹੋ ਤਾਂ ਚੈਪਲੇਨਸੀ ਟੀਮ ਤੁਹਾਡੀ ਮਦਦ ਕਰਨ ਦੀ ਕੋਸ਼ਿਸ਼ ਕਰੇਗੀ। ਤੁਹਾਨੂੰ ਸ਼ਾਕਾਹਾਰੀ ਜਾਂ ਭੋਜਨ ਖਾਣਾ ਪਵੇਗਾ ਅਤੇ ਆਪਣੀ ਲੋੜ ਦੀਆਂ ਹੋਰ ਚੀਜ਼ਾਂ ਜਿਵੇਂ ਕਿ ਕਿਤਾਬਾਂ ਲੈ ਸਕੋਗੇ।

## ਇਹ ਯਕੀਨੀ ਬਣਾਉਣਾ ਕਿ ਜੇਲ੍ਹ ਦਾ ਸਟਾਫ਼ ਤੁਹਾਡੇ ਧਰਮ ਬਾਰੇ ਜਾਣਦਾ ਹੈ।

- ਤੁਹਾਨੂੰ ਪਹਿਲੀ ਵਾਰੀ ਜੇਲ੍ਹ ਪਹੁੰਚਣ 'ਤੇ ਜੇਲ੍ਹ ਦੇ ਸਟਾਫ਼ ਨੂੰ ਜ਼ਰੂਰ ਦੱਸ ਦੇਣਾ ਚਾਹੀਦਾ ਹੈ ਕਿ ਤੁਸੀਂ ਕਿਸੇ ਧਰਮ ਦੀ ਪਾਲਣਾ ਕਰਨੀ ਚਾਹੁੰਦੇ ਹੋ। ਅਜਿਹਾ ਤਾਂ ਕਿ ਜੇਲ੍ਹ ਦਾ ਸਟਾਫ਼ ਯਕੀਨੀ ਬਣਾ ਸਕੇ ਕਿ ਤੁਹਾਡੇ ਕੋਲ ਆਪਣੇ ਧਰਮ ਦੀ ਪਾਲਣਾ ਕਰਨ ਲਈ ਲੋੜੀਂਦਾ ਸਮਾਨ ਹੋਵੇ।

- ਪਹਿਲੀ ਵਾਰੀ ਜੇਲ੍ਹ ਵਿੱਚ ਪਹੁੰਚਣ 'ਤੇ ਤੁਹਾਨੂੰ ਇਹ ਦੱਸਣ ਲਈ ਕਿਹਾ ਜਾਵੇਗਾ ਕਿ ਤੁਹਾਡਾ ਧਰਮ ਕੀ ਹੈ। ਤੁਸੀਂ ਜੇਲ੍ਹ ਦੇ ਸਟਾਫ਼ ਨੂੰ ਦੱਸ ਸਕਦੇ ਹੋ ਕਿ ਤੁਹਾਡਾ ਧਰਮ ਕੀ ਹੈ ਜਾਂ ਤੁਸੀਂ ਕਹਿ ਸਕਦੇ ਹੋ ਕਿ ਤੁਹਾਡਾ ਕੋਈ ਧਰਮ ਨਹੀਂ ਹੈ।

- ਇਸ ਨੂੰ ਤੁਹਾਡਾ ਧਰਮ ਦਰਜ ਕਰਨਾ ਕਿਹਾ ਜਾਂਦਾ ਹੈ।

### ਤੁਹਾਡੇ ਧਰਮ ਬਾਰੇ ਕੁਝ ਹੋਰ

- ਜੇ ਤੁਸੀਂ ਧਾਰਮਿਕ ਪ੍ਰਾਰਥਨਾਵਾਂ ਜਾਂ ਉਸ ਤੋਂ ਬਾਅਦ ਹੋਣ ਵਾਲੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣਾ ਚਾਹੁੰਦੇ ਹੋ ਤਾਂ ਤੁਸੀਂ ਉਸ ਧਰਮ ਸੰਬੰਧੀ ਪ੍ਰਾਰਥਨਾਵਾਂ 'ਤੇ ਜਾਓਗੇ ਜਿਸ ਵਜੋਂ ਤੁਸੀਂ ਆਪਣਾ ਨਾਮ ਦਰਜ ਕਰਵਾਇਆ ਸੀ।

- ਤੁਹਾਡੇ ਦੁਆਰਾ ਪਹਿਲੀ ਵਾਰੀ ਜੇਲ੍ਹ ਵਿੱਚ ਪਹੁੰਚਣ ਤੋਂ ਤੁਰੰਤ ਬਾਅਦ ਇੱਕ ਚੈਪਲੇਨ ਤੁਹਾਨੂੰ ਮਿਲਣ ਲਈ ਆਵੇਗਾ ਤਾਂ ਜੋ ਉਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਡੇ ਲਈ ਸਹੀ ਧਰਮ ਦਰਜ ਕੀਤਾ ਗਿਆ ਹੈ ਅਤੇ ਇਹ ਪਤਾ ਲਗਾਇਆ ਜਾ ਸਕੇ ਕਿ ਕੀ ਤੁਹਾਡੀਆਂ ਕੋਈ ਧਾਰਮਿਕ ਲੋੜਾਂ ਹਨ।

## ਜੇ ਤੁਸੀਂ ਆਪਣਾ ਧਰਮ ਬਦਲਣਾ ਚਾਹੁੰਦੇ ਹੋ

- ਤੁਸੀਂ ਉਸ ਧਰਮ, ਜੋ ਤੁਸੀਂ ਰਜਿਸਟਰ ਕਰਵਾਇਆ ਹੈ, ਨੂੰ ਬਦਲਕੇ ਦੂਸਰਾ ਧਰਮ ਅਪਨਾ ਸਕਦੇ ਹੋ।

- ਤੁਹਾਨੂੰ ਇਹ ਦੱਸਣ ਲਈ ਇੱਕ ਫ਼ਾਰਮ ਭਰਕੇ ਉਸ 'ਤੇ ਦਸਤਖਤ ਕਰਨੇ ਪੈਣਗੇ ਕਿ ਤੁਸੀਂ ਦੂਸਰੇ ਧਰਮ ਵੱਲ ਤਬਦੀਲ ਹੋਣਾ ਚਾਹੁੰਦੇ ਹੋ।

- ਚੈਪਲੇਨਸੀ ਟੀਮ ਤੁਹਾਨੂੰ, ਤੁਹਾਡੇ ਨਵੇਂ ਧਰਮ ਲਈ ਸਹੀ ਚੈਪਲੇਨ ਲੱਭਣ ਵਿੱਚ ਮਦਦ ਕਰੇਗੀ।

## ਜੇ ਤੁਸੀਂ ਆਪਣਾ ਧਰਮ ਬਦਲੇ ਬਿਨਾਂ ਕਿਸੇ ਦੂਸਰੇ ਧਰਮ ਦੇ ਚੈਪਲੇਨ ਨੂੰ ਮਿਲਣਾ ਚਾਹੁੰਦੇ ਹੋ।

ਤੁਸੀਂ ਅਜਿਹਾ ਕਰ ਸਕਦੇ ਹੋ ਜਿੰਨੀ ਦੇਰ ਤਕ

  - ਗਵਰਨਰ ਅਤੇ ਚੈਪਲੇਨ ਖ਼ੁਸ਼ ਹਨ ਕਿ ਤੁਸੀਂ ਸੱਚਮੁੱਚ ਹੀ ਕਿਸੇ ਦੂਸਰੇ ਧਰਮ ਬਾਰੇ ਵਧੇਰੇ ਜਾਣਨਾ ਜਾਂ ਇਸ ਦੀ ਪਾਲਣਾ ਕਰਨਾ ਚਾਹੁੰਦੇ ਹੋ।

  - ਗਵਰਨਰ ਅਤੇ ਚੈਪਲੇਨ ਸੋਚਦੇ ਹਨ ਕਿ ਤੁਸੀਂ ਅਜਿਹਾ ਕਿਸੇ ਠੋਸ ਕਾਰਨ ਕਰਕੇ ਕਰ ਰਹੇ ਹੋ, ਨਾ ਕਿ ਕੋਈ ਸਮੱਸਿਆਵਾਂ ਖੜੀਆਂ ਕਰਨ ਲਈ

## ਧਾਰਮਿਕ ਪ੍ਰਾਰਥਾਨਾਵਾਂ ਜਾਂ ਧਰਮ ਨਾਲ ਜੁੜੀਆਂ ਦੂਸਰੀਆਂ ਗਤੀਵਿਧੀਆਂ 'ਤੇ ਜਾਣਾ

- ਜੇਲ੍ਹ ਨੂੰ ਧਾਰਮਿਕ ਪ੍ਰਾਰਥਨਾਵਾਂ ਲਈ ਹਰ ਹਫ਼ਤੇ ਘੱਟੋ-ਘੱਟ 1 ਘੰਟੇ ਦਾ ਸਮਾਂ ਜ਼ਰੂਰ ਮੰਜ਼ੂਰ ਕਰਨਾ ਚਾਹੀਦਾ ਹੈ।

- ਚੈਪਲੇਨਸੀ ਟੀਮ ਤੁਹਾਨੂੰ ਧਾਰਮਿਕ ਪ੍ਰਾਰਥਨਾਵਾਂ, ਬੈਠਕਾਂ ਜਾਂ ਗਤੀਵਿਧੀਆਂ ਦੀਆਂ ਮਿਤੀਆਂ ਅਤੇ ਸਮੇਂ ਦੱਸੇਗੀ।

- ਤੁਸੀਂ ਉਸ ਧਰਮ ਦੀ ਮੁੱਖ ਪ੍ਰਾਰਥਨਾ 'ਤੇ ਜਾ ਸਕਦੇ ਹੋ ਜਿਸ ਵਜੋਂ ਤੁਸੀਂ ਆਪਣੇ ਆਪ ਨੂੰ ਦਰਜ ਕਰਵਾਇਆ ਹੈ।

- ਤੁਸੀਂ ਓਨੀ ਦੇਰ ਤਕ ਦੂਸਰੇ ਸਮੂਹਾਂ ਜਾਂ ਆਪਣੇ ਧਰਮ ਸੰਬੰਧੀ ਗਤੀਵਿਧੀਆਂ ਲਈ ਜਾ ਸਕਦੇ ਹੋ ਜਦੋਂ ਤਕ ਕਾਫੀ ਸਥਾਨ ਖਾਲੀ ਹੋਣ।

- ਤੁਸੀਂ ਤਾਂ ਵੀ ਕਿਸੇ ਧਾਰਮਿਕ ਪ੍ਰਾਰਥਨਾ 'ਤੇ ਜਾ ਸਕਦੇ ਹੋ ਜੇਕਰ ਤੁਸੀਂ ਜੇਲ੍ਹ ਨੂੰ ਦੱਸ ਦਿੱਤਾ ਹੋਵੇ ਕਿ ਤੁਹਾਡਾ ਕੋਈ ਧਰਮ ਨਹੀਂ ਹੈ।

- ਤੁਸੀਂ ਸ਼ਾਇਦ ਕਿਸੇ ਵੱਖਰੇ ਧਰਮ ਦੀਆਂ ਬੈਠਕਾਂ 'ਤੇ ਜਾ ਸਕਦੇ ਹੋ। ਇਸ ਬਾਰੇ ਪਹਿਲਾਂ ਆਪਣੇ ਚੈਪਲੇਨ ਨਾਲ ਗੱਲ ਕਰੋ।

- ਕਈ ਵਾਰੀ ਤੁਹਾਡੇ ਦੁਆਰਾ ਜੇਲ੍ਹ ਵਿੱਚ ਕੀਤੀਆਂ ਜਾਣ ਵਾਲੀਆਂ ਦੂਸਰੀਆਂ ਚੀਜ਼ਾਂ ਜਿਵੇਂ ਕਿ ਰੋਜ਼ਾਨਾ ਕਸਰਤ ਜਾਂ ਮੁਲਾਕਾਤਾਂ ਕਰਨਾ, ਉਸੇ ਹੀ ਸਮੇਂ 'ਤੇ ਹੁੰਦੀਆਂ ਹਨ ਜਿਵੇਂ ਕਿ ਤੁਹਾਡੇ ਧਰਮ ਨਾਲ ਸੰਬੰਧਿਤ ਜ਼ਰੂਰੀ ਚੀਜ਼ਾਂ। ਜੇਕਰ ਅਜਿਹਾ ਹੁੰਦਾ ਹੈ ਤਾਂ ਵੀ ਜੇਲ੍ਹ ਦਾ ਸਟਾਫ਼ ਤੁਹਾਨੂੰ, ਤੁਹਾਡੇ ਧਾਰਮਿਕ ਆਯੋਜਨ 'ਤੇ ਪਹੁੰਚਣ ਵਿੱਚ ਮਦਦ ਕਰ ਸਕਦਾ ਹੈ।

## ਚੈਪਲੇਨ ਤੁਹਾਡੇ ਲਈ ਕੀ ਕਰ ਸਕਦਾ ਹੈ

- ਚੈਪਲੇਨ ਤੁਹਾਨੂੰ ਜੇਲ੍ਹ ਤੋਂ ਬਾਹਰ ਦੀ ਦੁਨੀਆ ਦੇ ਸੰਪਰਕ ਵਿੱਚ ਰਹਿਣ ਵਿੱਚ ਮਦਦ ਕਰ ਸਕਦੇ ਹਨ। ਉਦਾਹਰਨ ਲਈ, ਉਹ ਤੁਹਾਡੇ ਘਰੇਲੂ ਚਰਚ, ਮਸੀਤ, ਮੰਦਿਰ ਜਾਂ ਕਮਿਉਨਿਟੀ ਵਿੱਚੋਂ ਕਿਸੇ ਧਾਰਮਿਕ ਵਿਅਕਤੀ ਦੁਆਰਾ ਜੇਲ੍ਹ ਵਿੱਚ ਤੁਹਾਡੇ ਲਈ ਮੁਲਾਕਾਤ ਕੀਤੇ ਜਾਣ ਦਾ ਪ੍ਰਬੰਧ ਕਰ ਸਕਦੇ ਹਨ।

- ਉਹ ਸ਼ਾਇਦ ਤੁਹਾਨੂੰ, ਆਪਣੇ ਪਰਿਵਾਰ ਦੇ ਸੰਪਰਕ ਵਿੱਚ ਰਹਿਣ ਵਿੱਚ ਵੀ ਮਦਦ ਕਰ ਸਕਦੇ ਹਨ। ਅਜਿਹਾ ਕਰਨ ਲਈ ਉਹ ਸ਼ਾਇਦ ਤੁਹਾਡੇ ਪਰਿਵਾਰ ਜਾਂ ਦੂਸਰੇ ਵਿਅਕਤੀਆਂ ਜਿਵੇਂ ਕਿ ਪ੍ਰੋਬੇਸ਼ਨ ਸੇਵਾ ਨਾਲ ਮਿਲਕੇ ਕੰਮ ਕਰ ਸਕਦੇ ਹਨ।

- ਜੇਕਰ ਤੁਸੀਂ ਕਿਸੇ ਦੂਸਰੇ ਦੇਸ਼ ਤੋਂ ਹੋ (ਇੱਕ ਵਿਦੇਸ਼ੀ ਨਾਗਰਿਕ ਕੈਦੀ), ਤਾਂ ਚੈਪਲੇਨ ਤੁਹਾਨੂੰ ਉਸ ਦੇਸ਼ ਵਿੱਚ ਆਪਣੇ ਪਰਿਵਾਰ ਦੇ ਸੰਪਰਕ ਵਿੱਚ ਬਣੇ ਰਹਿਣ ਵਿੱਚ ਮਦਦ ਕਰ ਸਕਦਾ ਹੈ।

## ਹੋਰ ਮਦਦ ਉਦਾਹਰਨ ਲਈ ਪੈਰੋਲ ਪ੍ਰਾਪਤ ਕਰਨ ਵਰਗੀਆਂ ਚੀਜ਼ਾਂ ਨਾਲ

- ਤੁਸੀਂ ਆਪਣੇ ਚੈਪਲੇਨ ਨੂੰ ਨਿਵੇਦਨ ਕਰ ਸਕਦੇ ਹੋ ਕਿ ਉਹ ਤੁਹਾਡੇ ਜੇਲ੍ਹ ਵਿੱਚ ਹੁੰਦੇ ਸਮੇਂ ਤੁਹਾਡੇ ਬਾਰੇ ਤਿਆਰ ਕੀਤੀਆਂ ਜਾਂਦੀਆਂ ਕਿਸੇ ਰਿਪੋਰਟਾਂ ਵਿੱਚ ਤੁਹਾਡੇ ਬਾਰੇ ਕੁਝ ਕਹਿ ਜਾਂ ਲਿਖ ਦੇਵੇ।

- ਜੇਲ੍ਹ ਦਾ ਸਟਾਫ਼ ਤੁਹਾਡੇ ਬਾਰੇ ਰਿਪੋਰਟਾਂ ਲਿਖੇਗਾ ਜਿਨ੍ਹਾਂ ਵਿੱਚ ਅਜਿਹੀਆਂ ਗੱਲਾਂ ਬਾਰੇ ਜਾਣਕਾਰੀ ਹੋਵੇਗੀ, ਜਿਵੇਂ ਕਿ ਤੁਹਾਡਾ ਵਿਵਹਾਰ ਅਤੇ ਤੁਹਾਡੇ ਦੁਆਰਾ ਕੀਤੀਆਂ ਗਈਆਂ ਗੱਲਾਂ ਜਿਵੇਂ ਕਿ ਕੰਮ ਜਾਂ ਸਿੱਖਿਆ। ਇਹਨਾਂ ਰਿਪੋਰਟਾਂ ਦਾ ਇਸਤੇਮਾਲ ਤੁਹਾਡੇ ਬਾਰੇ ਫ਼ੈਸਲੇ ਲੈਣ ਵਿੱਚ ਕੀਤਾ ਜਾਵੇਗਾ। ਉਦਾਹਰਨ ਲਈ, ਪੈਰੋਲ ਬੋਰਡ ਦੇ ਵਿਅਕਤੀ ਰਿਪੋਰਟਾਂ ਦੇਖਕੇ ਫ਼ੈਸਲਾ ਕਰੋਗੇ ਕਿ ਕੀ ਤੁਹਾਨੂੰ ਪੈਰੋਲ ਮਿਲ ਸਕਦੀ ਹੈ ਜਾਂ ਨਹੀਂ

# ਜੇਲ੍ਹ ਦੇ ਨਿਯਮ

ਮੁੱਖ ਗੱਲਾਂ

- ਜੇਲ੍ਹ ਦੇ ਨਿਯਮ ਹਰੇਕ ਜੇਲ੍ਹ 'ਤੇ ਲਾਗੂ ਹੁੰਦੇ ਹਨ ਪਰ ਗਵਰਨਰ ਦੇ ਸਥਾਨਕ ਨਿਯਮ ਹੋ ਸਕਦੇ ਹਨ।
- ਜਦੋਂ ਤੁਸੀਂ ਜੇਲ੍ਹ ਦੇ ਨਿਯਮਾਂ ਤੋਂ ਤੋੜਦੇ ਹੋ ਤਾਂ ਇਸ ਨੂੰ ਇੱਕ ਅਪਰਾਧ ਕਿਹਾ ਜਾਂਦਾ ਹੈ।
- ਅਪਰਾਧ ਲਈ ਤੁਹਾਨੂੰ ਦੋਸ਼ੀ ਠਹਿਰਾਇਆ ਜਾ ਸਕਦਾ ਹੈ ਅਤੇ ਸਜ਼ਾ ਦਿੱਤੀ ਜਾ ਸਕਦੀ ਹੈ।
- ਜੇਲ੍ਹ ਦੇ ਨਿਯਮ ਸੰਖਿਆ 51 ਅਤੇ ਨੌਜਵਾਨ ਅਪਰਾਧੀ ਸੰਸਥਾ ਦੇ ਨਿਯਮ ਸੰਖਿਆ 55 ਵਿੱਚ ਅਪਰਾਧਾਂ ਬਾਰੇ ਗੱਲ ਕੀਤੀ ਗਈ ਹੈ।
- ਜੇਲ੍ਹ ਦੇ ਨਿਯਮ ਸਮਝਣ ਵਿੱਚ ਮੁਸ਼ਕਲ ਹੋ ਸਕਦੇ ਹਨ। ਤੁਸੀਂ ਉਹਨਾਂ ਨੂੰ ਇੱਕ ਪੁਸਤਕ ਵਿੱਚ ਦੇਖਣ ਦੇ ਚਾਹਵਾਨ ਹੋ ਸਕਦੇ ਹੋ ਜਿਸਨੂੰ ਜੇਲ੍ਹ ਅਨੁਸ਼ਾਸਨ ਮੈਨੂਅਲ ਕਿਹਾ ਜਾਂਦਾ ਹੈ। ਇਸਨੂੰ **ਜੇਲ ਸਰਵਿਸ ਆਰਡਰ 2000** ਵੀ ਕਿਹਾ ਜਾਂਦਾ ਹੈ। ਹਰੇਕ ਵਿੰਗ ਅਤੇ ਲਾਇਬ੍ਰੇਰੀ ਵਿੱਚ ਇਸਦੀ ਇੱਕ ਕਾਪੀ ਹੋਣੀ ਚਾਹੀਦੀ ਹੈ।

## ਜੇਕਰ ਤੁਸੀਂ ਅਗਲੇ ਪੰਨੇ 'ਤੇ ਦੱਸੇ ਗਏ ਕੰਮਾਂ ਵਿੱਚੋਂ ਕੋਈ ਕੰਮ ਕਰਦੇ ਹੋ, ਤਾਂ ਇਸਦਾ ਅਰਥ ਹੁੰਦਾ ਹੈ ਕਿ ਤੁਸੀਂ ਜੇਲ੍ਹ ਦੇ ਨਿਯਮ ਤੋੜੇ ਹਨ ਅਤੇ ਇੱਕ ਅਪਰਾਧ ਕੀਤਾ ਹੈ।

### ਅਜਿਹੇ ਢੰਗ ਵਿੱਚ ਵਿਵਹਾਰ ਕਰਨਾ ਜੋ ਕਿਸੇ ਦੂਸਰੇ ਵਿਅਕਤੀ ਨੂੰ ਨਰਾਜ਼ ਕਰ ਸਕਦਾ ਹੈ, ਡਰਾ ਸਕਦਾ ਹੈ ਜਾਂ ਠੇਸ ਪਹੁੰਚਾ ਸਕਦਾ ਹੈ।

- ਜੇ ਤੁਸੀਂ ਕਿਸੇ ਵਿਅਕਤੀ ਨੂੰ ਨਰਾਜ਼ ਕਰਦੇ ਜਾਂ ਠੋਕਰ ਮਾਰਦੇ ਹੋ ਜਾਂ ਕਿਸੇ ਨਾਲ ਲੜਾਈ ਝਗੜਾ ਕਰਦੇ ਹੋ।
- ਜੇਕਰ ਤੁਸੀਂ ਕਿਸੇ ਵਿਅਕਤੀ ਨੂੰ ਉਸਦੀ ਨਸਲ ਦੇ ਕਾਰਨ ਨਰਾਜ਼ ਕਰਦੇ ਜਾਂ ਠੋਕਰ ਮਾਰਦੇ ਹੋ (ਨਸਲ ਵਿੱਚ ਅਜਿਹੀਆਂ ਚੀਜ਼ਾਂ ਆ ਜਾਂਦੀਆਂ ਹਨ ਜਿਵੇਂ ਕਿ ਕਿਸੇ ਵਿਅਕਤੀ ਦੀ ਚਮੜੀ ਦਾ ਰੰਗ ਅਤੇ ਉਸਦਾ ਪਿਛੋਕੜ ਜਾਂ ਸੰਸਕ੍ਰਿਤੀ)।
- ਜੇਕਰ ਤੁਸੀਂ ਕੁਝ ਅਜਿਹਾ ਕਹਿੰਦੇ ਜਾਂ ਕੁਝ ਅਜਿਹਾ ਕਰਦੇ ਹੋ ਜੋ ਕਿ ਕਿਸੇ ਦੂਸਰੇ ਵਿਅਕਤੀ ਨੂੰ ਪਰੇਸਾਨ ਕਰ ਸਕਦਾ ਹੈ, ਧਮਕਾ ਸਕਦਾ ਹੈ ਜਾਂ ਡਰਾ ਸਕਦਾ ਹੈ। ਅਤੇ ਜੇਕਰ ਤੁਸੀਂ ਕਿਸੇ ਦੀ ਨਸਲ ਕਰਕੇ ਅਜਿਹਾ ਕਰਦੇ ਹੋ।
- ਜੇਕਰ ਤੁਸੀਂ ਕਿਸੇ ਨੂੰ ਦੂਸਰੇ ਵਿਅਕਤੀਆਂ ਤੋਂ ਦੂਰ ਰੱਖਦੇ ਹੋ, ਜੇਕਰ ਉਹ ਅਜਿਹਾ ਨਹੀਂ ਚਾਹੁੰਦੇ। ਉਦਾਹਰਨ ਲਈ ਜੇ ਤੁਸੀਂ ਉਹਨਾਂ ਨੂੰ ਕਿਸੇ ਥਾਂ 'ਤੇ ਡੱਕ ਦਿੰਦੇ ਹੋ।
- ਜੇਕਰ ਤੁਸੀਂ ਕਿਸੇ ਅਜਿਹੇ ਢੰਗ ਨਾਲ ਵਿਵਹਾਰ ਕਰਦੇ ਹੋ ਜੋ ਕਿਸੇ ਦੂਸਰੇ ਵਿਅਕਤੀ ਨੂੰ ਖ਼ਤਰੇ ਵਿੱਚ ਪਾ ਸਕਦਾ ਹੈ ਜਾਂ ਉਸਦੀ ਸਿਹਤ ਨੂੰ ਨੁਕਸਾਨ ਪਹੁੰਚਾ ਸਕਦਾ ਹੈ।
- ਜੇਕਰ ਤੁਸੀਂ ਜੇਲ੍ਹ ਜਾਂ ਛੋਟੀ ਉਮਰ ਦੇ ਅਪਰਾਧੀਆਂ ਲਈ ਬਣਾਈ ਗਈ ਸੰਸਥਾ ਵਿੱਚ ਕੰਮ ਕਰਨ ਜਾਂ ਉੱਥੇ ਮੁਲਾਕਾਤ ਲਈ ਆਉਣ ਵਾਲੇ ਕਿਸੇ ਵਿਅਕਤੀ ਨਾਲ ਰੁੱਖਾ ਵਿਵਹਾਰ ਕਰਦੇ ਹੋ।

## ਜੇਲ੍ਹ ਦੇ ਸਟਾਫ਼ ਨੂੰ ਉਹਨਾਂ ਦੇ ਕੰਮ ਕਰਨ ਤੋਂ ਰੋਕਣਾ

- ਜੇਕਰ ਤੁਸੀਂ ਜੇਲ੍ਹ ਵਿੱਚ ਕੰਮ ਕਰਨ ਵਾਲੇ ਵਿਅਕਤੀ ਨੂੰ ਜੇਲ੍ਹ ਵਿੱਚ ਉੱਥੇ ਜਾਣ ਤੋਂ ਰੋਕਦੇ ਹੋ ਜਿੱਥੇ ਜਾਣ ਦੀ ਉਸਨੂੰ ਲੋੜ ਹੈ। ਉਦਾਹਰਨ ਲਈ ਕਿਸੇ ਨੂੰ ਆਪਣੇ ਕਮਰੇ ਵਿੱਚ ਆਉਣ ਤੋਂ ਰੋਕਣ ਲਈ ਇੱਕ ਬੈਰੀਕੇਡ ਬਣਾਉਣਾ।
- ਜੇਕਰ ਤੁਸੀਂ ਜੇਲ੍ਹ ਵਿੱਚ ਕੰਮ ਕਰਨ ਵਾਲੇ ਕਿਸੇ ਵਿਅਕਤੀ ਨੂੰ ਉਸਦਾ ਕੰਮ ਕਰਨ ਤੋਂ ਰੋਕਦੇ ਹੋ।

## ਜੇਲ੍ਹ ਤੋਂ ਭੱਜਣਾ

- ਜੇ ਤੁਸੀਂ ਜੇਲ੍ਹ ਜਾਂ ਹਿਰਾਸਤ ਵਿੱਚੋਂ ਭੱਜ ਜਾਂਦੇ ਹੋ। ਉਦਾਹਰਨ ਲਈ, ਜੇ ਤੁਸੀਂ ਕਿਸੇ ਐਸਕਾਰਟ ਵਿੱਚੋਂ ਭੱਜ ਨਿਕਲਦੇ ਹੋ।
- ਜੇਕਰ ਤੁਸੀਂ ਵਾਪਸ ਨਹੀਂ ਆਉਂਦੇ ਜਦੋਂ ਤੁਹਾਨੂੰ ਇੱਕ ਛੋਟੇ ਜਿਹੇ ਸਮੇਂ ਲਈ ਜੇਲ੍ਹ ਤੋਂ ਬਾਹਰ ਰਹਿਣ ਦੀ ਆਗਿਆ ਦਿੱਤੀ ਜਾਂਦੀ ਹੈ। ਇਸਨੂੰ ਫਰਾਰ ਹੋਣਾ ਕਿਹਾ ਜਾਂਦਾ ਹੈ।

## ਨਸ਼ੇ ਅਤੇ ਸ਼ਰਾਬ

- ਜੇਕਰ ਤੁਹਾਨੂੰ ਆਪਣੇ ਮੂਤਰ ਦੀ ਜਾਂਚ ਕਰਵਾਉਣ ਦਾ ਹੁਕਮ ਦਿੱਤਾ ਜਾਂਦਾ ਹੈ ਅਤੇ ਇਹ ਦਿਖਾਉਂਦੀ ਹੈ ਕਿ ਤੁਸੀਂ ਕੋਈ ਅਜਿਹੀ ਨਸ਼ੀਲੀ ਦਵਾਈ ਲਈ ਹੈ ਜਿਸਨੂੰ ਲੈਣ ਦੀ ਤੁਹਾਨੂੰ ਆਗਿਆ ਨਹੀਂ ਹੈ, ਭਾਵੇਂ ਤੁਸੀਂ ਇਸ ਨੂੰ ਉਸ ਸਮੇਂ ਲਿਆ ਸੀ ਜਦੋਂ ਤੁਸੀਂ ਇੱਕ ਛੋਟੇ ਜਿਹੇ ਸਮੇਂ ਲਈ ਜੇਲ੍ਹ ਤੋਂ ਬਾਹਰ ਗਏ ਸੀ।
- ਜੇਕਰ ਤੁਸੀਂ ਸ਼ਰਾਬ ਪੀਣ ਦਾ ਫ਼ੈਸਲਾ ਕਰਦੇ ਹੋ ਜਾਂ ਸ਼ਰਾਬ ਪੀਣ ਤੋਂ ਬਾਅਦ ਨਸ਼ੇ ਵਿੱਚ ਪਾਏ ਜਾਂਦੇ ਹੋ।

## ਜੇਲ੍ਹ ਨੂੰ ਜਾਂ ਛੋਟੇ ਅਪਰਾਧੀਆਂ ਲਈ ਬਣਾਈ ਗਈ ਸੰਸਥਾ ਨੂੰ ਨੁਕਸਾਨ ਪਹੁੰਚਾਉਣਾ

- ਜੇ ਤੁਸੀਂ ਇਮਾਰਤ ਦੇ ਕਿਸੇ ਹਿੱਸੇ ਜਾਂ ਇਸ ਵਿੱਚ ਪਈ ਕਿਸੇ ਚੀਜ਼ ਨੂੰ ਅੱਗ ਲਗਾ ਦਿੰਦੇ ਹੋ।
- ਜੇਕਰ ਤੁਸੀਂ ਇਮਾਰਤ ਦੇ ਕਿਸੇ ਹਿੱਸੇ ਜਾਂ ਇਸ ਵਿੱਚ ਪਈ ਕਿਸੇ ਚੀਜ਼ ਨੂੰ ਜੋ ਤੁਹਾਡੀ ਨਹੀਂ ਹੈ, ਨੁਕਸਾਨ ਪਹੁੰਚਾਉਂਦੇ ਜਾਂ ਨਸ਼ਟ ਕਰ ਦਿੰਦੇ ਹੋ।
- ਜੇਕਰ ਤੁਸੀਂ ਦੀਵਾਰਾਂ 'ਤੇ ਕੋਈ ਅਜਿਹੀ ਚੀਜ਼ ਲਗਾ ਦਿੰਦੇ ਹੋ, ਜਾਂ ਕੁਝ ਅਜਿਹਾ ਲਿਖ ਜਾਂ ਚਿੱਤ੍ਰਿਤ ਕਰ ਦਿੰਦੇ ਹੋ ਜੋ ਕਿ ਕਿਸੇ ਨੂੰ ਪਰੇਸ਼ਾਨ ਕਰ ਸਕਦਾ ਹੈ, ਧਮਕਾ ਸਕਦਾ ਹੈ ਜਾਂ ਡਰਾ ਸਕਦਾ ਹੈ।
- ਜਾਂ ਜੇਕਰ ਤੁਸੀਂ ਇਹ ਸਭ ਕਿਸੇ ਵਿਅਕਤੀ ਦੀ ਨਸਲ ਦੇ ਕਾਰਨ ਕਰਦੇ ਹੋ।

## ਉਹ ਚੀਜ਼ਾਂ ਜੋ ਤੁਸੀਂ ਆਪਣੇ ਕੋਲ ਰੱਖ ਸਕਦੇ ਹੋ ਅਤੇ ਨਹੀਂ ਰੱਖ ਸਕਦੇ

- ਜੇਕਰ ਤੁਹਾਡੇ ਕੋਲ ਕੋਈ ਅਜਿਹੀ ਚੀਜ਼ ਹੈ ਜੋ ਤੁਹਾਡੇ ਕੋਲ ਨਹੀਂ ਹੋਣੀ ਚਾਹੀਦੀ। ਉਦਾਹਰਨ ਲਈ, ਇੱਕ ਮੋਬਾਈਲ ਫ਼ੋਨ, ਇੱਕ ਚਾਕੂ ਜਾਂ ਨਸ਼ੀਲੇ ਪਦਾਰਥ
- ਜੇਕਰ ਤੁਹਾਡੇ ਕੋਲ ਕੋਈ ਵਿਸ਼ੇਸ਼ ਚੀਜ਼ ਉਸ ਮਾਤਰਾ ਤੋਂ ਵੱਧ ਹੈ ਜਿੰਨੀ ਰੱਖਣ ਦੀ ਤੁਹਾਨੂੰ ਆਗਿਆ ਹੈ।
- ਜੇਕਰ ਤੁਸੀਂ ਤੁਹਾਨੂੰ ਮਿਲਣ ਆਉਣ ਵਾਲੇ ਕਿਸੇ ਵਿਅਕਤੀ ਨੂੰ ਕੋਈ ਅਜਿਹੀ ਚੀਜ਼ ਸਵੀਕਾਰ ਕਰ ਲੈਂਦੇ ਹੋ ਜਿਸਨੂੰ ਜੇਲ੍ਹ ਵਿੱਚ ਰੱਖਣ ਦੀ ਤੁਹਾਨੂੰ ਆਗਿਆ ਨਹੀਂ ਹੈ। ਉਦਾਹਰਨ ਲਈ, ਨਸ਼ੀਲੇ ਪਦਾਰਥ।
- ਜੇਕਰ ਤੁਸੀਂ ਕਿਸੇ ਵਿਅਕਤੀ ਨੂੰ ਕੋਈ ਅਜਿਹੀ ਚੀਜ਼ ਵੇਚਦੇ ਜਾਂ ਦਿੰਦੇ ਹੋ ਜਿਸਨੂੰ ਰੱਖਣ ਦੀ ਤੁਹਾਨੂੰ ਆਗਿਆ ਨਹੀਂ ਹੈ।
- ਜੇਕਰ ਤੁਸੀਂ ਕਿਸੇ ਵਿਅਕਤੀ ਨੂੰ ਕੋਈ ਅਜਿਹੀ ਚੀਜ਼ ਵੇਚਦੇ ਜਾਂ ਦਿੰਦੇ ਹੋ ਜੋ ਸਿਰਫ਼ ਤੁਹਾਡੇ ਕੋਲ ਹੋ ਸਕਦੀ ਹੈ।
- ਜੇਕਰ ਤੁਸੀਂ ਕਿਸੇ ਦੂਸਰੇ ਵਿਅਕਤੀ ਤੋਂ ਜਾਂ ਜੇਲ੍ਹ ਤੋਂ ਕੋਈ ਅਜਿਹੀ ਚੀਜ਼ ਲੈਂਦੇ ਜਾਂ ਚੁਰਾਉਂਦੇ ਹੋ ਜੋ ਤੁਹਾਡੀ ਨਹੀਂ ਹੈ।

## ਜੇਲ੍ਹ ਵਿੱਚ ਕਿਸੇ ਅਜਿਹੇ ਸਥਾਨ 'ਤੇ ਹੋਣਾ ਜਿੱਥੇ ਤੁਹਾਨੂੰ ਨਹੀਂ ਹੋਣਾ ਚਾਹੀਦਾ

- ਜੇਕਰ ਤੁਸੀਂ ਉਹ ਸਥਾਨ ਛੱਡ ਦਿੰਦੇ ਹੋ ਜਿੱਥੇ ਤੁਹਾਨੂੰ ਹੋਣਾ ਚਾਹੀਦਾ ਹੈ।
- ਜੇਕਰ ਤੁਸੀਂ ਕਿਸੇ ਅਜਿਹੇ ਸਥਾਨ 'ਤੇ ਚਲੇ ਜਾਂਦੇ ਹੋ ਜਿੱਥੇ ਤੁਹਾਨੂੰ ਨਹੀਂ ਜਾਣਾ ਚਾਹੀਦਾ

## ਉਹ ਕੰਮ ਨਾ ਕਰਨਾ ਜੋ ਜੇਲ੍ਹ ਦਾ ਸਟਾਫ਼ ਤੁਹਾਨੂੰ ਕਰਨ ਲਈ ਕਹਿੰਦਾ ਹੈ।

- ਜੇਕਰ ਤੁਹਾਨੂੰ ਕੰਮ ਕਰਨ ਲਈ ਕਿਹਾ ਜਾਂਦਾ ਹੈ ਅਤੇ ਤੁਸੀਂ ਇਸਨੂੰ ਠੀਕ ਤਰ੍ਹਾਂ ਨਾਲ ਜਾਂ ਬਿਲਕੁਲ ਹੀ ਨਹੀਂ ਕਰਦੇ।
- ਜੇਕਰ ਤੁਸੀਂ ਕਿਸੇ ਅਜਿਹੇ ਹੁਕਮ ਜਾਂ ਨਿਯਮ ਦੀ ਪਾਲਣਾ ਨਹੀਂ ਕਰਦੇ ਜਿਸਦੀ ਪਾਲਣਾ ਤੁਹਾਨੂੰ ਕਰਨੀ ਚਾਹੀਦੀ ਹੈ।
- ਜੇਕਰ ਤੁਸੀਂ ਜੇਲ੍ਹ ਦੇ ਕੋਈ ਨਿਯਮ ਤੋੜਦੇ ਹੋ ਜਾਂ ਅਜਿਹਾ ਕਰਨ ਵਿੱਚ ਕਿਸੇ ਹੋਰ ਦੀ ਮਦਦ ਕਰਨ ਦੀ ਕੋਸ਼ਿਸ਼ ਕਰਦੇ ਹੋ।

## ਉਸ ਸਮੇਂ ਨਿਯਮ ਤੋੜਨਾ ਜਦੋਂ ਤੁਸੀਂ ਇੱਕ ਛੋਟੇ ਜਿਹੇ ਸਮੇਂ ਲਈ ਜੇਲ੍ਹ ਤੋਂ ਬਾਹਰ ਜਾਂਦੇ ਹੋ

- ਜੇ ਤੁਸੀਂ ਉਸ ਸਮੇਂ ਨਿਯਮ ਤੋੜਦੇ ਹੋ ਜਦੋਂ ਤੁਹਾਨੂੰ ਇੱਕ ਛੋਟੇ ਜਿਹੇ ਸਮੇਂ ਲਈ ਜੇਲ੍ਹ ਤੋਂ ਬਾਹਰ ਆਉਣ ਦੀ ਆਗਿਆ ਦਿੱਤੀ ਜਾਂਦੀ ਹੈ। ਇਸਦਾ ਸੰਬੰਧ ਜੇਲ੍ਹ ਦੀ ਨਿਯਮ ਸੰਖਿਆ 9 ਜਾਂ ਛੋਟੇ ਅਪਰਾਧੀਆਂ ਲਈ ਸੰਸਥਾ ਦੀ ਨਿਯਮ ਸੰਖਿਆ 5 ਨਾਲ ਹੈ।

## ਜੇਲ੍ਹ ਦੇ ਨਿਯਮ ਤੋੜਣਾ

ਜਦੋਂ ਤੁਸੀਂ ਜੇਲ੍ਹ ਦੇ ਨਿਯਮ ਤੋੜਦੇ ਹੋ ਤਾਂ ਇਸਨੂੰ ਇੱਕ ਅਪਰਾਧ ਕਿਹਾ ਜਾਂਦਾ ਹੈ

## ਜੇ ਤੁਸੀਂ ਕੋਈ ਅਪਰਾਧ ਕਰਦੇ ਹੋ ਤਾਂ ਕੀ ਹੁੰਦਾ ਹੈ?

**1.** ਇੱਕ ਜੇਲ੍ਹ ਅਧਿਕਾਰੀ ਤੁਹਾਨੂੰ ਤੁਰੰਤ (ਜਾਂ **48** ਘੰਟਿਆਂ ਅੰਦਰ) ਦੱਸ ਦੇਵੇਗਾ ਜੇਕਰ ਉਸਦੇ ਵਿਚਾਰ ਵਿੱਚ ਤੁਸੀਂ ਕੋਈ ਅਪਰਾਧ ਕੀਤਾ ਹੈ ਅਤੇ ਇਹ ਅਪਰਾਧ ਕੀ ਹੈ। ਉਹ ਤੁਹਾਨੂੰ ਅਪਰਾਧ ਬਾਰੇ ਦੱਸਦਾ ਹੋਇਆ ਇੱਕ ਫ਼ਾਰਮ ਦੇਵੇਗਾ।

**2.** ਤੁਹਾਨੂੰ ਇੱਕ ਸੁਣਵਾਈ 'ਤੇ ਜਾਣਾ ਪਵੇਗਾ (ਇਸਨੂੰ ਨਿਰਨਾ ਵੀ ਕਿਹਾ ਜਾਂਦਾ ਹੈ) । ਇੱਥੇ ਹੀ ਤੁਸੀਂ ਅਤੇ ਜੇਲ੍ਹ ਦਾ ਸਟਾਫ਼ ਅਪਰਾਧ ਬਾਰੇ ਗੱਲਬਾਤ ਕਰਦੇ ਹੋ ਅਤੇ ਤੁਹਾਡੇ ਵਿਚਾਰ ਅਨੁਸਾਰ ਕੀ ਵਾਪਰਿਆ ਹੈ। ਸੁਣਵਾਈ ਜਾਂ ਤਾਂ ਗਵਰਨਰ ਦੁਆਰਾ ਜਾਂ ਫਿਰ ਜੇਲ੍ਹ ਤੋਂ ਬਾਹਰ ਦੇ ਕਿਸੇ ਸੁਤੰਤਰ ਨਿਰਨਾ-ਕਰਤਾ ਦੁਆਰਾ ਚਲਾਈ ਜਾਵੇਗੀ।

**3.** ਸੁਣਵਾਈ ਤੇ, ਤੁਸੀਂ ਦੱਸਣਾ ਹੁੰਦਾ ਹੈ ਕਿ ਕੀ ਤੁਸੀਂ ਅਪਰਾਧ ਕਰਨ ਦੇ ਦੋਸ਼ੀ ਹੋ ਜਾਂ ਨਹੀਂ।

**4.** ਗਵਰਨਰ ਜਾਂ ਸੁਤੰਤਰ ਨਿਰਨਾ-ਕਰਤਾ ਫ਼ੈਸਲਾ ਕਰੇਗਾ ਕਿ ਕੀ ਤੁਸੀਂ ਅਪਰਾਧ ਕਰਨ ਦੇ ਦੋਸ਼ੀ ਹੋ ਜਾਂ ਨਹੀਂ ਹੋ। ਉਹ ਅਜਿਹਾ ਤੁਹਾਨੂੰ ਅਤੇ ਦੂਸਰੇ ਵਿਅਕਤੀਆਂ ਨੂੰ ਸੁਣਨ ਤੋਂ ਬਾਅਦ ਕਰਨਗੇ ਜੋ ਜਾਣਦੇ ਹਨ ਕਿ ਕੀ ਹੋਇਆ ਸੀ।

**5**. ਜੇਕਰ ਤੁਸੀਂ ਦੋਸ਼ੀ ਪਾਏ ਜਾਂਦੇ ਹੋ, ਤਾਂ ਤੁਹਾਨੂੰ ਇੱਕ ਸਜ਼ਾ ਦਿੱਤੀ ਜਾਵੇਗੀ। ਸਜ਼ਾਵਾਂ ਦੀ ਇੱਕ ਸੂਚੀ ਪੰਨਾ 87 'ਤੇ ਦਿੱਤੀ ਗਈ ਹੈ। ਜੇਕਰ ਤੁਸੀਂ ਦੋਸ਼ੀ ਨਹੀਂ ਪਾਏ ਜਾਂਦੇ ਹੋ, ਤਾਂ ਹੋਰ ਕੁਝ ਨਹੀਂ ਹੋਵੇਗਾ।

## ਸਜ਼ਾਵਾਂ

### ਮੁੱਖ ਗੱਲਾਂ

- ✓ ਉਹ ਸਜ਼ਾਵਾਂ ਜੋ ਤੁਹਾਨੂੰ ਮਿਲ ਸਕਦੀਆਂ ਹਨ, ਬਾਰੇ **ਜੇਲ੍ਹ ਨਿਯਮ 55 ਅਤੇ 55ੲ ਅਤੇ ਛੋਟੀ ਉਮਰ ਦੇ ਅਪਰਾਧੀਆਂ ਸੰਬੰਧੀ** ਨਿਯਮ 60 ਅਤੇ 60ੲ ਵਿੱਚ ਗੱਲ ਕੀਤੀ ਗਈ ਹੈ।

- ✓ ਤੁਹਾਨੂੰ ਮਿਲਣ ਵਾਲੀ ਸਜ਼ਾ ਤੁਹਾਡੇ ਅਪਰਾਧ ਦੀ ਗੰਭੀਰਤਾ 'ਤੇ ਨਿਰਭਰ ਕਰਦੀ ਹੈ।

- ✓ ਜੇਲ੍ਹ, ਪੁਲੀਸ ਨੂੰ ਸ਼ਾਮਲ ਕਰ ਸਕਦੀ ਹੈ ਜੇਕਰ ਉਹ ਸੋਚਦੀ ਹੈ ਕਿ ਅਪਰਾਧ ਗੰਭੀਰ ਹੈ।

- ✓ ਜੇਕਰ ਤੁਸੀਂ ਇੱਕ ਤੋਂ ਜ਼ਿਆਦਾ ਅਪਰਾਧ ਕਰਦੇ ਹੋ ਤਾਂ ਤੁਹਾਨੂੰ ਹਰੇਕ ਅਪਰਾਧ ਲਈ ਵੱਖਰੀ ਸਜ਼ਾ ਦਿੱਤੀ ਜਾ ਸਕਦੀ ਹੈ। ਪਹਿਲਾਂ ਇੱਕ ਅਤੇ ਫੇਰ ਦੂਜੀ ਸਜ਼ਾ ਚੱਲ ਸਕਦੀ ਹੈ।

- ✓ ਜੇਕਰ ਅਪਰਾਧ ਕਾਫੀ ਗੰਭੀਰ ਹੈ ਤਾਂ ਤੁਹਾਨੂੰ ਸ਼ਾਇਦ ਜੇਲ੍ਹ ਵਿੱਚ ਵਾਧੂ ਦਿਨ ਬਿਤਾਉਣੇ ਪੈ ਸਕਦੇ ਹਨ।

- ✓ ਪਰ ਜੇਕਰ ਤੁਹਾਨੂੰ ਵਾਧੂ ਦਿਨ ਦਿੱਤੇ ਜਾਂਦੇ ਹਨ, ਤਾਂ ਤੁਹਾਨੂੰ ਹਰੇਕ ਅਪਰਾਧ ਲਈ ਦਿੱਤੇ ਜਾਣ ਵਾਲੇ ਵਾਧੂ ਦਿਨ 42 ਤੋਂ ਜ਼ਿਆਦਾ ਹਰਗਿਜ਼ ਨਹੀਂ ਹੋਣੇ ਚਾਹੀਦੇ।

- ✓ ਚਿਤਾਵਨੀ ਨੂੰ ਛੱਡ ਕੇ ਕੋਈ ਵੀ ਸਜ਼ਾ 6 ਮਹੀਨਿਆਂ ਤਕ ਦੇ ਸਮੇਂ ਲਈ ਨਿਲੰਬਿਤ ਕੀਤੀ ਜਾ ਸਕਦੀ ਹੈ। ਇਸ ਦਾ ਅਰਥ ਹੈ ਕਿ ਜੇਕਰ ਉਸ ਸਮੇਂ ਦੌਰਾਨ ਤੁਸੀਂ ਕੋਈ ਦੂਸਰਾ ਅਪਰਾਧ ਕਰ ਦਿੰਦੇ ਹੋ ਤਾਂ ਤੁਹਾਡੀ ਸਜ਼ਾ ਸ਼ਾਇਦ ਸ਼ੁਰੂ ਹੋ ਸਕਦੀ ਹੈ।

- ✓ ਇੱਕ ਗਵਰਨਰ ਤੁਹਾਨੂੰ ਵਾਧੂ ਦਿਨਾਂ ਤੋਂ ਇਲਾਵਾ ਕੋਈ ਹੋਰ ਸਜ਼ਾ ਵੀ ਦੇ ਸਕਦਾ ਹੈ।

- ✓ ਇੱਕ ਸੁਤੰਤਰ (ਇੱਕ ਜ਼ਿਲ੍ਹਾ ਜੱਜ) ਇੱਕੋ ਇੱਕ ਵਿਅਕਤੀ ਹੁੰਦਾ ਹੈ ਜੋ ਤੁਹਾਨੂੰ ਵਾਧੂ ਦਿਨਾਂ ਦੇ ਨਾਲ ਨਾਲ ਕੋਈ ਵੀ ਦੂਸਰੀਆਂ ਸਜ਼ਾਵਾਂ ਦੇ ਸਕਦਾ ਹੈ।

**ਇੱਥੇ ਸਜ਼ਾਵਾਂ ਦੀ ਇੱਕ ਸੂਚੀ ਦਿੱਤੀ ਜਾ ਰਹੀ ਹੈ ਜੋ ਤੁਹਾਨੂੰ ਕੋਈ ਅਪਰਾਧ ਕਰਨ 'ਤੇ ਮਿਲ ਸਕਦੀਆਂ ਹਨ।**

- ਤੁਹਾਨੂੰ ਇੱਕ ਚਿਤਾਵਨੀ ਦਿੱਤੀ ਜਾ ਸਕਦੀ ਹੈ

- ਤੁਹਾਡੇ ਵਿਸ਼ੇਸ਼ ਅਧਿਕਾਰ (ਜਿਵੇਂ ਕਿ ਆਪਣੇ ਕਮਰੇ ਵਿੱਚ ਇੱਕ ਟੀ ਵੀ ਰੱਖਣਾ) 42 ਦਿਨਾਂ ਤਕ ਦੇ ਸਮੇਂ ਲਈ ਤੁਹਾਡੇ ਤੋਂ ਵਾਪਸ ਲਏ ਜਾ ਸਕਦੇ ਹਨ। ਜਾਂ ਨੌਜਵਾਨ ਅਪਰਾਧੀਆਂ ਦੇ ਮਾਮਲੇ ਵਿੱਚ 21 ਦਿਨਾਂ ਤਕ ਦੇ ਸਮੇਂ ਲਈ

- ਤੁਹਾਡੇ ਦੁਆਰਾ ਕਮਾਇਆ ਗਿਆ 84 ਦਿਨਾਂ ਤਕ ਦਾ ਕੋਈ ਧਨ ਕੋਈ ਧਨ ਰੋਕਿਆ ਜਾ ਸਕਦਾ ਹੈ। ਜਾਂ ਨੌਜਵਾਨ ਅਪਰਾਧੀਆਂ ਦੇ ਮਾਮਲੇ ਵਿੱਚ 42 ਦਿਨਾਂ ਤਕ ਦਾ ਪਰ ਤੁਹਾਡੇ ਆਪਣੇ ਪਰਿਵਾਰ ਦੇ ਸੰਪਰਕ ਵਿੱਚ ਰਹਿਣ ਲਈ ਡਾਕ ਟਿਕਟਾਂ ਖ਼ਰੀਦਣ ਅਤੇ ਫ਼ੋਨ ਕਾਲਾਂ ਕਰਨ ਲਈ ਕਾਫੀ ਪੈਸੇ ਮਿਲ ਜਾਣਗੇ।

- ਤੁਹਾਨੂੰ ਇੱਕਲਿਆਂ ਨੂੰ 35 ਦਿਨਾਂ ਤਕ ਦੇ ਸਮੇਂ ਲਈ ਦੂਸਰੇ ਕੈਦੀਆਂ ਤੋਂ ਦੂਰ ਕਿਸੇ ਕਮਰੇ ਵਿੱਚ ਬੰਦ ਰੱਖਿਆ ਜਾ ਸਕਦਾ ਹੈ। ਜਾਂ ਫਿਰ 18 ਸਾਲ ਤੋਂ ਘੱਟ ਉਮਰ ਦੇ ਨੌਜਵਾਨ ਅਪਰਾਧੀ ਦੇ ਮਾਮਲੇ ਵਿੱਚ 16 ਦਿਨਾਂ ਤੱਕ ਦੇ ਸਮੇਂ ਲਈ ਬੰਦ ਰੱਖਿਆ ਜਾ ਸਕਦਾ ਹੈ। ਇਸ ਨੂੰ ਕਮਰੇ ਵਿੱਚ ਕੋਠੜੀ ਵਿੱਚ ਬੰਦ ਰੱਖਣਾ ਕਿਹਾ ਜਾਂਦਾ ਹੈ। ਅਜਿਹਾ ਕਰਨ ਤੋਂ ਪਹਿਲਾਂ ਕਿਸੇ ਡਾਕਟਰ ਜਾਂ ਨਰਸ ਦੁਆਰਾ ਤੁਹਾਡੀ ਜਾਂਚ ਕਰਕੇ ਯਕੀਨੀ ਬਣਾਇਆ ਜਾਵੇਗਾ ਕਿ ਤੁਸੀਂ ਅਜਿਹਾ ਕਰਨ ਲਈ ਸਵਸਥ ਹੋ।

- ਤੁਹਾਨੂੰ 21 ਦਿਨਾਂ ਤਕ ਦੇ ਸਮੇਂ ਲਈ ਦੂਸਰੇ ਕੈਦੀਆਂ ਨਾਲ ਕੰਮ ਕਰਨ ਤੋਂ ਰੋਕਿਆ ਜਾ ਸਕਦਾ ਹੈ।

- ਜੇਕਰ ਤੁਸੀਂ ਰਿਮਾਂਡ 'ਤੇ ਹੋ, ਤਾਂ ਤੁਹਾਡੇ ਵਿਸ਼ੇਸ਼ ਅਧਿਕਾਰ ਵਾਪਸ ਲਏ ਜਾ ਸਕਦੇ ਹਨ।

- ਤੁਹਾਨੂੰ 28 ਦਿਨਾਂ ਤਕ ਦੇ ਸਮੇਂ ਲਈ ਜੇਲ੍ਹ ਦੇ ਵਿੰਗ ਜਾਂ ਸਜੀਵ ਇਕਾਈ ਤੋਂ ਦੂਰ ਲਿਜਾਇਆ ਜਾ ਸਕਦਾ ਹੈ। ਜਾਂ ਫਿਰ ਨੌਜਵਾਨ ਅਪਰਾਧੀ ਦੇ ਮਾਮਲੇ ਵਿੱਚ 21 ਦਿਨਾਂ ਤਕ ਦੇ ਸਮੇਂ ਲਈ

ਇਹ ਸਜ਼ਾਵਾਂ ਸਿਰਫ਼ ਨੌਜਵਾਨ ਅਪਰਾਧੀਆਂ ਲਈ ਹਨ

- ਤੁਹਾਨੂੰ 21 ਦਿਨਾਂ ਤਕ ਦੇ ਸਮੇਂ ਲਈ ਗਤੀਵਿਧੀਆਂ ਵਿੱਚ ਹਿੱਸਾ ਲੈਣ ਤੋਂ ਰੋਕਿਆ ਜਾ ਸਕਦਾ ਹੈ।

- ਤੁਹਾਨੂੰ 21 ਦਿਨਾਂ ਤਕ ਦੇ ਸਮੇਂ ਲਈ ਹਰ ਦਿਨ 2 ਘੰਟੇ ਵਾਧੂ ਕੰਮ ਕਰਨਾ ਪੈ ਸਕਦਾ ਹੈ।

## ਵਾਧੂ ਦਿਨ

- ਜੇਕਰ ਅਪਰਾਧ ਕਾਫੀ ਗੰਭੀਰ ਹੈ, ਤਾਂ ਤੁਹਾਨੂੰ ਜੇਲ੍ਹ ਵਿੱਚ 42 ਦਿਨਾਂ ਦੀ ਵਾਧੂ ਸਜ਼ਾ ਦੇ ਨਾਲ ਨਾਲ ਕੋਈ ਦੂਸਰੀ ਸਜ਼ਾ ਵੀ ਦਿੱਤੀ ਜਾ ਸਕਦੀ ਹੈ।

- ਵਾਧੂ ਦਿਨ ਤੁਹਾਡੀ ਸਜ਼ਾ ਦਾ ਹਿੱਸਾ ਨਹੀਂ ਹੁੰਦੇ ਪਰ ਤੁਸੀਂ ਵਾਧੂ ਸਮਾਂ ਜੇਲ੍ਹ ਵਿੱਚ ਬਤੀਤ ਕਰੋਗੇ।

- ਸਿਰਫ਼ ਸੁਤੰਤਰ ਨਿਰਨਾ-ਕਰਤਾ (ਉਹ ਜਿਲ੍ਹਾ ਜੱਜ ਹੁੰਦੇ ਹਨ) ਤੁਹਾਨੂੰ ਵਾਧੂ ਦਿਨ ਦੇ ਸਕਦੇ ਹਨ।

ਵਾਧੂ ਦਿਨਾਂ ਬਾਰੇ ਹੋਰ ਜਾਣਕਾਰੀ

- ਜੇਕਰ ਤੁਸੀਂ ਰਿਮਾਂਡ 'ਤੇ ਹੋ, ਤਾਂ ਤੁਸੀਂ ਸਿਰਫ ਤਾਂ ਹੀ ਵਾਧੂ ਦਿਨਾਂ ਦੀ ਸਜ਼ਾ ਕਟੋਗੇ ਜੇਕਰ ਤੁਹਾਡੇ 'ਤੇ ਦੋਸ਼ ਸਿੱਧ ਹੋ ਚੁੱਕੇ ਹਨ ਅਤੇ ਤੁਹਾਨੂੰ ਇੱਕ ਸਜ਼ਾ ਦਿੱਤੀ ਜਾ ਚੁੱਕੀ ਹੈ।

- ਤੁਹਾਨੂੰ ਵਾਧੂ ਦਿਨ ਨਹੀਂ ਦਿੱਤੇ ਜਾਣਗੇ ਜੇਕਰ ਤੁਸੀਂ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਇੱਕ ਕੈਦੀ ਹੋ ਇਹ ਜਨਤਕ ਸੁਰੱਖਿਆ ਕੈਦੀ ਲਈ ਇੱਕ ਕੈਦ ਦੀ ਸਜ਼ਾ ਹੁੰਦੀ ਹੈ ਇੱਕ ਦੀਵਾਨੀ ਕੈਦੀ ਹੋ ਜਾਂ ਫਿਰ ਜੇਲ੍ਹ ਵਿੱਚ ਰੱਖੇ ਗਏ ਇੱਕ ਵਿਦੇਸ਼ੀ ਨਾਗਰਿਕ ਹੋ ਜਦੋਂ ਕਿ ਤੁਹਾਡੀ ਇਮੀਗ੍ਰੇਸ਼ਨ ਦਾ ਪਤਾ ਲਗਾਇਆ ਜਾ ਰਿਹਾ ਹੈ।

## ਜੇਲ੍ਹ ਵਿੱਚ ਨਿਰਨਾ - ਇਹਨਾਂ ਨੂੰ ਸੁਣਵਾਈਆਂ ਵੀ ਕਿਹਾ ਜਾਂਦਾ ਹੈ।

### ਮੁੱਖ ਗੱਲਾਂ

✓ ਤੁਹਾਨੂੰ ਅਪਰਾਧ ਬਾਰੇ ਗੱਲ ਕਰਨ ਲਈ ਜੇਲ੍ਹ ਦੀ ਇੱਕ ਸੁਣਵਾਈ 'ਤੇ ਜਾਣਾ ਪਵੇਗਾ।

✓ ਸੁਣਵਾਈ ਜਾਂ ਤਾਂ ਕਿਸੇ ਗਵਰਨਰ ਦੁਆਰਾ ਜਾਂ ਜੇਲ੍ਹ ਤੋਂ ਬਾਹਰ ਕਿਸੇ ਜਿਲ੍ਹਾ ਜੱਜ (ਇਸਨੂੰ ਇੱਕ ਸੁੰਤਤਰ ਨਿਰਨਾ-ਕਰਤਾ ਕਿਹਾ ਜਾਂਦਾ ਹੈ) ਦੁਆਰਾ ਚਲਾਈ ਜਾਵੇਗੀ।

✓ ਸੁਣਵਾਈ ਆਮ ਤੌਰ 'ਤੇ ਜੇਲ੍ਹ ਸਟਾਫ਼ ਦੁਆਰਾ ਤੁਹਾਨੂੰ ਉਸ ਅਪਰਾਧ ਬਾਰੇ ਦੱਸਣ ਤੋਂ ਅਗਲੇ ਦਿਨ ਹੋਵੇਗੀ ਜੋ ਉਹਨਾਂ ਦੇ ਵਿਚਾਰ ਵਿੱਚ ਤੁਸੀਂ ਕੀਤਾ ਹੈ।

✓ ਤੁਹਾਨੂੰ ਸੁਣਵਾਈ ਲਈ ਤਿਆਰੀ ਕਰਨ ਲਈ ਘੱਟੋ ਘੱਟ 2 ਘੰਟਿਆਂ ਦਾ ਸਮਾਂ ਦਿੱਤਾ ਜਾਵੇਗਾ।

✓ ਤੁਹਾਡੀ ਸੁਣਵਾਈ ਹੋਣ ਤਕ ਤੁਹਾਨੂੰ ਦੂਸਰੇ ਕੈਦੀਆਂ ਨਾਲੋਂ ਵੱਖ ਰੱਖਿਆ ਜਾ ਸਕਦਾ ਹੈ।

✓ ਤੁਹਾਨੂੰ ਦੱਸਣ ਦਾ ਮੌਕਾ ਦਿੱਤਾ ਜਾਵੇਗਾ ਕਿ ਤੁਹਾਡੇ ਵਿਚਾਰ ਵਿੱਚ ਕੀ ਹੋਇਆ ਸੀ।

✓ ਤੁਸੀਂ ਗਵਾਹਾਂ ਨੂੰ ਵੀ ਸੁਣਵਾਈ 'ਤੇ ਆ ਕੇ ਬੋਲਣ ਲਈ ਬੁਲਾ ਸਕਦੇ ਹੋ।

✓ ਤੁਸੀਂ ਆਪਣੀ ਮਦਦ ਲਈ ਕੁਝ ਦੂਸਰੇ ਵਿਅਕਤੀਆਂ ਨੂੰ ਵੀ ਬੁਲਾ ਸਕਦੇ ਹੋ। ਉਦਾਹਰਨ ਲਈ, ਕੋਈ ਵਕੀਲ ਜਾਂ ਮੈਕਕੈਂਜ਼ੀ ਮਿੱਤਰ ਅਖਵਾਉਣ ਵਾਲਾ ਕੋਈ ਵਿਅਕਤੀ ਪੰਨਾ **94** ਦੇਖੋ।

✓ ਜੇਕਰ ਤੁਹਾਨੂੰ ਸਮਝ ਨਹੀਂ ਆਉਂਦਾ ਕਿ ਕੀ ਹੋ ਰਿਹਾ ਹੈ ਜਾਂ ਤੁਹਾਨੂੰ ਪ੍ਰਸ਼ਨ ਪੁੱਛਣ ਦੀ ਲੋੜ ਪੈਂਦੀ ਹੈ ਤਾਂ ਜੇਲ੍ਹ ਦੇ ਕਿਸੇ ਅਧਿਕਾਰੀ ਜਾਂ ਆਪਣੇ ਵਕੀਲ ਨਾਲ ਗੱਲ ਕਰੋ।

## ਸੁਣਵਾਈ ਤੋਂ ਪਹਿਲਾਂ ਕੀ ਹੋਵੇਗਾ?

- ਤੁਹਾਨੂੰ **ਰਿਪੋਰਟ** 'ਤੇ ਰੱਖਿਆ ਜਾਵੇਗਾ। ਇੱਥੇ ਜੇਲ੍ਹ ਦਾ ਕੋਈ ਅਧਿਕਾਰੀ ਤੁਹਾਨੂੰ ਦੱਸੇਗਾ ਕਿ ਉਸਦੇ ਵਿਚਾਰ ਵਿੱਚ ਤੁਸੀਂ ਕੀ ਅਪਰਾਧ ਕੀਤਾ ਹੈ।

- ਜੇਲ੍ਹ ਦੇ ਅਧਿਕਾਰੀ ਨੂੰ ਤੁਹਾਨੂੰ ਤੁਰੰਤ (ਜਾਂ 48 ਘੰਟਿਆਂ ਅੰਦਰ) ਦੱਸ ਦੇਣਾ ਚਾਹੀਦਾ ਹੈ ਕਿ ਉਸਦੇ ਵਿਚਾਰ ਵਿੱਚ ਤੁਸੀਂ ਕੀ ਅਪਰਾਧ ਕੀਤਾ ਹੈ।

- ਸੁਣਵਾਈ ਆਮ ਤੌਰ 'ਤੇ ਇਸ ਤੋਂ ਅਗਲੇ ਦਿਨ ਹੋਵੇਗੀ (ਬਸ਼ਰਤੇ ਕਿ ਉਸ ਦਿਨ ਕੋਈ ਐਤਵਾਰ ਜਾਂ ਸਰਕਾਰੀ ਛੁੱਟੀ ਨਾ ਹੋਵੇ)

- ਤੁਹਾਨੂੰ ਸੁਣਵਾਈ ਲਈ ਤਿਆਰੀ ਕਰਨ ਲਈ ਘੱਟੋ ਘੱਟ 2 ਘੰਟਿਆਂ ਦਾ ਸਮਾਂ ਦਿੱਤਾ ਜਾਵੇਗਾ।

ਸੁਣਵਾਈ ਤੋਂ ਪਹਿਲਾਂ ਤੁਹਾਨੂੰ 2 ਫ਼ਾਰਮ ਦਿੱਤੇ ਜਾਣਗੇ।

1. **ਫ਼ਾਰਮ 1127 ਏ** ਇਹ ਤੁਹਾਨੂੰ ਉਸ ਅਪਰਾਧ ਬਾਰੇ ਦੱਸਦਾ ਹੈ ਜੋ ਜੇਲ੍ਹ ਅਧਿਕਾਰੀ ਦੇ ਵਿਚਾਰ ਵਿੱਚ ਤੁਸੀਂ ਕੀਤਾ ਹੈ। ਜੇਕਰ ਤੁਹਾਨੂੰ ਸਮਝ ਨਹੀਂ ਆਉਂਦਾ ਕਿ ਇਸ ਫ਼ਾਰਮ 'ਤੇ ਕੀ ਲਿਖਿਆ ਹੈ ਤਾਂ ਤੁਹਾਨੂੰ ਜ਼ਰੂਰ ਦੱਸ ਦੇਣਾ ਚਾਹੀਦਾ ਹੈ।

2. **ਫ਼ਾਰਮ 1127 ਸੀ** ਇਹ ਤੁਹਾਨੂੰ ਦੱਸਦਾ ਹੈ ਕਿ ਸੁਣਵਾਈ 'ਤੇ ਕੀ ਹੋਵੇਗਾ।

   ਇਸ ਫ਼ਾਰਮ 'ਤੇ ਤੁਸੀਂ ਇਹ ਕਰ ਸਕਦੇ ਹੋ।

   - ਇਸ ਬਾਰੇ ਇੱਕ ਬਿਆਨ ਲਿਖ ਸਕਦੇ ਹੋ ਕਿ ਤੁਹਾਡੇ ਵਿਚਾਰ ਵਿੱਚ ਕੀ ਹੋਇਆ ਸੀ। ਅਜਿਹਾ ਫ਼ਾਰਮ ਦੇ ਪਿੱਛੇ ਪਾਸੇ ਕਰੋ। ਲੋੜ ਹੋਣ 'ਤੇ ਹੋਰ ਕਾਗਜ਼ ਮੰਗ ਲਓ।

   - ਕਿਸੇ ਗਵਾਹਾਂ ਦੇ ਨਾਮ ਲਿਖੋ ਜਿਨ੍ਹਾਂ ਨੂੰ ਤੁਸੀਂ ਸੁਣਵਾਈ 'ਤੇ ਬੁਲਾਉਣਾ ਚਾਹੁੰਦੇ ਹੋ, ਜੇਕਰ ਇਸ ਪੜਾਵ 'ਤੇ ਤੁਹਾਨੂੰ ਪਤਾ ਹੈ ਕਿ ਉਹ ਕੌਣ ਹਨ। ਜੇਕਰ ਤੁਸੀਂ ਚਾਹੋ ਤਾਂ ਤੁਸੀਂ ਸੁਣਵਾਈ 'ਤੇ ਕਹਿ ਸਕਦੇ ਹੋ ਕਿ ਤੁਸੀਂ ਕਿਨ੍ਹਾਂ ਨੂੰ ਆਪਣਾ ਗਵਾਹ ਬਣਾਉਣਾ ਚਾਹੁੰਦੇ ਹੋ।

### ਸੁਣਵਾਈਆਂ ਬਾਰੇ ਹੋਰ ਜਾਣਕਾਰੀ

- ਸੁਣਵਾਈ ਤੋਂ ਪਹਿਲਾਂ ਕੋਈ ਡਾਕਟਰ ਜਾਂ ਨਰਸ ਤੁਹਾਡੀ ਸਿਹਤ ਦੀ ਜਾਂਚ ਕਰਕੇ ਯਕੀਨੀ ਬਣਾਏਗਾ ਕਿ ਤੁਸੀਂ ਸੁਣਵਾਈ 'ਤੇ ਜਾਣ ਲਈ ਤੰਦਰੁਸਤ ਹੋ।

- ਤੁਹਾਡੀ ਸੁਣਵਾਈ ਹੋਣ ਤਕ ਤੁਹਾਨੂੰ ਦੂਸਰੇ ਕੈਦੀਆਂ ਨਾਲੋਂ ਵੱਖ ਕਰਕੇ ਰੱਖਿਆ ਜਾ ਸਕਦਾ ਹੈ।

## ਸੁਣਵਾਈ ਤੋਂ ਪਹਿਲਾਂ ਕੀ ਕਰਨਾ ਹੈ

✓ ਇਸ ਬਾਰੇ ਸੋਚੋ ਕਿ ਤੁਸੀਂ ਸੁਣਵਾਈ 'ਤੇ ਕੀ ਕਹਿਣਾ ਚਾਹੁੰਦੇ ਹੋ।

✓ ਇਸ ਬਾਰੇ ਸੋਚੋ ਕਿ ਕੀ ਕਿਸੇ ਹੋਰ ਨੇ ਵੀ ਦੇਖਿਆ ਸੀ ਕਿ ਕੀ ਹੋਇਆ ਸੀ ਜੋ ਕੁਝ ਵਾਪਰਿਆ ਸੀ। ਉਹ ਸੁਣਵਾਈ 'ਤੇ ਤੁਹਾਡੇ ਲਈ ਗਵਾਹ ਬਣ ਸਕਦੇ ਹਨ।

✓ ਤੁਹਾਡੇ ਲਈ ਲਾਹੇਵੰਦ ਹੋਵੇਗਾ ਕਿ ਤੁਸੀਂ ਸੁਣਵਾਈ 'ਤੇ ਜਾਣ ਤੋਂ ਪਹਿਲਾਂ ਜੇਲ੍ਹ ਅਨੁਸ਼ਾਸਨ ਮੈਨਊਲ ਅਖਵਾਉਂਦੀ ਇੱਕ ਕਿਤਾਬ 'ਤੇ ਨਜ਼ਰ ਮਾਰ ਲਓ। ਇਸਨੂੰ **PSO 2000** ਵੀ ਕਿਹਾ ਜਾਂਦਾ ਹੈ। ਇਸ ਦੀ ਇੱਕ ਪ੍ਰਤੀ ਤੁਹਾਡੇ ਵਿੰਗ 'ਤੇ ਅਤੇ ਜੇਲ੍ਹ ਦੀ ਲਾਇਬ੍ਰੇਰੀ ਵਿੱਚ ਹੋਣੀ ਚਾਹੀਦੀ ਹੈ। ਜੇਕਰ ਤੁਸੀਂ ਲਾਇਬ੍ਰੇਰੀ ਤਕ ਨਹੀਂ ਜਾ ਸਕਦੇ ਤਾਂ ਇਸਦੀ ਇੱਕ ਪ੍ਰਤੀ ਦੇਖਣ ਲਈ ਨਿਵੇਦਨ ਕਰੋ।

✓ ਜੇਕਰ ਤੁਹਾਨੂੰ ਆਪਣੀ ਸੁਣਵਾਈ ਨੂੰ ਇੱਕ ਬਾਅਦ ਦੀ ਮਿਤੀ 'ਤੇ ਅੱਗੇ ਪਾਉਣ ਲਈ ਨਿਵੇਦਨ ਕਰ ਸਕਦੇ ਹੋ।

✓ ਜੇਕਰ ਤੁਹਾਨੂੰ ਪੜ੍ਹਨਾ ਜਾਂ ਲਿਖਣਾ ਮੁਸ਼ਕਲ ਲੱਗਦਾ ਹੈ, ਜਾਂ ਕੋਈ ਗੱਲ ਸਮਝ ਨਹੀਂ ਆਉਂਦੀ, ਤਾਂ ਮਦਦ ਲਈ ਜੇਲ੍ਹ ਦੇ ਕਿਸੇ ਅਧਿਕਾਰੀ ਜਾਂ ਵਕੀਲ ਨੂੰ ਨਿਵੇਦਨ ਕਰੋ।

## ਸੁਣਵਾਈ 'ਤੇ ਕੀ ਹੋਵੇਗਾ?

**1.** ਗਵਰਨਰ ਪੜਤਾਲ ਕਰੇਗਾ ਕਿ ਕੀਂ
- ਤੁਹਾਨੂੰ ਫ਼ਾਰਮ **1127ਏ** ਅਤੇ **1127ਸੀ** ਮਿਲ ਚੁੱਕੇ ਹਨ।
- ਤੁਸੀਂ ਸਮਝਦੇ ਹੋ ਕਿ ਤੁਹਾਨੂੰ ਸੁਣਵਾਈ 'ਤੇ ਕਿਉਂ ਬੁਲਾਇਆ ਗਿਆ ਹੈ ਅਤੇ ਉੱਥੇ ਕੀ ਹੋਵੇਗਾ।
- ਤੁਹਾਨੂੰ ਸੁਣਵਾਈ ਲਈ ਤਿਆਰ ਹੋਣ ਲਈ ਕਾਫੀ ਸਮਾਂ ਦਿੱਤਾ ਗਿਆ ਹੈ। ਉਦਾਹਰਨ ਲਈ, ਇਹ ਸੋਚਣ ਲਈ ਕਿ ਤੁਸੀਂ ਕੀ ਕਹਿਣਾ ਚਾਹੁੰਦੇ ਹੋ।
- ਤੁਹਾਨੂੰ ਕੋਈ ਮਦਦ ਚਾਹੀਦੀ ਹੈ ਜਿਵੇਂ ਕਿ ਕਾਨੂੰਨੀ ਸਲਾਹ ਜਾਂ ਕੋਈ ਦੁਭਾਸ਼ੀਆ

**2.** ਕੋਈ ਵਿਅਕਤੀ ਦੋਸ਼ ਪੜ੍ਹ ਦੇਵੇਗਾ। ਦੋਸ਼ ਉਹ ਅਪਰਾਧ ਹੁੰਦਾ ਹੈ ਜੋ ਜੇਲ੍ਹ ਸਟਾਫ਼ ਦੇ ਵਿਚਾਰ ਵਿੱਚ ਤੁਸੀਂ ਕੀਤਾ ਹੁੰਦਾ ਹੈ।

**3.** ਤੁਹਾਨੂੰ ਇਹ ਕਹਿਣ ਲਈ ਨਿਵੇਦਨ ਕੀਤਾ ਜਾਵੇਗਾ ਕਿ ਕੀ ਤੁਸੀਂ ਅਪਰਾਧ ਕਰਨ ਦੇ ਦੋਸ਼ੀ ਹੋ ਜਾਂ ਦੋਸ਼ੀ ਨਹੀਂ ਹੋ।

## ਜੇ ਤੁਸੀਂ ਆਪਣਾ ਦੋਸ਼ ਮੰਨ ਲੈਂਦੇ ਹੋ

- ਤੁਹਾਨੂੰ ਰਿਪੋਰਟ 'ਤੇ ਰੱਖਣ ਵਾਲਾ ਜੇਲ੍ਹ ਅਧਿਕਾਰੀ ਇਸ ਬਾਰੇ ਇੱਕ ਬਿਆਨ ਪੜ੍ਹੇਗਾ ਕਿ ਕੀ ਹੋਇਆ ਹੈ।

- ਉਸ ਤੋਂ ਬਾਅਦ ਤੁਸੀਂ ਦੱਸਣਾ ਹੁੰਦਾ ਹੈ ਕਿ ਤੁਸੀਂ ਇਸ ਬਾਰੇ ਕੀ ਸੋਚਦੇ ਹੋ। ਉਦਾਹਰਨ ਲਈ, ਤੁਸੀਂ ਪ੍ਰਸ਼ਨ ਪੁੱਛ ਸਕਦੇ ਹੋ।

- ਕਹੋ ਕਿ ਤੁਸੀਂ ਉਸ ਨਾਲ ਸਹਿਮਤ ਨਹੀਂ ਹੋ ਜੋ ਜੇਲ੍ਹ ਅਧਿਕਾਰੀ ਨੇ ਕਿਹਾ ਹੈ। ਜੇਕਰ ਤੁਸੀਂ ਜੇਲ੍ਹ ਅਧਿਕਾਰੀ ਦੇ ਕਥਨ ਨਾਲ ਸਹਿਮਤ ਨਹੀਂ ਹੁੰਦੇ ਤਾਂ ਤੁਸੀਂ ਗਵਾਹ ਬੁਲਾਉਣ ਲਈ ਵੀ ਕਹਿ ਸਕਦੇ ਹੋ।

- ਗਵਰਨਰ ਨੂੰ ਕਿਸੇ ਅਜਿਹੀ ਗੱਲ ਦੀ ਘੋਖ ਜ਼ਰੂਰ ਕਰਨੀ ਚਾਹੀਦੀ ਹੈ ਜਿਸ ਨਾਲ ਤੁਸੀਂ ਸਹਿਮਤ ਨਾ ਹੋਣ ਬਾਰੇ ਕਹਿੰਦੇ ਹੋ

- ਗਵਰਨਰ ਇਹ ਫ਼ੈਸਲਾ ਕਰ ਸਕਦਾ ਹੈ ਕਿ ਤੱਥ ਸਹੀ ਹਨ ਅਤੇ ਇਹ ਕਿ ਘੋਖ ਕੀਤੇ ਜਾਣ ਲਈ ਹੋਰ ਕੁਝ ਵੀ ਬਾਕੀ ਨਹੀਂ ਬਚਿਆ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਉਹ ਤੁਹਾਨੂੰ ਪੁੱਛੇਗਾ ਜਾਂ ਪੁੱਛੇਗੀ ਕਿ ਕੀ ਤੁਸੀਂ ਸਜ਼ਾ ਘਟਾਉਣ ਲਈ ਕੋਈ ਦਲੀਲ ਦੇਣੀ ਚਾਹੁੰਦੇ ਹੋ। ਇੱਥੇ ਤੁਸੀਂ ਗਵਰਨਰ ਨੂੰ ਕੋਈ ਅਜਿਹੀ ਗੱਲ ਦੱਸ ਸਕਦੇ ਹੋ ਜਿਸ ਨਾਲ ਤੁਹਾਡੇ ਵਿਚਾਰ ਵਿੱਚ ਤੁਹਾਡਾ ਅਪਰਾਧ ਘੱਟ ਗੰਭੀਰ ਲੱਗੇਗਾ।

- ਉਸ ਤੋਂ ਬਾਅਦ ਜੇਲ੍ਹ ਸਟਾਫ਼ ਦਾ ਕੋਈ ਮੈਂਬਰ ਜੇਲ੍ਹ ਵਿੱਚ ਆਉਣ ਤੋਂ ਲੈ ਕੇ ਹੁਣ ਤਕ ਤੁਹਾਡੇ ਦੁਆਰਾ ਕੀਤੇ ਗਏ ਵਿਵਹਾਰ ਬਾਰੇ ਜਾਣਕਾਰੀ ਪੜ੍ਹਕੇ ਸੁਣਾਏਗਾ। ਅਤੇ ਤੁਹਾਡੇ ਦੁਆਰਾ ਪਹਿਲਾਂ ਭੁਗਤੀਆਂ ਗਈਆਂ ਕਿਸੇ ਸੁਣਵਾਈਆਂ ਦੇ ਬਾਰੇ ਵੀ।

- ਉਸ ਤੋਂ ਬਾਅਦ ਤੁਸੀਂ ਕਹਿ ਸਕਦੇ ਹੋ ਕਿ ਤੁਸੀਂ ਉਸ ਦੁਆਰਾ ਪੜ੍ਹਕੇ ਸੁਣਾਈ ਗਈ ਜਾਣਕਾਰੀ ਬਾਰੇ ਕੀ ਸੋਚਦੇ ਹੋ

- ਇਸ ਤੋਂ ਬਾਅਦ ਗਵਰਨਰ ਤੁਹਾਨੂੰ ਦੱਸੇਗਾ ਕਿ ਤੁਹਾਡੀ ਸਜ਼ਾ ਕੀ ਹੈ। ਫਿਰ ਤੁਹਾਨੂੰ ਤੁਹਾਡੀ ਸਜ਼ਾ ਬਾਰੇ ਦੱਸਣ ਵਾਲੇ ਇੱਕ ਫ਼ਾਰਮ ਦੀ ਨਕਲ ਦਿੱਤੀ ਜਾਵੇਗੀ। ਇਸ ਫ਼ਾਰਮ ਨੂੰ **256ਡੀ** ਕਿਹਾ ਜਾਂਦਾ ਹੈ।

- ਕਿਸੇ ਸਮੇਂ ਤੇ, ਜੇਕਰ ਗਵਰਨਰ ਸੋਚਦਾ ਹੈ ਕਿ ਤੁਹਾਡਾ ਅਪਰਾਧ ਇੰਨਾਂ ਗੰਭੀਰ ਹੈ ਕਿ ਤੁਹਾਨੂੰ ਵਾਧੂ ਦਿਨ ਲਗਾਉਣੇ ਚਾਹੁੰਦੇ ਹਨ ਤਾਂ ਉਹ ਕਿਸੇ ਸੁਤੰਤਰ ਨੂੰ ਤੁਹਾਡੇ ਕੰਮ 'ਤੇ ਨਜ਼ਰਸਾਨੀ ਕਰਨ ਲਈ ਨਿਵੇਦਨ ਕਰ ਸਕਦਾ ਹੈ।

- ਸੁਤੰਤਰ ਨਿਰਨਾ-ਕਰਤਾ ਨੂੰ ਮਿਲਣ ਲਈ ਤੁਹਾਨੂੰ 28 ਦਿਨਾਂ ਤਕ ਦੇ ਸਮੇਂ ਲਈ ਉਡੀਕ ਕਰਨੀ ਪੈ ਸਕਦੀ ਹੈ।

## ਜੇਕਰ ਤੁਸੀਂ ਦੋਸ਼ੀ ਨਾ ਹੋਣ ਤੇ ਹੱਕ ਵਿੱਚ ਸਫ਼ਾਈ ਦਿੰਦੇ ਹੋ, ਜਾਂ ਜੇਕਰ ਤੁਹਾਨੂੰ ਯਕੀਨ ਨਹੀਂ ਹੈ ਕਿ ਸਫ਼ਾਈ ਕਿਵੇਂ ਦੇਣੀ ਹੈ।

- ਤੁਹਾਨੂੰ ਪੇਸ਼ੀ 'ਤੇ ਪਾਉਣ ਵਾਲਾ ਜੇਲ੍ਹ ਅਧਿਕਾਰੀ ਇਸ ਬਾਰੇ ਇੱਕ ਬਿਆਨ ਪੜ੍ਹ ਕੇ ਸੁਣਾਏਗਾ ਕਿ ਉਸਦੇ ਵਿਚਾਰ ਵਿੱਚ ਕੀ ਹੋਇਆ ਸੀ।

- ਤੁਸੀਂ ਕਹਿ ਸਕਦੇ ਹੋ ਕਿ ਤੁਸੀਂ ਇਸ ਬਾਰੇ ਕੀ ਸੋਚਦੇ ਹੋ ਜਾਂ ਤੁਸੀਂ ਕੋਈ ਪ੍ਰਸ਼ਨ ਪੁੱਛ ਸਕਦੇ ਹੋ।

- ਗਵਰਨਰ ਜੇਲ੍ਹ ਦੇ ਅਧਿਕਾਰੀ ਨੂੰ ਕੁਝ ਪ੍ਰਸ਼ਨ ਪੁੱਛੇਗਾ। ਉਹ ਕੁਝ ਗਵਾਹਾਂ ਨੂੰ ਬੁਲਾਉਣ ਲਈ ਵੀ ਨਿਵੇਦਨ ਕਰ ਸਕਦਾ ਹੈ।

- ਤੁਸੀਂ ਅਤੇ ਗਵਰਨਰ, ਗਵਾਹਾਂ ਤੋਂ ਪ੍ਰਸ਼ਨ ਪੁੱਛ ਸਕਦੇ ਹੋ।

- ਉਸ ਤੋਂ ਬਾਅਦ ਤੁਹਾਨੂੰ ਇਹ ਕਹਿਣ ਲਈ ਨਿਵੇਦਨ ਕੀਤਾ ਜਾਵੇਗਾ ਕਿ ਤੁਸੀਂ ਦੋਸ਼ (ਜੋ ਜੇਲ੍ਹ ਸਟਾਫ਼ ਦੇ ਵਿਚਾਰ ਵਿੱਚ ਤੁਸੀਂ ਕੀਤਾ ਹੈ) ਅਤੇ ਉਹਨਾਂ ਦੁਆਰਾ ਦਿੱਤੇ ਗਏ ਸਬੂਤ ਬਾਰੇ ਕੀ ਸੋਚਦੇ ਹੋ।

- ਜੇ ਤੁਸੀਂ ਚਾਹੋ ਤਾਂ ਤੁਸੀਂ ਆਪਣੇ ਬਚਾਅ ਵਿੱਚ ਬੋਲਣ ਲਈ ਗਵਾਹਾਂ ਨੂੰ ਬੁਲਾ ਸਕਦੇ ਹੋ (ਜਦੋਂ ਤਕ ਕਿ ਗਵਰਨਰ ਇਹ ਨਹੀਂ ਸੋਚਦਾ ਕਿ ਅਜਿਹਾ ਨਾ ਕਰਨ ਪਿੱਛੇ ਕੋਈ ਠੋਸ ਕਾਰਨ ਹੈ)।

- ਤੁਸੀਂ ਜੇਲ੍ਹ ਅਧਿਕਾਰੀ ਅਤੇ ਗਵਰਨਰ, ਗਵਾਹਾਂ ਤੋਂ ਪ੍ਰਸ਼ਨ ਪੁੱਛ ਸਕਦੇ ਹੋ।

- ਤੁਸੀਂ ਮੁੱਖ ਕਾਰਨ ਦੱਸ ਸਕਦੇ ਹੋ ਕਿ ਤੁਹਾਡੇ ਵਿਚਾਰ ਵਿੱਚ ਤੁਸੀਂ ਕਿਉਂ ਦੋਸ਼ੀ ਨਹੀਂ ਹੋ।

- ਉਸ ਤੋਂ ਬਾਅਦ ਗਵਰਨਰ ਤੁਹਾਨੂੰ ਉਸ ਦੁਆਰਾ ਲਾਏ ਗਏ ਫ਼ੈਸਲੇ ਬਾਰੇ ਦੱਸ ਦੇਵੇਗਾ/ਦੇਵੇਗੀ। ਇਸ ਨੂੰ ਫ਼ੈਸਲਾ ਕਿਹਾ ਜਾਂਦਾ ਹੈ। ਤੁਹਾਨੂੰ ਦੋਸ਼ੀ ਠਹਿਰਾਉਣ ਤੋਂ ਪਹਿਲਾਂ ਗਵਰਨਰ ਨੂੰ ਬਹੁਤ ਯਕੀਨੀ ਹੋਣਾ ਚਾਹੀਦਾ ਹੈ ਕਿ ਤੁਸੀਂ ਅਪਰਾਧ ਕੀਤਾ ਹੈ।

- ਜੇਕਰ ਤੁਸੀਂ ਦੋਸ਼ੀ ਪਾਏ ਜਾਂਦੇ ਹੋ, ਤਾਂ ਗਵਰਨਰ ਤੁਹਾਨੂੰ ਦੱਸ ਦੇਵੇਗਾ ਕਿ ਤੁਹਾਡੀ ਸਜ਼ਾ ਕੀ ਹੈ। ਉਸ ਤੋਂ ਬਾਅਦ ਗਵਰਨਰ ਤੁਹਾਨੂੰ, ਤੁਹਾਡੀ ਸਜ਼ਾ ਬਾਰੇ ਦੱਸਣ ਵਾਲੇ ਇੱਕ ਫ਼ਾਰਮ ਦੀ ਨਕਲ ਦੇਵੇਗਾ। ਇਸ ਫ਼ਾਰਮ ਨੂੰ **256ਡੀ** ਕਿਹਾ ਜਾਂਦਾ ਹੈ।

- ਕਿਸੇ ਸਮੇਂ ਤੇ, ਜੇਕਰ ਗਵਰਨਰ ਸੋਚਦਾ ਹੈ ਕਿ ਤੁਹਾਡਾ ਅਪਰਾਧ ਇੰਨਾਂ ਗੰਭੀਰ ਹੈ ਕਿ ਤੁਹਾਨੂੰ ਵਾਧੂ ਦਿਨ ਲਗਾਉਣੇ ਚਾਹੁੰਦੇ ਹਨ ਤਾਂ ਉਹ ਕਿਸੇ ਸੁਤੰਤਰ ਨੂੰ ਤੁਹਾਡੇ ਕੰਮ 'ਤੇ ਨਜ਼ਰਸਾਨੀ ਕਰਨ ਲਈ ਨਿਵੇਦਨ ਕਰ ਸਕਦਾ ਹੈ।

## ਹੋਰ ਮਦਦ ਜੋ ਤੁਸੀਂ ਸੁਣਵਾਈ 'ਤੇ ਲੈ ਸਕਦੇ ਹੋ

ਆਪਣੀ ਸੁਣਵਾਈ 'ਤੇ ਤੁਸੀਂ ਇਹਨਾਂ ਕਿਸਮਾਂ ਦੀ ਮਦਦ ਲੈ ਸਕਦੇ ਹੋ

- ਕਾਨੂੰਨੀ ਸਲਾਹ
- ਕਾਨੂੰਨੀ ਪੈਰਵੀ (ਕੋਈ ਵਕੀਲ ਸੁਣਵਾਈ 'ਤੇ ਤੁਹਾਡੀ ਪ੍ਰਤੀਨਿਧਤਾ ਕਰਨ ਲਈ ਆਉਂਦਾ ਹੈ)
- ਨਾਲ ਲਿਆਉਣ ਲਈ ਕੋਈ ਮਿੱਤਰ ਜਾਂ ਸਲਾਹਕਾਰ (ਇਸ ਵਿਅਕਤੀ ਨੂੰ ਮੈਕਕੈਂਜ਼ੀ ਮਿੱਤਰ ਕਿਹਾ ਜਾਂਦਾ ਹੈ)। ਇਹ ਵਿਅਕਤੀ ਆ ਕੇ ਤੁਹਾਡੇ ਲਈ ਨੋਟਿਸ ਲੈ ਸਕਦਾ ਹੈ ਅਤੇ ਤੁਹਾਨੂੰ ਸਲਾਹ ਦੇ ਸਕਦਾ ਹੈ। ਪਰ ਉਹ ਤੁਹਾਡੀ ਪ੍ਰਤੀਨਿਧਤਾ ਨਹੀਂ ਕਰ ਸਕਦਾ ਅਤੇ ਸਿਰਫ਼ ਤਾਂ ਹੀ ਬੋਲ ਸਕਦਾ ਹੈ ਜੇਕਰ ਗਵਰਨਰ ਕਹੇ ਕਿ ਇਹ ਠੀਕ ਹੈ। ਤੁਹਾਡਾ ਮੈਕਕੈਂਜ਼ੀ ਮਿੱਤਰ ਕੋਈ ਅਜਿਹਾ ਵਿਅਕਤੀ ਹੋ ਸਕਦਾ ਹੈ ਜਿਵੇਂ ਕਿ ਚੈਪਲੇਨ, ਜੇਲ੍ਹ ਦਾ ਕੋਈ ਅਧਿਕਾਰੀ ਜਾਂ ਕੋਈ ਦੂਸਰਾ ਕੈਦੀ

## ਜੇਕਰ ਸੁਣਵਾਈ ਕਿਸੇ ਗਵਰਨਰ ਦੁਆਰਾ ਚਲਾਈ ਜਾਂਦੀ ਹੈ

ਤੁਸੀਂ ਕਾਨੂੰਨੀ ਸਲਾਹ ਲੈ ਸਕਦੇ ਹੋ। ਅਜਿਹਾ ਟੈਲੀਫ਼ੋਨ, ਪੱਤਰ ਦੁਆਰਾ, ਜਾਂ ਆਪਣੇ ਵਕੀਲ ਨੂੰ ਮਿਲਕੇ ਕੀਤਾ ਜਾ ਸਕਦਾ ਹੈ।

ਤੁਹਾਨੂੰ ਕਾਨੂੰਨੀ ਪ੍ਰਤੀਨਿਧਤਾ **ਨਹੀਂ** ਮਿਲ ਸਕਦੀ ਜਦੋਂ ਤਕ ਕਿ ਗਵਰਨਰ ਕਹਿੰਦਾ ਹੈ ਕਿ ਤੁਸੀਂ ਇਸਨੂੰ ਹੇਠਾਂ ਦਿੱਤੇ ਵਰਗੀਆਂ ਗੱਲਾਂ ਦੁਆਰਾ ਪ੍ਰਾਪਤ ਕਰ ਸਕਦੇ ਹੋਂ

- ਤੁਹਾਡੇ ਅਪਰਾਧ ਦੀ ਗੰਭੀਰਤਾ ਅਤੇ ਤੁਹਾਨੂੰ ਮਿਲਣ ਵਾਲੀ ਸੰਭਾਵਿਤ ਸਜ਼ਾ
- ਕਾਨੂੰਨ ਬਾਰੇ ਸੰਭਾਵਿਤ ਪ੍ਰਸ਼ਨ ਜੋ ਉਭਰ ਸਕਦੇ ਹਨ
- ਤੁਸੀਂ ਇਸ ਬਾਰੇ ਕਿੰਨੀ ਸਮਝ ਰੱਖਦੇ ਹੋ ਕਿ ਕੀ ਹੋ ਰਿਹਾ ਹੈ
- ਉਹ ਚੀਜ਼ਾਂ ਜੋ ਕੇਸ ਦੀ ਰਫਤਾਰ ਘਟਾ ਸਕਦੀਆਂ ਹਨ ਜਾਂ ਕੋਈ ਸਮੱਸਿਆਵਾਂ ਪੈਦਾ ਕਰ ਸਕਦੀਆਂ ਹਨ। ਉਦਾਹਰਨ ਲਈ, ਜੇਕਰ ਤੁਹਾਨੂੰ ਆਪਣਾ ਬਚਾਵ ਤਿਆਰ ਕਰਨ ਵਿੱਚ ਸਮੱਸਿਆਵਾਂ ਆਈਆਂ ਹਨ ਕਿਉਂਕਿ ਤੁਹਾਨੂੰ ਦੂਸਰੇ ਕੈਦੀਆਂ ਤੋਂ ਵੱਖ ਰੱਖਿਆ ਗਿਆ ਹੈ।

ਇਸ ਕਿਸਮ ਦੀ ਸੁਣਵਾਈ 'ਤੇ ਤੁਸੀਂ ਆਮ ਤੌਰ 'ਤੇ ਕਿਸੇ ਮੈਕਕੈਂਜ਼ੀ ਮਿੱਤਰ ਜਾਂ ਸਲਾਹਕਾਰ ਨੂੰ ਨਹੀਂ ਲਿਆ ਸਕਦੇ।

ਪਰ ਤੁਸੀਂ ਸਾਇਦ ਤਾਂ ਕਿਸੇ ਮੈਕਕੈਂਜ਼ੀ ਮਿੱਤਰ ਜਾਂ ਸਲਾਹਕਾਰ ਨੂੰ ਲਿਆ ਸਕਦੇ ਹੋ ਜੇਕਰ ਤੁਹਾਨੂੰ ਸਮਝ ਨਹੀਂ ਆਉਂਦਾ ਕਿ ਕੀ ਹੋ ਰਿਹਾ ਹੈ, ਕੇਸ ਬਹੁਤ ਜ਼ਿਆਦਾ ਮੁਸ਼ਕਲ ਹੈ, ਜਾਂ ਜੇਕਰ ਗਵਰਨਰ ਸੋਚਦਾ ਹੈ ਕਿ ਇਸ ਦੀ ਆਗਿਆ ਦੇਣਾ ਨਿਆਂਪੂਰਨ ਹੈ।

## ਜੇਕਰ ਸੁਣਵਾਈ ਕਿਸੇ ਸੁਤੰਤਰ ਨਿਰਨਾ-ਕਰਤਾ ਦੁਆਰਾ ਚਲਾਈ ਜਾਂਦੀ ਹੈ। (ਇੱਕ ਜ਼ਿਲ੍ਹਾ ਜੱਜ)

- ਤੁਸੀਂ ਹਮੇਸ਼ਾ ਕਾਨੂੰਨੀ ਪ੍ਰਤੀਨਿਧਤਾ ਪ੍ਰਾਪਤ ਕਰ ਸਕਦੇ ਹੋ (ਇੱਕ ਵਕੀਲ ਤੁਹਾਡੀ ਪ੍ਰਤੀਨਿਧਤਾ ਕਰਨ ਲਈ ਆਉਂਦਾ ਹੈ।
- ਗਵਰਨਰ ਜਾਂ ਕਾਨੂੰਨੀ ਸੇਵਾਵਾਂ ਅਧਿਕਾਰੀ ਤੁਹਾਨੂੰ ਕਾਨੂੰਨੀ ਪ੍ਰਤੀਨਿਧਤਾ ਪ੍ਰਾਪਤ ਕਰਨ ਵਿੱਚ ਪੇਸ਼ ਆਉਣ ਵਾਲੀਆਂ ਕਿਸੇ ਸਮੱਸਿਆਵਾਂ ਵਿੱਚ ਮਦਦ ਕਰ ਸਕਦਾ ਹੈ।

## ਸੁਣਵਾਈ ਜਾਂ ਸਜ਼ਾ ਬਾਰੇ ਇੱਕ ਸਮੀਖਿਆ ਲਈ ਨਿਵੇਦਨ ਕਰਨਾ

ਤੁਸੀਂ

- ✓ ਤੁਸੀਂ ਇੱਕ ਸਮੀਖਿਆ ਲਈ ਨਿਵੇਦਨ ਕਰ ਸਕਦੇ ਹੋ, ਜੇਕਰ ਤੁਸੀਂ ਸੋਚਦੇ ਹੋ ਕਿ ਸੁਣਵਾਈ ਗ਼ਲਤ ਢੰਗ ਨਾਲ ਕੀਤੀ ਗਈ ਸੀ ਜਾਂ ਜੇਕਰ ਤੁਸੀਂ ਸੋਚਦੇ ਹੋ ਕਿ ਤੁਹਾਡੀ ਸਜ਼ਾ ਜ਼ਿਆਦਾ ਸਖ਼ਤ ਸੀ।
- ✓ ਜੇਕਰ ਗਵਰਨਰ ਸੋਚਦਾ ਹੈ ਜਾਂ ਸੋਚਦੀ ਹੈ ਕਿ ਸੁਣਵਾਈ ਗ਼ਲਤ ਢੰਗ ਨਾਲ ਕੀਤੀ ਗਈ ਸੀ ਤਾਂ ਉਹ ਇਸ ਬਾਰੇ ਕੁਝ ਕਰ ਸਕਦਾ ਹੈ।
- ✓ ਤੁਸੀਂ ਉਹ ਵਾਧੂ ਦਿਨ ਪ੍ਰਾਪਤ ਕਰਨ ਲਈ ਆਵੇਦਨ ਕਰ ਸਕਦੇ ਹੋ ਜੋ ਤੁਹਾਨੂੰ ਵਾਪਸ ਦਿੱਤੇ ਗਏ ਸਨ।

## ਕੀ ਹੁੰਦਾ ਹੈ ਜੇਕਰ ਸੁਣਵਾਈ ਗ਼ਲਤ ਢੰਗ ਨਾਲ ਕੀਤੀ ਗਈ ਹੈ ਜਾਂ ਜੇਕਰ ਤੁਸੀਂ ਸੋਚਦੇ ਹੋ ਕਿ ਤੁਹਾਨੂੰ ਦਿੱਤੀ ਗਈ ਸਜ਼ਾ ਬਹੁਤ ਜ਼ਿਆਦਾ ਸਖ਼ਤ ਹੈ?

### 1. ਜੇਕਰ ਗਵਰਨਰ ਸੋਚਦਾ ਹੈ ਕਿ ਸੁਣਵਾਈ ਗ਼ਲਤ ਢੰਗ ਨਾਲ ਕੀਤੀ ਗਈ ਸੀ

**ਜੇਕਰ ਸੁਣਵਾਈ ਕਿਸੇ ਗਵਰਨਰ ਦੁਆਰਾ ਚਲਾਈ ਗਈ ਸੀ**

- ਗਵਰਨਰ ਸੁਣਵਾਈ ਦੇ ਨਤੀਜੇ ਨੂੰ ਬਦਲ ਸਕਦਾ ਹੈ। ਉਦਾਹਰਨ ਲਈ ਉਹ ਇਸ ਤੱਥ ਨੂੰ ਬਦਲ ਸਕਦਾ ਹੈ ਕਿ ਤੁਸੀਂ ਦੋਸ਼ੀ ਪਾਏ ਗਏ ਸੀ ਅਤੇ ਤੁਹਾਨੂੰ ਦਿੱਤੀ ਗਈ ਸਜ਼ਾ ਨੂੰ ਬਦਲ ਸਕਦਾ ਹੈ

**ਜੇਕਰ ਸੁਣਵਾਈ ਕਿਸੇ ਸੁਤੰਤਰ ਨਿਰਨਾ-ਕਰਤਾ (ਇੱਕ ਜ਼ਿਲ੍ਹਾ ਜੱਜ) ਦੁਆਰਾ ਚਲਾਈ ਗਈ ਸੀ**

ਤਾਂ ਗਵਰਨਰ

- ਕੇਸ ਨੂੰ ਨਿਗਰਾਨੀ ਲਈ ਵਾਪਸ ਸੀਨੀਅਰ ਜ਼ਿਲ੍ਹਾ ਜੱਜ ਨੂੰ ਦੇ ਸਕਦਾ ਹੈ।

## 2. ਜੇ ਤੁਸੀਂ ਸੋਚਦੇ ਹੋ ਕਿ ਸੁਣਵਾਈ ਗ਼ਲਤ ਢੰਗ ਨਾਲ ਕੀਤੀ ਗਈ ਸੀ ਜਾਂ ਤੁਹਾਡੀ ਸਜ਼ਾ ਬਹੁਤ ਜ਼ਿਆਦਾ ਸਖ਼ਤ ਸੀ।

**ਜੇਕਰ ਸੁਣਾਈ ਕਿਸੇ ਗਵਰਨਰ ਦੁਆਰਾ ਚਲਾਈ ਗਈ ਸੀ।**

- ਆਪਣੇ ਵਿੰਗ ਕਿਸੇ ਜੇਲ੍ਹ ਅਧਿਕਾਰੀ ਨੂੰ ਫ਼ਾਰਮ **ADJ1** ਅਖਵਾਉਂਦਾ ਇੱਕ ਫ਼ਾਰਮ ਦੇਣ ਲਈ ਨਿਵੇਦਨ ਕਰੋ।
- ਫ਼ਾਰਮ ਨੂੰ ਭਰੋ ਅਤੇ ਇਸ ਨੂੰ ਸੁਣਵਾਈ ਹੋਣ ਤੋਂ 6 ਹਫ਼ਤਿਆਂ ਅੰਦਰ ਗਵਰਨਰ ਨੂੰ ਭੇਜ ਦਿਓ।
- ਇੱਕ ਏਰੀਆ ਮੈਨੇਜਰ ਤੁਹਾਡੇ ਕੇਸ ਬਾਰੇ ਫ਼ੈਸਲਾ ਕਰੇਗਾ।
- ਜੇਕਰ ਏਰੀਆ ਮੈਨੇਜਰ ਸੋਚਦਾ ਹੈ ਕਿ ਤੁਹਾਡੀ ਸੁਣਵਾਈ ਗ਼ਲਤ ਸੀ, ਤਾਂ ਉਹ ਇਸ ਤੱਥ ਨੂੰ ਬਦਲ ਸਕਦਾ ਜਾਂ ਬਦਲ ਸਕਦੀ ਹੈ ਕਿ ਤੁਸੀਂ ਦੋਸ਼ੀ ਪਾਏ ਗਏ ਸੀ ਜਾਂ ਸਜ਼ਾ ਨੂੰ ਬਦਲ ਸਕਦਾ ਹੈ।

**ਜੇਕਰ ਤੁਹਾਡੀ ਸੁਣਵਾਈ ਕਿਸੇ ਸੁਤੰਤਰ ਨਿਰਨਾ-ਕਰਤਾ ਦੁਆਰਾ ਚਲਾਈ ਗਈ ਸੀ।**

- ਗਵਰਨਰ ਨੂੰ ਸਾਦੇ ਕਾਗਜ਼ 'ਤੇ ਲਿਖਕੇ ਸਮਝਾਓ ਕਿ ਤੁਸੀਂ ਕਿਉਂ ਚਾਹੁੰਦੇ ਹੋ ਕਿ ਤੁਹਾਡੀ ਸੁਣਵਾਈ ਦੇ ਨਤੀਜੇ 'ਤੇ ਨਜ਼ਰਸਾਨੀ ਕੀਤੀ ਜਾਵੇ। ਫ਼ਾਰਮ ADJ1 ਨਾ ਭਰੋ। ਤੁਹਾਨੂੰ ਗਵਰਨਰ ਨੂੰ ਸੁਣਵਾਈ ਤੋਂ 14 ਦਿਨਾਂ ਅੰਦਰ ਜ਼ਰੂਰ ਲਿਖਣਾ ਚਾਹੀਦਾ ਹੈ।
- ਤੁਹਾਡਾ ਕਾਗਜ਼ ਨਜ਼ਰਸਾਨੀ ਲਈ ਸੀਨੀਅਰ ਜ਼ਿਲ੍ਹਾ ਜੱਜ ਅਖਵਾਉਣ ਵਾਲੇ ਇੱਕ ਜੱਜ ਨੂੰ ਭੇਜਿਆ ਜਾਵੇਗਾ। ਇਹ ਜੱਜ ਵੈਸਟਮਿਨਸਟਰ ਦੀ ਮੈਜਿਸਟ੍ਰੇਟਾਂ ਦੀ ਅਦਾਲਤ ਤੋਂ ਹੁੰਦਾ ਹੈ।
- ਸੀਨੀਅਰ ਜਿਲ੍ਹਾ ਜੱਜ ਤੁਹਾਡੀ ਸਜ਼ਾ ਨੂੰ ਬਦਲਣ ਦਾ ਫ਼ੈਸਲਾ ਕਰ ਸਕਦਾ ਹੈ। ਪਰ ਉਹ ਇਸ ਤੱਥ ਨੂੰ ਨਹੀਂ ਬਦਲ ਸਕਦਾ ਕਿ ਤੁਸੀਂ ਦੋਸ਼ੀ ਪਾਏ ਗਏ ਸੀ।

### ਜੇਕਰ ਤੁਸੀਂ ਇਸ ਤੋਂ ਬਾਅਦ ਅਜੇ ਵੀ ਖ਼ੁਸ਼ ਨਹੀਂ ਹੁੰਦੇ

- ਤੁਸੀਂ ਜੇਲ੍ਹਾਂ ਅਤੇ ਪ੍ਰੋਬੇਸ਼ਨ ਓਮਬਡਜ਼ਮੈਨ ਅਖਵਾਉਂਦੇ ਇੱਕ ਵਿਅਕਤੀ ਨੂੰ ਆਪਣੇ ਕੇਸ 'ਤੇ ਨਜ਼ਰਸਾਨੀ ਕਰਨ ਲਈ ਨਿਵੇਦਨ ਕਰ ਸਕਦੇ ਹੋ। ਇਹ ਵਿਅਕਤੀ ਜੇਲ੍ਹ ਲਈ ਕੰਮ ਨਹੀਂ ਕਰਦਾ। ਉਹਨਾਂ ਦਾ ਕੰਮ ਹੁੰਦਾ ਹੈ ਕੈਦੀਆਂ ਦੁਆਰਾ ਜੇਲ੍ਹ ਦੀ ਜ਼ਿੰਦਗੀ ਬਾਰੇ ਕੀਤੀਆਂ ਜਾਣ ਵਾਲੀ ਸ਼ਿਕਾਇਤਾਂ ਦੀ ਪੜਤਾਲ ਕਰਨਾ
- ਤੁਸੀਂ ਆਪਣੇ ਕੰਮ ਦੀ ਨਜ਼ਰਸਾਨੀ ਕਰਨ ਲਈ ਨਿਵੇਦਨ ਕਰਨ ਲਈ ਓਮਬਡਜ਼ਮੈਨ ਨੂੰ ਪੱਤਰ ਲਿਖ ਸਕਦੇ ਹੋ ਜਾਂ ਤੁਸੀਂ ਆਪਣੇ ਵਕੀਲ ਨੂੰ ਜਮਾਨਤ ਮੰਗਣ ਲਈ ਕਹਿ ਸਕਦੇ ਹੋ।
- ਓਮਬਡਜ਼ਮੈਨ ਪਹਿਲਾਂ ਤੁਹਾਡੇ ਅਤੇ ਗਵਰਨਰ ਵਿਚਕਾਰ ਸਥਿਤੀ ਨੂੰ ਠੀਕ ਕਰਨ ਦੀ ਕੋਸ਼ਿਸ਼ ਕਰੇਗਾ।

## ਓਮਬਡਜ਼ਮੈਨ ਬਾਰੇ ਹੋਰ ਜਾਣਕਾਰੀ

- ਜੇਕਰ ਇਸ ਨਾਲ ਕੰਮ ਨਹੀਂ ਬਣਦਾ, ਤਾਂ ਓਸਬਡਜ਼ਮੈਨ ਇਸ ਬਾਰੇ ਇੱਕ ਰਿਪੋਰਟ ਲਿਖੇਗਾ ਕਿ ਉਸਦੇ ਵਿਚਾਰ ਵਿੱਚ ਕੀ ਹੋਣਾ ਚਾਹੀਦਾ ਹੈ।

- ਤੁਸੀਂ ਦੋਬਾਰਾ ਆਪਣੀ ਸੁਣਵਾਈ ਨਹੀਂ ਕਰਵਾ ਸਕੋਗੇ। ਪਰ ਓਮਬਡਜ਼ਮੈਨ ਇਹ ਸੁਝਾਅ ਦੇ ਸਕਦਾ ਹੈ ਕਿ ਜੇਲ੍ਹ ਤੁਹਾਡੇ ਦੋਸ਼ੀ ਪਾਏ ਜਾਣ ਦੇ ਤੱਥ ਜਾਂ ਤੁਹਾਨੂੰ ਦਿੱਤੀ ਗਈ ਸਜ਼ਾ ਨੂੰ ਬਦਲ ਦੇਵੇ।

  ਓਮਬਡਜ਼ਮੈਨ ਨੂੰ ਇਸ ਪਤੇ 'ਤੇ ਲਿਖੋ।

  Prisons and Probation Ombudsman
  Ashley House
  2 Monck Street
  LONDON
  SW1P 2BQ

## ਇੱਕ ਨਿਆਇਕ ਪੁਨਰ-ਨਿਰੀਖਣ

- ਤੁਸੀਂ ਕਿਸੇ ਜੱਜ ਨੂੰ ਆਪਣੇ ਕੰਮ 'ਤੇ ਨਜ਼ਰਸਾਨੀ ਕਰਨ ਲਈ ਨਿਵੇਦਨ ਕਰ ਸਕਦੇ ਹੋ। ਪਰ ਅਜਿਹਾ ਹੋਣ ਦੀ ਆਗਿਆ ਸ਼ਾਇਦ ਨਹੀਂ ਦਿੱਤੀ ਜਾ ਸਕਦੀ। ਇਸ ਲਈ ਉਹਨਾਂ ਢੰਗਾਂ ਨਾਲ ਸ਼ਿਕਾਇਤ ਕਰਨਾ ਸਭ ਤੋਂ ਵਧੀਆ ਹੁੰਦਾ ਹੈ ਜਿਨ੍ਹਾਂ ਬਾਰੇ ਪਹਿਲਾਂ ਗੱਲਬਾਤ ਕੀਤੀ ਗਈ ਹੈ।

- ਜੇ ਤੁਸੀਂ ਕਿਸ ਜੱਜ ਨੂੰ ਆਪਣੇ ਕੇਸ 'ਤੇ ਨਜ਼ਰਸਾਨੀ ਕਰਨ ਲਈ ਨਿਵੇਦਨ ਕਰਨਾ ਚਾਹੁੰਦੇ ਹੋ ਤਾਂ ਅਜਿਹਾ ਕਰਨ ਲਈ ਨਿਵੇਦਨ ਕਰਨ ਲਈ ਆਪਣੇ ਵਕੀਲ ਨੂੰ ਪੱਤਰ ਲਿਖੋ

## ਵਾਧੂ ਦਿਨ ਵਾਪਸ ਲੈਣਾ

- ਤੁਸੀਂ ਉਹਨਾਂ ਵਾਧੂ ਦਿਨਾਂ ਵਿੱਚੋਂ ਕੁਝ ਨੂੰ ਵਾਪਸ ਪ੍ਰਾਪਤ ਕਰਨ ਲਈ ਆਵੇਦਨ ਕਰ ਸਕਦੇ ਹੋ ਜੋ ਤੁਹਾਨੂੰ ਦਿੱਤੇ ਗਏ ਸਨ।

- ਤੁਸੀਂ ਸਧਾਰਨ ਤੌਰ 'ਤੇ ਅੱਧੇ ਤਕ ਦਿਨ ਵਾਪਸ ਪ੍ਰਾਪਤ ਕਰਨ ਲਈ ਆਵੇਦਨ ਕਰ ਸਕਦੇ ਹੋ

- ਤੁਸੀਂ ਅੰਤਿਮ ਵਾਰੀ ਕੋਈ ਅਪਰਾਧ ਕਰਨ ਦੇ ਦੋਸ਼ੀ ਪਾਏ ਜਾਣ ਤੋਂ 6 ਮਹੀਨਿਆਂ ਬਾਅਦ ਵਾਧੂ ਦਿਨ ਵਾਪਸ ਲੈਣ ਲਈ ਆਵੇਦਨ ਕਰ ਸਕਦੇ ਹੋ। ਜਾਂ ਫਿਰ ਪਿਛਲੀ ਵਾਰੀ ਵਾਧੂ ਦਿਨ ਵਾਪਸ ਲੈਣ ਲਈ ਆਵੇਦਨ ਕਰਨ ਤੋਂ 6 ਮਹੀਨੇ ਬਾਅਦ ਅਜਿਹਾ ਕਰ ਸਕਦੇ ਹੋ।

- ਜੇਕਰ ਤੁਸੀਂ ਇੱਕ ਨੌਜਵਾਨ ਅਪਰਾਧੀ ਹੋ, ਤਾਂ ਤੁਸੀਂ 4 ਮਹੀਨਿਆਂ ਬਾਅਦ ਆਵੇਦਨ ਕਰ ਸਕਦੇ ਹੋ।

## ਵਾਧੂ ਦਿਨ ਵਾਪਸ ਲੈਣ ਲਈ ਆਵੇਦਨ ਕਿਵੇਂ ਕਰਨਾ ਹੈ।

- ਆਪਣੇ ਵਿੰਗ 'ਤੇ ਮੌਜੂਦ ਸਟਾਫ਼ ਦੇ ਕਿਸੇ ਮੈਂਬਰ ਨਾਲ ਗੱਲ ਕਰੋ। ਸਟਾਫ਼ ਦਾ ਮੈਂਬਰ ਇਹ ਦੇਖਣ ਲਈ ਜਾਂਚ ਕਰੇਗਾ ਕਿ ਕੀ ਤੁਸੀਂ ਆਪਣੇ ਵਾਧੂ ਦਿਨ ਵਾਪਸ ਲੈ ਸਕਦੇ ਹੋ।

- ਉਸ ਤੋਂ ਬਾਅਦ ਤੁਹਾਨੂੰ ਇਹ ਦੱਸਣ ਲਈ ਲਿਖਤੀ ਤੌਰ 'ਤੇ ਕੁਝ ਦੇਣ ਲਈ ਕਿਹਾ ਜਾਵੇਗਾ ਕਿ ਤੁਹਾਡੇ ਵਿਚਾਰ ਵਿੱਚ ਤੁਹਾਨੂੰ, ਆਪਣੇ ਵਾਧੂ ਦਿਨ ਕਿਉਂ ਵਾਪਸ ਮਿਲਣੇ ਚਾਹੀਦੇ ਹਨ।

- ਉਸ ਤੋਂ ਬਾਅਦ ਤੁਹਾਡੇ ਵਿੰਗ 'ਤੇ ਮੌਜੂਦ ਕੋਈ ਸਟਾਫ਼ ਮੈਂਬਰ ਤੁਹਾਡੇ ਬਾਰੇ ਇੱਕ ਰਿਪੋਰਟ ਲਿਖੇਗਾ ਅਤੇ ਇਸ ਨੂੰ ਗਵਰਨਰ ਨੂੰ ਭੇਜ ਦੇਵੇਗਾ। ਰਿਪੋਰਟ ਦੇ ਨਾਲ ਉਹ ਤੁਹਾਡੇ ਦੁਆਰਾ ਕੀਤੇ ਗਏ ਕਿਸੇ ਅਪਰਾਧਾਂ ਬਾਰੇ ਜਾਣਕਾਰੀ ਵੀ ਭੇਜੇਗਾ।

- ਤੁਹਾਨੂੰ ਸ਼ਾਇਦ ਸਾਰੇ ਦਿਨ ਵਾਪਸ ਨਹੀਂ ਮਿਲਣਗੇ। ਪਰ ਤੁਸੀਂ ਹੋਰ ਦਿਨ ਵਾਪਸ ਲੈਣ ਲਈ ਬਾਅਦ ਵਿੱਚ ਦੋਬਾਰਾ ਆਵੇਦਨ ਕਰ ਸਕਦੇ ਹੋ।

## ਵੱਖਰਾ ਕਰਨਾ, ਤੁਹਾਡੇ ਕਮਰੇ ਦੀ ਤਲਾਸ਼ੀ ਲੈਣੀ ਅਤੇ ਹੋਰ ਕੰਮ ਜੋ ਜੇਲ੍ਹ ਦਾ ਸਟਾਫ਼ ਜੇਲ੍ਹ ਨੂੰ ਸੁਰੱਖਿਅਤ ਰੱਖਣ ਲਈ ਕਰ ਸਕਦਾ ਹੈ।

✓ ਕਈ ਹੋਰ ਚੀਜ਼ਾਂ ਹਨ ਜੋ ਜੇਲ੍ਹ ਦਾ ਸਟਾਫ਼ ਜੇਲ੍ਹ ਵਿੱਚ ਚੱਲ ਰਹੀਆਂ ਗਤੀਵਿਧੀਆਂ ਨੂੰ ਨਿਯੰਤਰਣ ਵਿੱਚ ਰੱਖਣ ਲਈ ਕਰ ਸਕਦਾ ਹੈ।

✓ ਇਹਨਾਂ ਚੀਜ਼ਾਂ ਨੂੰ ਸਜ਼ਾਵਾਂ ਵਜੋਂ ਇਸਤੇਮਾਲ ਨਹੀਂ ਕੀਤਾ ਜਾ ਸਕਦਾ। ਪਰ ਉਹਨਾਂ ਨੂੰ ਜਿੱਥੇ ਜ਼ਰੂਰੀ ਹੋਵੇ ਦੂਸਰੇ ਲੋਕਾਂ ਨੂੰ ਆਹਤ ਹੋਣ ਤੋਂ ਬਚਾਉਣ ਅਤੇ ਜੇਲ੍ਹ ਨੂੰ ਸੁਰੱਖਿਅਤ ਰੱਖਣ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ।

✓ ਇਹਨਾਂ ਚੀਜ਼ਾਂ ਦਾ ਇਸਤੇਮਾਲ ਮੁਸ਼ਕਲ ਨਾਲ ਹੀ ਕਦੇ ਕੀਤਾ ਜਾਂਦਾ ਹੈ।

## **ਵੱਖਰਾ ਰੱਖਣਾ** (ਇਸ ਬਾਰੇ ਵਧੇਰੇ ਜਾਣਕਾਰੀ ਜੇਲ੍ਹ ਪ੍ਰਬੰਧਨ ਨਿਯਮ 45 ਵਿੱਚ ਦਿੱਤੀ ਗਈ ਹੈ)

### ਵੱਖਰਾ ਰੱਖਣਾ ਕੀ ਹੁੰਦਾ ਹੈ?

- ਵੱਖਰਾ ਰੱਖਣ ਦਾ ਅਰਥ ਹੁੰਦਾ ਹੈ ਜਦੋਂ ਤੁਹਾਨੂੰ ਦੂਸਰੇ ਕੈਦੀਆਂ ਤੋਂ ਵੱਖਰਾ ਰੱਖਿਆ ਜਾਂਦਾ ਹੈ।
- ਗਵਰਨਰ ਫ਼ੈਸਲਾ ਕਰਦਾ ਹੈ ਕਿ ਕੀ ਤੁਹਾਨੂੰ ਵੱਖਰਾ ਰੱਖਿਆ ਜਾਣਾ ਚਾਹੀਦਾ ਹੈ ਜਾਂ ਨਹੀਂ
- ਤੁਹਾਨੂੰ ਸ਼ਾਇਦ ਜੇਲ੍ਹ ਦੇ ਦੂਸਰੇ ਹਿੱਸੇ ਵਿੱਚ ਰੱਖਿਆ ਜਾ ਸਕਦਾ ਹੈ ਜਿਸਨੂੰ ਅਲਗਾਵ ਇਕਾਈ ਕਹਿੰਦੇ ਹਨ। ਤੁਹਾਨੂੰ ਦੂਸਰੇ ਕੈਦੀਆਂ ਤੋਂ ਦੂਰ ਰੱਖਿਆ ਜਾਵੇਗਾ। ਤੁਹਾਨੂੰ ਦੂਸਰੇ ਕੈਦੀਆਂ ਨਾਲ ਰੱਖਿਆ ਜਾ ਸਕਦਾ ਹੈ ਜੋ ਵੱਖਰੇ ਰੱਖੇ ਗਏ ਹੁੰਦੇ ਹਨ।
- ਤੁਸੀਂ ਸ਼ਾਇਦ ਕੰਮ ਨਹੀਂ ਕਰ ਸਕਦੇ ਅਤੇ ਤੁਹਾਨੂੰ ਦੂਸਰੇ ਕੈਦੀਆਂ ਨਾਲੋਂ ਵਧੇਰੇ ਸਮੇਂ ਲਈ ਆਪਣੇ ਕਮਰੇ ਵਿੱਚ ਰਹਿਣਾ ਪੈ ਸਕਦਾ ਹੈ।

### ਤੁਹਾਨੂੰ ਵੱਖਰਾ ਕਿਉਂ ਰੱਖਿਆ ਜਾਵੇਗਾ?

- ਜੇਕਰ ਤੁਸੀਂ ਜਾਂ ਜੇਲ੍ਹ ਦਾ ਸਟਾਫ਼ ਸੋਚਦਾ ਹੈ ਕਿ ਤੁਸੀਂ ਖ਼ਤਰੇ ਵਿੱਚ ਹੋ। ਉਦਾਹਰਨ ਲਈ ਤੁਸੀਂ ਦੂਸਰੇ ਕੈਦੀਆਂ ਤੋਂ ਦੂਰ ਰੱਖਿਆ ਜਾਣਾ ਚਾਹੁੰਦੇ ਹੋ ਸਕਦੇ ਹੋ ਕਿਉਂਕਿ ਤੁਸੀਂ ਸੋਚਦੇ ਹੋ ਕਿ ਤੁਹਾਡੇ ਦੁਆਰਾ ਕੀਤੇ ਗਏ ਅਪਰਾਧ ਦੀ ਕਿਸਮ ਨੂੰ ਦੇਖਦੇ ਹੋਏ ਉਹ ਤੁਹਾਨੂੰ ਦੁੱਖੀ ਕਰ ਸਕਦੇ ਹਨ। ਉਦਾਹਰਨ ਲਈ ਜੇਕਰ ਤੁਸੀਂ ਸੈਕਸ ਸੰਬੰਧੀ ਕੋਈ ਅਪਰਾਧ ਕੀਤਾ ਹੈ। ਤੁਹਾਡੇ ਵਕੀਲ ਜਾਂ ਪੁਲੀਸ ਨੇ ਤੁਹਾਨੂੰ ਇਸ ਬਾਰੇ ਸਲਾਹ ਦਿੱਤੀ ਹੋ ਸਕਦੀ ਹੈ।
- ਜੇਕਰ ਤੁਸੀਂ ਇਸ ਤਰ੍ਹਾਂ ਦਾ ਵਿਵਹਾਰ ਕਰਦੇ ਹੋ ਜੋ ਜੇਲ੍ਹ ਸਟਾਫ਼ ਦੇ ਵਿਚਾਰ ਵਿੱਚ ਦੂਸਰੇ ਵਿਅਕਤੀਆਂ ਨੂੰ ਖ਼ਤਰੇ ਵਿੱਚ ਪਾ ਸਕਦਾ ਹੈ ਜਾਂ ਬਾਕੀ ਦੀ ਜੇਲ੍ਹ ਲਈ ਸਮੱਸਿਆਵਾਂ ਪੈਦਾ ਕਰ ਸਕਦਾ ਹੈ।

### ਤੁਸੀਂ ਕਿੰਨੀ ਦੇਰ ਵੱਖਰਾ ਰੱਖਿਆ ਜਾਵੇਗਾ?

- ਗਵਰਨਰ ਸ਼ੁਰੂ ਵਿੱਚ ਤੁਹਾਨੂੰ 3 ਦਿਨਾਂ ਤਕ ਦੇ ਸਮੇਂ ਲਈ ਵੱਖਰਾ ਰੱਖ ਸਕਦਾ ਹੈ।
- ਉਸ ਤੋਂ ਬਾਅਦ ਤੁਹਾਨੂੰ 1 ਮਹੀਨੇ ਤਕ ਦੇ ਸਮੇਂ ਲਈ ਵੱਖਰਾ ਰੱਖਿਆ ਜਾ ਸਕਦਾ ਹੈ। ਅਤੇ ਉਸ ਤੋਂ ਬਾਅਦ ਹਰ ਵਾਰੀ 1 ਮਹੀਨੇ ਤਕ ਦੇ ਸਮੇਂ ਲਈ
- 21 ਸਾਲ ਤੋਂ ਘੱਟ ਉਮਰ ਦੇ ਕੈਦੀਆਂ ਨੂੰ ਜ਼ਿਆਦਾ ਤੋਂ ਜ਼ਿਆਦਾ 14 ਦਿਨਾਂ ਤਕ ਦੇ ਸਮੇਂ ਲਈ ਵੱਖਰਾ ਰੱਖਿਆ ਜਾ ਸਕਦਾ ਹੈ।
- ਪਹਿਲੇ 3 ਦਿਨਾਂ ਤੋਂ ਬਾਅਦ ਗਵਰਨਰ ਨੂੰ ਇਹ ਦੇਖਣ ਲਈ ਘੱਟੋ-ਘੱਟ ਹਰੇਕ 14 ਦਿਨਾਂ 'ਤੇ ਜ਼ਰੂਰ ਜਾਂਚ ਕਰਨੀ ਚਾਹੀਦੀ ਹੈ ਕਿ ਕੀ ਤੁਹਾਨੂੰ ਅਜੇ ਵੀ ਵੱਖਰਾ ਰੱਖਿਆ ਜਾਣਾ ਚਾਹੀਦਾ ਹੈ।

## ਜੇ ਤੁਸੀਂ ਵੱਖਰਾ ਰੱਖਿਆ ਜਾਣਾ ਚਾਹੁੰਦੇ ਹੋ ਤਾਂ ਵਿਚਾਰ ਕਰਨ ਯੋਗ ਗੱਲਾਂ

- ✓ ਵੱਖਰਾ ਰਹਿਣਾ ਇੱਕ ਬਹੁਤ ਹੀ ਗੰਭੀਰ ਗੱਲ ਹੁੰਦੀ ਹੈ। ਵੱਖਰਾ ਰੱਖੇ ਜਾਣ ਲਈ ਨਿਵੇਦਨ ਕਰਨ ਤੋਂ ਪਹਿਲਾਂ ਬਹੁਤ ਧਿਆਨ ਨਾਲ ਸੋਚੋ।
- ✓ ਤੁਹਾਨੂੰ ਸਿਰਫ਼ ਤਾਂ ਹੀ ਵੱਖਰਾ ਰੱਖਿਆ ਜਾ ਸਕਦਾ ਹੋ ਜੇਕਰ ਗਵਰਨਰ ਸਹਿਮਤ ਹੋਵੇ ਕਿ ਅਜਿਹਾ ਕਰਨਾ ਠੀਕ ਹੈ।
- ✓ ਜੇ ਤੁਹਾਨੂੰ ਵੱਖਰਾ ਰੱਖ ਦਿੱਤਾ ਜਾਂਦਾ ਹੈ, ਤਾਂ ਦੂਸਰੇ ਕੈਦੀ ਸ਼ਾਇਦ ਤੁਹਾੜੇ ਬਾਰੇ ਅਜਿਹੀਆਂ ਗੱਲਾਂ ਸੋਚਣੀਆਂ ਸ਼ੁਰੂ ਕਰ ਸਕਦੇ ਹੋ ਜੋ ਤੁਹਾੜੇ ਲਈ ਵਿੰਗ 'ਤੇ ਵਾਪਸ ਆਉਣਾ ਵਧੇਰੇ ਮੁਸ਼ਕਲ ਕਰ ਦੇਣਗੀਆਂ।

## ਮਦਦ ਜੋ ਤੁਹਾਨੂੰ ਵੱਖਰਾ ਰਹਿੰਦੇ ਹੋਏ ਮਿਲ ਸਕਦੀ ਹੈ।

ਜੇਕਰ ਤੁਸੀਂ ਵੱਖਰੇ ਰਹਿੰਦੇ ਹੋਏ ਕਿਸੇ ਚੀਜ਼ ਬਾਰੇ ਚਿੰਤਿਤ ਹੋ, ਤਾਂ ਜੇਲ੍ਹ ਦੇ ਕਿਸੇ ਅਧਿਕਾਰੀ ਜਾਂ ਗਵਰਨਰ ਨਾਲ ਗੱਲ ਕਰੋ।

ਇਹ ਵਿਅਕਤੀ ਹਰ ਰੋਜ਼ ਵੱਖਰਾ ਰੱਖਣ ਦੀ ਇਕਾਈ ਵਿੱਚ ਜਾਂਦੇ ਹਨ

- ਇੱਕ ਜੇਲ੍ਹ ਅਧਿਕਾਰੀ
- ਗਵਰਨਰ
- ਇੱਕ ਡਾਕਟਰ ਜਾਂ ਨਰਸ

ਇਹ ਵਿਅਕਤੀ ਵੀ ਵੱਖਰਾ ਰੱਖਣ ਦੀ ਇਕਾਈ ਵਿੱਚ ਜਾਂਦੇ ਹਨ-ਪਰ ਹਰ ਰੋਜ਼ ਨਹੀਂ

- ਚੈਪਲੇਨ
- ਸੁਤੰਤਰ ਨਿਗਰਾਨੀ ਬੋਰਡ ਤੋਂ ਕੋਈ ਵਿਅਕਤੀ (ਇਹ ਉਹ ਵਿਅਕਤੀ ਹੁੰਦੇ ਹਨ ਜੋ ਇਹ ਦੇਖਣ ਲਈ ਜੇਲ੍ਹਾਂ ਦੀ ਜਾਂਚ ਕਰਦੇ ਹਨ ਕਿ ਉਹਨਾਂ ਨੂੰ ਇੱਕ ਵਧੀਆ ਅਤੇ ਨਿਆਂਪੂਰਨ ਢੰਗ ਵਿੱਚ ਚਲਾਇਆ ਜਾਂਦਾ ਹੈ)।

## ਵਿਸ਼ੇਸ਼ ਰਿਹਾਇਸ਼ ਅਤੇ ਮਸ਼ੀਨੀ ਪ੍ਰਤੀਬੰਧ

ਇਹਨਾਂ ਚੀਜ਼ਾਂ ਦਾ ਅਕਸਰ ਇਸਤੇਮਾਲ ਨਹੀਂ ਕੀਤਾ ਜਾਂਦਾ। ਪਰ ਜੇਲ੍ਹ ਦਾ ਸਟਾਫ਼ ਉਹਨਾਂ ਦਾ ਇਸਤੇਮਾਲ ਕਰ ਸਕਦਾ ਹੈ ਜੇਕਰ

- ਤੁਸੀਂ ਇੱਕ ਹਿੰਸਕ ਢੰਗ ਵਿੱਚ ਵਿਵਹਾਰ ਕਰ ਰਹੇ ਹੋ
- ਤੁਸੀਂ ਆਪਣੇ ਆਪ ਨੂੰ, ਦੂਸਰੇ ਵਿਅਕਤੀਆਂ ਜਾਂ ਜੇਲ੍ਹ ਨੂੰ ਠੇਸ ਜਾਂ ਹਾਨੀ ਪਹੁੰਚਾ ਸਕਦੇ ਹੋ।

**ਵਿਸ਼ੇਸ਼ ਰਿਹਾਇਸ਼,** ਜੇਲ੍ਹ ਦਾ ਇੱਕ ਅਜਿਹਾ ਕਮਰਾ ਹੁੰਦਾ ਹੈ ਜਿਸ ਵਿੱਚ ਜੇਲ੍ਹ ਸਟਾਫ਼ ਤੁਹਾਨੂੰ ਤਾੜ ਸਕਦਾ ਹੈ ਜੇਕਰ ਤੁਸੀਂ ਇੱਕ ਹਿੰਸਕ ਢੰਗ ਵਿੱਚ ਵਿਵਹਾਰ ਕਰਦੇ ਹੋ। ਕਮਰੇ ਵਿੱਚ ਸ਼ਾਇਦ ਕੋਈ ਫ਼ਰਨੀਚਰ ਨਾ ਹੋਵੇ। ਤੁਹਾਨੂੰ ਉਸ ਸਮੇਂ ਤਕ ਕਮਰੇ ਵਿੱਚ ਤਾਲਾਬੰਦ ਕਰਕੇ ਰੱਖਿਆ ਜਾਵੇਗਾ ਜਦੋਂ ਤਕ ਤੁਸੀਂ ਸ਼ਾਂਤ ਨਹੀਂ ਹੋ ਜਾਂਦੇ।

ਮਸ਼ੀਨੀ ਰੋਕਾਂ ਉਹ ਚੀਜ਼ਾਂ ਹਨ ਜੋ ਤੁਹਾਨੂੰ ਆਪਣੇ ਆਪ ਨੂੰ ਜਾਂ ਦੂਸਰਿਆਂ ਨੂੰ ਸੱਟ ਪਹੁੰਚਾਉਣ ਤੋਂ ਰੋਕਣ ਲਈ ਤੁਹਾਡੇ ਸਰੀਰ 'ਤੇ ਪਾਈਆਂ ਜਾ ਸਕਦੀਆਂ ਹਨ। ਇੱਕ ਬਾਡੀ ਬੈਲਟ ਇੱਕ ਕਿਸਮ ਦੀ ਮਸ਼ੀਨੀ ਰੋਕ ਹੁੰਦੀ ਹੈ ਜਿਸਦਾ ਇਸਤੇਮਾਲ ਕੀਤਾ ਜਾਵੇਗਾ। ਇਹ ਕਮਰ ਦੁਆਲੇ ਘੁੰਮਣ ਵਾਲੀ ਇੱਕ ਬੈਲਟ ਹੁੰਦੀ ਹੈ ਜਿਸ ਨਾਲ ਹੱਥਕੜੀਆਂ ਜੁੜੀ ਹੁੰਦੀਆਂ ਹਨ।

- ਜੇਕਰ ਤੁਹਾਨੂੰ ਇੱਕ ਵਿਸ਼ੇਸ਼ ਕਮਰੇ ਵਿੱਚ ਤਾਲਾਬੰਦ ਕਰਨ ਨਾਲ ਕੰਮ ਨਹੀਂ ਬਣਿਆ ਹੈ ਤਾਂ ਤੁਹਾਨੂੰ ਇੱਕ ਬਾਡੀ ਬੈਲਟ ਵਿੱਚ ਪਾਇਆ ਜਾਵੇਗਾ।
- ਤੁਹਾਨੂੰ ਸਿਰਫ਼ ਤਾਂ ਹੀ ਕਿਸੇ ਬਾਡੀ ਬੈਲਟ ਵਿੱਚ ਪਾਇਆ ਜਾ ਸਕਦਾ ਹੈ ਜੇਕਰ ਤੁਹਾਡੀ ਉਮਰ 17 ਸਾਲ ਤੋਂ ਵੱਧ ਹੈ।
- ਜੇਲ੍ਹ ਦਾ ਸਟਾਫ਼ ਹਰ 4 ਘੰਟਿਆਂ 'ਤੇ ਇਹ ਦੇਖੇਗਾ ਕਿ ਤੁਸੀਂ ਕਿਵੇਂ ਚੱਲ ਰਹੇ ਹੋ।
- ਸੁਤੰਤਰ ਨਿਗਰਾਨੀ ਬੋਰਡ (ਉਹ ਵਿਅਕਤੀ ਜੋ ਇਹ ਯਕੀਨੀ ਬਣਾਉਣ ਲਈ ਜੇਲ੍ਹਾਂ ਦੀ ਜਾਂਚ ਕਰਦੇ ਹਨ ਕਿ ਉਹਨਾਂ ਨੂੰ ਇੱਕ ਵਧੀਆ ਅਤੇ ਨਿਆਂਪੂਰਨ ਢੰਗ ਵਿੱਚ ਚਲਾਇਆ ਜਾਂਦਾ ਹੈ) ਵਲੋਂ ਕੋਈ, 1 ਦਿਨ ਅੰਦਰ ਤੁਹਾਡੇ ਨਾਲ ਮੁਲਾਕਾਤ ਕਰੇਗਾ। ਇਹ ਵਿਅਕਤੀ ਜਿੱਥੇ ਕਿਧਰੇ ਹੋ ਸਕੇ, ਉਸ ਸਮੇਂ ਵੀ ਉੱਥੇ ਹੋਵੇਗਾ ਜਦੋਂ ਜੇਲ੍ਹ ਦਾ ਸਟਾਫ਼ ਇਹ ਦੇਖਦਾ ਹੈ ਕਿ ਤੁਹਾਡਾ ਕੀ ਹਾਲਚਾਲ ਹੈ।

ਮੁੱਖ ਗੱਲਾਂ

✓ ਜੇਲ੍ਹ ਸਟਾਫ਼ ਦੁਆਰਾ ਤੁਹਾਨੂੰ ਕਿਸੇ ਵਿਸ਼ੇਸ਼ ਕਮਰੇ ਵਿੱਚ ਤਾਲਾਬੰਦ ਕੀਤਾ ਜਾਵੇ ਜਾਂ ਤੁਹਾਨੂੰ ਕਿਸੇ ਬਾਡੀ ਬੈਲਟ ਵਿੱਚ ਪਾਏ ਜਾਣ ਤੋਂ ਪਹਿਲਾਂ ਗਵਰਨਰ ਨੂੰ ਜ਼ਰੂਰ ਕਹਿਣਾ ਚਾਹੀਦਾ ਹੈ ਕਿ ਅਜਿਹਾ ਕਰਨਾ ਠੀਕ ਹੈ।

✓ ਜੇਲ੍ਹ ਦੇ ਸਟਾਫ਼ ਨੂੰ ਸਿਹਤ ਸੰਭਾਲ ਨੂੰ ਜ਼ਰੂਰ ਦੱਸਣਾ ਚਾਹੀਦਾ ਹੈ ਕਿ ਅਜਿਹਾ ਹੋਇਆ ਹੈ।

✓ ਇੱਕ ਡਾਕਟਰ ਜਾਂ ਨਰਸ ਜਿੰਨੀ ਜਲਦੀ ਹੋ ਸਕੇ, ਤੁਹਾਡੀ ਜਾਂਚ ਕਰੇਗੀ।

✓ ਸੁਤੰਤਰ ਨਿਗਰਾਨੀ ਬੋਰਡ (ਉਹ ਵਿਅਕਤੀ ਜੋ ਇਹ ਯਕੀਨੀ ਬਣਾਉਣ ਲਈ ਜੇਲ੍ਹਾਂ ਦੀ ਜਾਂਚ ਕਰਦੇ ਹਨ ਕਿ ਉਹਨਾਂ ਨੂੰ ਇੱਕ ਵਧੀਆ ਅਤੇ ਨਿਆਂਪੂਰਨ ਢੰਗ ਵਿੱਚ ਚਲਾਇਆ ਜਾਂਦਾ ਹੈ) ਵਲੋਂ ਕਿਸੇ ਨੂੰ 1 ਦਿਨ ਅੰਦਰ ਤੁਹਾਡੇ ਨਾਲ ਮੁਲਾਕਾਤ ਕਰਨੀ ਚਾਹੀਦੀ ਹੈ।

✓ ਸੁਤੰਤਰ ਨਿਗਰਾਨੀ ਬੋਰਡ ਇਹ ਯਕੀਨੀ ਬਣਾਉਣ ਲਈ ਵੀ ਜਾਂਚ ਕਰੇਗਾ ਕਿ ਕੀ ਜੇਲ੍ਹ ਸਟਾਫ਼ ਲਈ ਤੁਹਾਨੂੰ ਕਿਸੇ ਵਿਸ਼ੇਸ਼ ਕਮਰੇ ਵਿੱਚ ਤਾਲਾਬੰਦ ਕਰਨਾ ਜਾਂ ਤੁਹਾਨੂੰ ਕਿਸੇ ਬਾਡੀ ਬੈਲਟ ਵਿੱਚ ਪਾਉਣਾ ਠੀਕ ਸੀ।

✓ ਸਟਾਫ਼ ਇਹ ਦੇਖਣ ਲਈ ਅਕਸਰ ਤੁਹਾਡੀ ਜਾਂਚ ਕਰੇਗਾ ਕਿ ਤੁਹਾਡਾ ਕੀ ਹਾਲਚਾਲ ਹੈ। ਜਿਵੇਂ ਹੀ ਤੁਹਾਡਾ ਵਿਵਹਾਰ ਖ਼ਤਰਨਾਕ ਹੋਣਾ ਬੰਦ ਹੋ ਜਾਂਦਾ ਹੈ, ਜੇਲ੍ਹ ਦਾ ਸਟਾਫ਼ ਤੁਹਾਨੂੰ ਵਿਸ਼ੇਸ਼ ਕਮਰੇ ਅਤੇ ਜਾਂ ਬਾਡੀ ਬੈਲਟ ਤੋਂ ਬਾਹਰ ਲੈ ਜਾਵੇਗਾ।

## ਜੇਲ੍ਹ ਵਿੱਚ ਬਗਾਵਤ

ਜੇਕਰ ਤੁਸੀਂ ਜੇਲ੍ਹ ਵਿੱਚ ਕਿਸੇ ਗੰਭੀਰ ਖਲਬਲੀ ਵਿੱਚ ਹਿੱਸਾ ਲੈਂਦੇ ਹੋ, ਤਾਂ ਤੁਹਾਡੇ 'ਤੇ ਜੇਲ੍ਹ ਵਿੱਚ ਬਗਾਵਤ ਕਰਨ ਦਾ ਦੋਸ਼ ਲਗਾਇਆ ਜਾ ਸਕਦਾ ਹੈ।

ਜੇਲ੍ਹ ਵਿੱਚ ਬਗਾਵਤ ਉਸ ਸਮੇਂ ਹੋਈ ਮੰਨੀ ਜਾਂਦੀ ਹੈ ਜਦੋਂ ਤੁਸੀਂ ਅਤੇ ਦੂਸਰੇ ਕੈਦੀ ਜੇਲ੍ਹ ਨੂੰ ਆਪਣੇ ਨਿਯੰਤਰਣ ਵਿੱਚ ਲੈਣ ਅਤੇ ਗਵਰਨਰ ਅਤੇ ਜੇਲ੍ਹ ਦੇ ਦੂਸਰੇ ਸਟਾਫ਼ ਨੂੰ ਜੇਲ੍ਹ ਦਾ ਮੁਖੀ ਹੋਣ ਅਤੇ ਇਸ ਨੂੰ ਚਲਾਉਣ ਤੋਂ ਰੋਕਣ ਦੀ ਕੋਸ਼ਿਸ਼ ਕਰਦੇ ਹੋ।

ਤੁਹਾਨੂੰ ਜੇਲ੍ਹ ਵਿੱਚ ਬਗਾਵਤ ਕਰਨ ਦਾ ਦੋਸ਼ੀ ਮੰਨਿਆ ਜਾ ਸਕਦਾ ਹੈ ਜੇਕਰ

- ਸਟਾਫ਼ ਜਾਂ ਕੈਦੀ ਜਖ਼ਮੀ ਹੁੰਦੇ ਹਨ
- ਜੇਲ੍ਹ ਨੂੰ ਨੁਕਸਾਨ ਹੁੰਦਾ ਹੈ
- ਗਵਰਨਰ ਜੇਲ੍ਹ ਦੇ ਕਿਸੇ ਹਿੱਸੇ ਜਾਂ ਪੂਰੀ ਜੇਲ੍ਹ 'ਤੇ ਆਪਣਾ ਨਿੰਤਰਣ ਖੋ ਬੈਠਦਾ ਹੈ।

ਜੇਕਰ ਤੁਹਾਡੇ 'ਤੇ ਜੇਲ੍ਹ ਵਿੱਚ ਬਗਾਵਤ ਕਰਨ ਦਾ ਦੋਸ਼ ਲੱਗਦਾ ਹੈ ਤਾਂ

- ਤੁਹਾਨੂੰ 10 ਸਾਲਾਂ ਤਕ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ
- ਤੁਹਾਨੂੰ ਜੁਰਮਾਨਾ ਹੋ ਸਕਦਾ ਹੈ ਜਿੱਥੇ ਤੁਹਾਨੂੰ ਕੁਝ ਧਨ ਦਾ ਭੁਗਤਾਨ ਕਰਨਾ ਪੈਂਦਾ ਹੈ
- ਜਾਂ ਇਹਨਾਂ ਵਿੱਚੋਂ ਦੋਵੇਂ।

### ਜੇਕਰ ਤੁਹਾਡੇ ਆਸਪਾਸ ਦੇ ਦੂਸਰੇ ਕੈਦੀ ਜੇਲ੍ਹ ਵਿੱਚ ਬਗਾਵਤ ਕਰਨੀ ਸ਼ੁਰੂ ਕਰਦੇ ਹਨ

- ਉਹਨਾਂ ਵਿੱਚ ਸ਼ਾਮਲ ਨਾ ਹੋਵੋ
- ਉਸ ਸਥਾਨ ਤੋਂ ਚਲੇ ਜਾਓ ਜਿੱਥੇ ਇਹ ਹੋ ਰਹੀ ਹੈ
- ਜੇਕਰ ਤੁਸੀਂ ਅਜਿਹਾ ਨਹੀਂ ਕਰਦੇ, ਤਾਂ ਜੇਲ੍ਹ ਦਾ ਸਟਾਫ਼ ਸ਼ਾਇਦ ਇਹ ਸੋਚ ਸਕਦਾ ਹੈ ਕਿ ਤੁਸੀਂ ਬਗਾਵਤ ਵਿੱਚ ਹਿੱਸਾ ਲੈ ਰਹੇ ਸੀ ਅਤੇ ਤੁਹਾਡੇ 'ਤੇ ਜੇਲ੍ਹ ਵਿੱਚ ਬਗਾਵਤ ਕਰਨ ਦਾ ਦੋਸ਼ ਲਗਾ ਸਕਦਾ ਹੈ।

## ਤੁਹਾਡੇ ਕਮਰੇ ਅਤੇ ਦੂਸਰੀਆਂ ਚੀਜ਼ਾਂ ਦੀ ਤਲਾਸ਼ੀ ਲੈਣੀ

- ਜੇਲ੍ਹ ਅਧਿਕਾਰੀ ਜੇਲ੍ਹ ਨੂੰ ਸੁਰੱਖਿਅਤ ਰੱਖਣ ਲਈ ਕਿਸੇ ਵੀ ਸਮੇਂ 'ਤੇ ਤੁਹਾਡੇ ਕਮਰੇ ਅਤੇ ਤੁਹਾਡੀਆਂ ਚੀਜ਼ਾਂ ਦੀ ਤਲਾਸ਼ੀ ਲੈ ਸਕਦੇ ਹਨ।
- ਇਸ ਬਾਰੇ ਕੋਈ ਨਿਯਮ ਨਹੀਂ ਹਨ ਕਿ ਅਜਿਹਾ ਕਿੰਨੀ ਵਾਰੀ ਹੋ ਸਕਦਾ ਹੈ। ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿਸ ਜੇਲ੍ਹ ਵਿੱਚ ਹੋ ਜਾਂ ਜੇਲ੍ਹ ਸਟਾਫ਼ ਦੇ ਵਿਚਾਰ ਵਿੱਚ ਤੁਸੀਂ ਕਿੰਨੇ ਸੁਰੱਖਿਅਤ ਹੋ।

## ਜਦੋਂ ਤੁਹਾਡੇ ਕਮਰੇ ਜਾਂ ਤੁਹਾਡੀਆਂ ਚੀਜ਼ਾਂ ਦੀ ਤਲਾਸ਼ੀ ਲਈ ਜਾਂਦੀ ਹੈ ਤਾਂ ਕਿ ਹੁੰਦਾ ਹੈ?

- ਤੁਹਾਡੇ ਕਮਰੇ ਦੀ ਤਲਾਸ਼ੀ ਲਏ ਜਾਣ ਤੋਂ ਪਹਿਲਾਂ ਤੁਹਾਡੇ ਕਮਰੇ ਵਿੱਚ ਤੁਹਾਡੀ ਪੂਰੀ ਤਲਾਸ਼ੀ ਲਈ ਜਾਵੇਗੀ।
- ਤੁਹਾਨੂੰ ਕੋਈ ਵੀ ਅਜਿਹੀ ਚੀਜ਼ ਜੇਲ੍ਹ ਸਟਾਫ਼ ਨੂੰ ਦੇਣੀ ਪਵੇਗੀ ਜਿਸਨੂੰ ਰੱਖਣ ਦੀ ਤੁਹਾਨੂੰ ਆਗਿਆ ਨਹੀਂ ਹੈ।
- ਤੁਹਾਡੇ ਕਮਰੇ ਦੀ ਤਲਾਸ਼ੀ ਲਏ ਜਾਣ ਸਮੇਂ ਤੁਹਾਨੂੰ ਜੇਲ੍ਹ ਦੇ ਕਿਸੇ ਦੂਸਰੇ ਖੇਤਰ ਵਿੱਚ ਲਿਜਾਇਆ ਜਾਵੇਗਾ।
- ਜੇਲ੍ਹ ਦਾ ਸਟਾਫ਼ ਚੀਜ਼ਾਂ 'ਤੇ ਨਜ਼ਰ ਮਾਰਨ ਲਈ ਉਹਨਾਂ ਨੂੰ ਤੁਹਾਡੇ ਕਮਰੇ ਤੋਂ ਦੂਰ ਲਿਜਾ ਸਕਦਾ ਹੈ। ਤੁਹਾਡੀਆਂ ਚੀਜ਼ਾਂ ਨੂੰ ਵਧੇਰੇ ਨਜ਼ਦੀਕ ਤੋਂ ਦੇਖਣ ਲਈ ਐਕਸ-ਰੇ ਮਸ਼ੀਨਾਂ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ।
- ਸਟਾਫ਼ ਤੁਹਾਡੇ ਕਾਨੂੰਨੀ ਦਸਤਾਵੇਜ਼ਾਂ ਦੀ ਜਾਂਚ ਕਰ ਸਕਦਾ ਹੈ ਪਰ ਉਹ ਉਹਨਾਂ ਨੂੰ ਨਹੀਂ ਪੜ੍ਹਨਗੇ।

## ਤੁਹਾਡੀ ਤਲਾਸ਼ੀ ਲੈਣੀ

### 2 ਕਿਸਮਾਂ ਦੀਆਂ ਤਲਾਸ਼ੀਆਂ ਹਨ ਜੋ ਜੇਲ੍ਹ ਦਾ ਸਟਾਫ਼ ਤੁਹਾਨੂੰ ਦੇ ਸਕਦਾ ਹੈ

### 1. ਹੱਥਾਂ ਨਾਲ ਲਈ ਜਾਣ ਵਾਲੀ ਤਲਾਸ਼ੀ

ਇਸ ਤਲਾਸ਼ੀ ਵਿੱਚ ਜੇਲ੍ਹ ਦਾ ਸਟਾਫ਼ ਇਹ ਕਰ ਸਕਦਾ ਹੈ

- ਤੁਹਾਨੂੰ ਆਪਣੇ ਜੁੱਤੇ ਉਤਾਰਨ ਅਤੇ ਆਪਣੀਆਂ ਜੇਬਾਂ ਖਾਲੀ ਕਰਨ ਲਈ ਕਹਿ ਸਕਦਾ ਹੈ
- ਤੁਹਾਡਾ ਮੂੰਹ, ਨੱਕ (ਤੁਹਾਡੀਆਂ ਨਾਸਾਂ), ਕੰਨਾਂ ਅਤੇ ਬਾਲਾਂ ਵਿੱਚ ਦੇਖ ਸਕਦਾ ਹੈ

✓ ਜੇਲ੍ਹ ਦਾ ਸਟਾਫ਼ ਤੁਹਾਨੂੰ ਕਿਸੇ ਵੀ ਸਮੇਂ 'ਤੇ ਇੱਕ ਰਗੜ ਵਾਲੀ ਤਲਾਸ਼ੀ ਦੇਣ ਲਈ ਕਹਿ ਸਕਦਾ ਹੈ।

✓ ਮਹਿਲਾ ਸਟਾਫ਼ ਸਮੇਤ, ਜੇਲ੍ਹ ਸਟਾਫ਼ ਦਾ ਕੋਈ ਵੀ ਮੈਂਬਰ ਤੁਹਾਨੂੰ ਰਗੜ ਵਾਲੀ ਤਲਾਸ਼ੀ ਦੇ ਸਕਦਾ ਹੈ। ਜੇਲ੍ਹ ਸਟਾਫ਼ ਨੂੰ ਦੱਸੋ ਜੇਕਰ ਤੁਸੀਂ ਨਹੀਂ ਸੋਚਦੇ ਕਿ ਕਿਸੇ ਔਰਤ ਦੁਆਰਾ ਤੁਹਾਡੇ ਸਰੀਰ ਦੀ ਹਥਾਂ ਨਾਲ ਤਲਾਸ਼ੀ ਲਈ ਜਾਣੀ ਚਾਹੀਦੀ ਹੈ। ਉਦਾਹਰਨ ਲਈ, ਧਾਰਮਿਕ ਕਾਰਨਾਂ ਕਰਕੇ।

✓ ਤੁਹਾਡੇ ਦੁਆਰਾ ਜੇਲ੍ਹ ਦੇ ਕਿਸੇ ਇੱਕ ਹਿੱਸੇ ਤੋਂ ਦੂਸਰੇ ਹਿੱਸੇ ਵਿੱਚ ਜਾਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਹੱਥਾਂ ਨਾਲ ਤਲਾਸ਼ੀ ਲਈ ਜਾ ਸਕਦੀ ਹੈ।

## 2. ਪੂਰੇ ਸਰੀਰ ਦੀ ਤਲਾਸ਼ੀ

ਇਹ ਉਹ ਤਲਾਸ਼ੀ ਹੁੰਦੀ ਹੈ ਜਿੱਥੇ ਸਟਾਫ਼

- ਤੁਹਾਡੇ ਕੱਪੜਿਆਂ ਦੀ ਤਲਾਸ਼ੀ ਲੈ ਸਕਦਾ ਹੈ।
- ਤੁਹਾਡੇ ਸਰੀਰ ਦੀ ਤਲਾਸ਼ੀ ਲੈ ਸਕਦਾ ਹੈ। ਸਟਾਫ਼ ਤੁਹਾਨੂੰ ਹੇਠਾਂ ਝੁਕਣ ਜਾਂ ਚੌਂਕੜੀ ਮਾਰਨ ਲਈ ਵੀ ਕਹਿ ਸਕਦਾ ਹੈ ਤਾਂ ਜੋ ਉਹ ਇਹ ਦੇਖਣ ਲਈ ਜਾਂਚ ਕਰ ਸਕਣ ਕਿ ਤੁਹਾਡੇ ਗੁਦਾ ਜਾਂ ਗੁਪਤ-ਅੰਗ ਖੇਤਰ ਵਿੱਚ ਕੁਝ ਵੀ ਛੁਪਾਇਆ ਨਹੀਂ ਗਿਆ ਹੈ। ਉਹਨਾਂ ਨੂੰ ਅਜਿਹਾ ਕਰਨ ਲਈ ਤੁਹਾਡੇ ਸਰੀਰ ਨੂੰ ਛੂਹਣਾ ਨਹੀਂ ਚਾਹੀਦਾ।
- ਤਲਾਸ਼ੀ ਦੌਰਾਨ ਤੁਹਾਡੇ ਸਰੀਰ 'ਤੇ ਹਮੇਸ਼ਾ ਕੁਝ ਕੱਪੜੇ ਪਹਿਨੇ ਰਹਿਣਗੇ। ਜੇਲ੍ਹ ਦਾ ਸਟਾਫ਼ ਇੱਕ ਸਮੇਂ 'ਤੇ ਤੁਹਾਡੇ ਅੱਧੇ ਕੱਪੜਿਆਂ ਦੀ ਜਾਂਚ ਕਰੇਗਾ ਅਤੇ ਉਹਨਾਂ ਦੁਆਰਾ ਦੂਸਰੇ ਅੱਧ ਦੀ ਜਾਂਚ ਕੀਤੇ ਜਾਣ ਤੋਂ ਪਹਿਲਾਂ ਤੁਸੀਂ ਇਹ ਕੱਪੜੇ ਵਾਪਸ ਪਹਿਨ ਸਕਦੇ ਹੋ।

### ਪੂਰੇ ਸਰੀਰ ਦੀ ਤਲਾਸ਼ੀ ਬਾਰੇ ਹੋਰ ਗੱਲਾਂ

✓ ਜੇਲ੍ਹ ਦਾ ਕੋਈ ਵੀ ਅਧਿਕਾਰੀ, ਸੀਨੀਅਰ ਅਧਿਕਾਰੀ, ਮੁੱਖ ਅਧਿਕਾਰੀ ਜਾਂ ਗਵਰਨਰ ਤੁਹਾਡੇ ਪੂਰੇ ਸਰੀਰ ਦੀ ਤਲਾਸ਼ੀ ਲੈ ਸਕਦਾ ਹੈ।

✓ ਤਲਾਸ਼ੀ ਹਮੇਸ਼ਾ ਜੇਲ੍ਹ ਸਟਾਫ਼ ਦੇ ਕਿਸੇ ਪੁਰਸ਼ ਮੈਂਬਰ ਦੁਆਰਾ ਲਈ ਜਾਵੇਗੀ।

✓ ਪੂਰੇ ਸਰੀਰ ਦੀ ਤਲਾਸ਼ੀ ਕਿਸੇ ਵੀ ਸਮੇਂ 'ਤੇ ਲਈ ਜਾ ਸਕਦੀ ਹੈ। ਉਦਾਹਰਨ ਲਈ

- ਤੁਹਾਡੇ ਦੁਆਰਾ ਹਰ ਵਾਰੀ ਜੇਲ੍ਹ ਤੋਂ ਬਾਹਰ ਜਾਣ ਜਾਂ ਅੰਦਰ ਆਉਣ ਤੇ
- ਤੁਹਾਡੇ ਕਮਰੇ ਦੀ ਤਲਾਸ਼ੀ ਹੋਣ ਤੋਂ ਤੁਰੰਤ ਪਹਿਲਾਂ
- ਜਦੋਂ ਤੁਸੀਂ ਵੱਖਰਾ ਰੱਖਣ ਦੀ ਇਕਾਈ 'ਤੇ ਪਹੁੰਚਦੇ ਹੋ
- ਮਿੱਤਰਾਂ ਜਾਂ ਪਰਿਵਾਰ ਜਾਂ ਤੁਹਾਡੇ ਵਕੀਲ ਨਾਲ ਮੁਲਾਕਾਤਾਂ ਤੋਂ ਬਾਅਦ
- ਜੇਕਰ ਤੁਸੀਂ ਇੱਕ ਉੱਚ ਸੁਰੱਖਿਆ ਸ਼੍ਰੇਣੀ ਏ ਦੇ ਕੈਦੀ ਹੋ ਤਾਂ ਹਰੇਕ ਮੁਲਾਕਾਤ ਤੋਂ ਬਾਅਦ

✓ ਜੇਲ੍ਹ ਸਟਾਫ਼ ਨੂੰ ਤੁਹਾਡੇ ਪੂਰੇ ਸਰੀਰ ਦੀ ਤਲਾਸ਼ੀ ਲੈਣ ਤੋਂ ਪਹਿਲਾਂ ਸਮਝਾ ਦੇਣਾ ਚਾਹੀਦਾ ਹੈ ਕਿ ਅਸਲ ਵਿੱਚ ਕੀ ਹੋਵੇਗਾ

✓ ਪੂਰੇ ਸਰੀਰ ਦੀਆਂ ਤਲਾਸ਼ੀਆਂ ਇੱਕ ਚੰਗੇ ਅਤੇ ਸੁਰੱਖਿਅਤ ਢੰਗ ਨਾਲ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

✓ ਤਲਾਸ਼ੀ ਹੋਣ ਸਮੇਂ ਆਮ ਤੌਰ 'ਤੇ ਸਿਰਫ਼ ਤਲਾਸ਼ੀ ਲੈ ਰਹੇ ਜੇਲ੍ਹ ਸਟਾਫ਼ ਨੂੰ ਹੀ ਉੱਥੇ ਮੌਜੂਦ ਹੋਣਾ ਚਾਹੀਦਾ ਹੈ

## ਜੇਲ੍ਹ ਵਿੱਚ ਤੁਹਾਡੇ ਨਾਲ ਕਿਸ ਤਰ੍ਹਾਂ ਦਾ ਵਿਵਹਾਰ ਕੀਤਾ ਜਾਣਾ ਚਾਹੀਦਾ ਹੈ

ਜੇਲ੍ਹ ਵਿੱਚ, ਤੁਹਾਡੇ ਨਾਲ ਸਹੀ ਢੰਗ ਦਾ ਵਿਵਹਾਰ ਕੀਤਾ ਜਾਣਾ ਚਾਹੀਦਾ ਹੈ। ਜੇਕਰ ਅਜਿਹਾ ਨਹੀਂ ਹੁੰਦਾ, ਤਾਂ ਤੁਸੀਂ ਇਸ ਬਾਰੇ ਕੁਝ ਕਰਨ ਦੀ ਕੋਸ਼ਿਸ਼ ਕਰ ਸਕਦੇ ਹੋ।

ਅਗਲੇ ਪੰਨੇ 'ਤੇ, ਤੁਹਾਨੂੰ ਸੁਰੱਖਿਅਤ ਰੱਖਣ ਲਈ ਬਣਾਏ ਗਏ ਕੁਝ ਨਿਯਮਾਂ ਅਤੇ ਉਹਨਾਂ ਗੱਲਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ ਜੋ ਜੇਲ੍ਹ ਨੂੰ ਇਹ ਯਕੀਨੀ ਬਣਾਉਣ ਲਈ ਕਰਨੀਆਂ ਚਾਹੀਦੀਆਂ ਹਨ ਕਿ ਤੁਹਾਡੇ ਨਾਲ ਸਹੀ ਢੰਗ ਨਾਲ ਵਿਵਹਾਰ ਕੀਤਾ ਜਾਂਦਾ ਹੈ।

### 1998 ਦਾ ਮਨੁੱਖੀ ਅਧਿਕਾਰ ਕਾਨੂੰਨ

- ਇਹ ਕਾਨੂੰਨ ਮਨੁੱਖੀ ਅਧਿਕਾਰਾਂ ਬਾਰੇ ਹੈ। ਹਰੇਕ ਦੇ ਮਨੁੱਖੀ ਅਧਿਕਾਰ ਹੁੰਦੇ ਹਨ ਜਿਵੇਂ ਕਿ ਜੀਉਂਦਾ ਰਹਿਣ ਦਾ ਅਧਿਕਾਰ ਜਾਂ ਇੱਕ ਨਿਰਪੱਖ ਮੁਕੱਦਮੇ ਦਾ ਅਧਿਕਾਰ
- ਜੇਕਰ ਤੁਸੀਂ ਸੋਚਦੇ ਹੋ ਕਿ ਤੁਹਾਨੂੰ ਤੁਹਾਡੇ ਮਨੁੱਖੀ ਅਧਿਕਾਰ ਨਹੀਂ ਮਿਲੇ ਹਨ, ਤਾਂ ਤੁਸੀਂ ਆਪਣੇ ਮਾਮਲੇ ਨੂੰ ਅਦਾਲਤ ਵਿੱਚ ਲਿਜਾ ਸਕਦੇ ਹੋ।
- ਮਨੁੱਖੀ ਅਧਿਕਾਰਾਂ ਬਾਰੇ ਵਧੇਰੇ ਪਤਾ ਜਾਣਨ ਲਈ ਮਨੁੱਖੀ ਅਧਿਕਾਰ ਕਾਨੂੰਨ ਵੱਲ ਗਾਈਡ ਅਖਵਾਉਂਦੀ ਇੱਕ ਪੱਤਰਿਕਾ ਅਤੇ ਮਨੁੱਖੀ ਅਧਿਕਾਰ ਕਾਨੂੰਨ ਅਖਵਾਉਂਦਾ ਇੱਕ ਜਾਣਕਾਰੀ ਪੈਕ ਦੇਖੋ। ਇਹ ਦੋਵੇਂ ਹੀ ਲਾਇਬ੍ਰੇਰੀ ਵਿੱਚ ਹੋਣਗੇ।

### ਹਿੰਸਾ ਜਾਂ ਧੱਕੇਸ਼ਾਹੀ

- ਹਰ ਕੈਦੀ ਨੂੰ ਸੁਰੱਖਿਅਤ ਮਹਿਸੂਸ ਕਰਨ ਦਾ ਅਧਿਕਾਰ ਹੁੰਦਾ ਹੈ
- ਜੇਕਰ ਕੋਈ ਵਿਅਕਤੀ ਤੁਹਾਡੇ ਪ੍ਰਤੀ ਹਿੰਸਕ ਹੋ ਰਿਹਾ ਹੈ ਜਾਂ ਤੁਹਾਡੇ ਨਾਲ ਧੱਕੇਸ਼ਾਹੀ ਕਰ ਰਿਹਾ ਹੈ ਤਾਂ ਜੇਲ੍ਹ ਸਟਾਫ਼ ਨੂੰ ਤੁਰੰਤ ਦੱਸੋ। ਤੁਸੀਂ ਜੇਲ੍ਹ ਵਿਚਲੇ ਸਟਾਫ਼ ਦੇ ਕਿਸੇ ਵੀ ਮੈਂਬਰ ਜਿਵੇਂ ਕਿ ਜੇਲ੍ਹ ਦੇ ਅਧਿਕਾਰੀਆਂ, ਚੈਪਲੇਨ ਅਤੇ ਵਿਦਿਅਕ ਸਟਾਫ਼ ਨੂੰ ਦੱਸ ਸਕਦੇ ਹੋ।
- ਹਿੰਸਾ ਅਤੇ ਧੱਕੇਸ਼ਾਹੀ ਅਜਿਹੀਆਂ ਚੀਜ਼ਾਂ ਹੁੰਦੀਆਂ ਹਨ ਜਿਵੇਂ ਕਿ ਲੋਕਾਂ ਦੁਆਰਾ ਤੁਹਾਨੂੰ ਠੋਕਰ ਮਾਰਨਾ ਜਾਂ ਡਰਾਉਣਾ ਧਮਕਾਉਣਾ (ਉਦਾਹਰਨ ਲਈ ਇਹ ਕਹਿਣਾ ਕਿ ਉਹ ਤੁਹਾਨੂੰ ਸੱਟ ਪਹੁੰਚਾਉਣ ਜਾਂ ਕੁਝ ਕਰਨ ਜਾ ਰਹੇ ਹਨ)
- ਜੇਕਰ ਤੁਹਾਡੇ ਨਾਲ ਅਜਿਹਾ ਹੋ ਰਿਹਾ ਹੈ ਤਾਂ ਸਟਾਫ਼ ਤੁਹਾਡੀ ਮਦਦ ਕਰੇਗਾ।

## ਨਸਲੀ ਸਮਾਨਤਾ - ਵੱਖ-ਵੱਖ ਨਸਲਾਂ ਦੇ ਲੋਕ

- ਕਿਸੇ ਵਿਅਕਤੀ ਦੀ ਨਸਲ ਦਾ ਸੰਬੰਧ ਬਹੁਤ ਸਾਰੀਆਂ ਚੀਜ਼ਾਂ ਨਾਲ ਹੁੰਦਾ ਹੈ ਜਿਵੇਂ ਕਿ ਉਸਦਾ ਪਿਛੋਕੜ ਅਤੇ ਸੰਸਕ੍ਰਿਤੀ ਅਤੇ ਉਸਦੀ ਚਮੜੀ ਦਾ ਰੰਗ।

- ਕਾਨੂੰਨੀ ਤੌਰ ਤੇ, ਜੇਲ੍ਹਾਂ ਨੂੰ ਇਹ ਜ਼ਰੂਰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਵੱਖ-ਵੱਖ ਨਸਲਾਂ ਦੇ ਵਿਅਕਤੀਆਂ ਨਾਲ ਇੱਕ ਚੰਗੇ ਅਤੇ ਨਿਰਪੱਖ ਢੰਗ ਵਿੱਚ ਵਿਵਹਾਰ ਕੀਤਾ ਜਾਂਦਾ ਹੈ। ਗਵਰਨਰ ਅਤੇ ਸੀਨੀਅਰ ਮੈਨੇਜਰ ਇਹ ਯਕੀਨੀ ਬਣਾਉਣ ਦੇ ਮੁਖੀ ਹੁੰਦੇ ਹਨ ਕਿ ਅਜਿਹਾ ਹੁੰਦਾ ਹੈ।

- ਜੇਲ੍ਹ ਪ੍ਰਬੰਧਨ ਨਿਯਮ 2800 ਵਿੱਚ ਇਸ ਬਾਰੇ ਗੱਲ ਕੀਤੀ ਗਈ ਹੈ ਕਿ ਜੇਲ੍ਹ ਨੂੰ ਇਹ ਯਕੀਨੀ ਬਣਾਉਣ ਲਈ ਕੀ ਕਰਨਾ ਚਾਹੀਦਾ ਹੈ ਕਿ ਵੱਖ-ਵੱਖ ਨਸਲਾਂ ਦੇ ਵਿਅਕਤੀਆਂ ਨਾਲ ਇੱਕ ਚੰਗੇ ਅਤੇ ਨਿਆਂਪੂਰਨ ਢੰਗ ਵਿੱਚ ਵਿਵਹਾਰ ਕੀਤਾ ਜਾਂਦਾ ਹੈ। ਇਸਦੀ ਇੱਕ ਪ੍ਰਤੀ ਜੇਲ੍ਹ ਦੀ ਲਾਇਬ੍ਰੇਰੀ ਵਿੱਚ ਹੈ।

- ਤੁਸੀਂ ਇਹ ਯਕੀਨੀ ਬਣਾਉਣ ਬਾਰੇ ਜੇਲ੍ਹ ਦੀ ਯੋਜਨਾ ਦੀ ਇੱਕ ਪ੍ਰਤੀ ਵੀ ਪੜ੍ਹ ਸਕਦੇ ਹੋ ਕਿ ਸਭ ਨਸਲਾਂ ਦੇ ਵਿਅਕਤੀਆਂ ਨਾਲ ਇੱਕ ਚੰਗੇ ਅਤੇ ਨਿਆਂਪੂਰਨ ਢੰਗ ਵਿੱਚ ਵਿਵਹਾਰ ਕੀਤਾ ਜਾਂਦਾ ਹੈ। ਇਸਨੂੰ ਨਸਲੀ ਸਮਾਨਤਾ ਕਾਰਜ ਯੋਜਨਾ ਕਿਹਾ ਜਾਂਦਾ ਹੈ।

## ਤੁਹਾਡੇ ਨਾਲ ਕਿਸ ਤਰ੍ਹਾਂ ਦਾ ਵਿਵਹਾਰ ਕੀਤਾ ਜਾਣਾ ਚਾਹੀਦਾ ਹੈ।

ਜੇਲ੍ਹ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ

- ਤੁਹਾਡੇ ਨਾਲ ਇੱਕ ਚੰਗੇ ਅਤੇ ਨਿਆਂਪੂਰਨ ਢੰਗ ਵਿੱਚ ਵਿਵਹਾਰ ਕੀਤਾ ਜਾਂਦਾ ਹੈ

- ਤੁਸੀਂ ਆਪਣੇ ਧਰਮ ਅਤੇ ਸੰਸਕ੍ਰਿਤੀ ਨਾਲ ਸੰਬੰਧਿਤ ਕੰਮ ਕਰ ਸਕਦੇ ਹੋ। ਉਦਾਹਰਨ ਲਈ ਆਪਣੇ ਧਰਮ ਨਾਲ ਸੰਬੰਧਿਤ ਕੱਪੜੇ ਪਹਿਨਣਾ, ਧਾਰਮਿਕ ਪੁਸਤਕਾਂ ਰੱਖਣਾ ਅਤੇ ਧਾਰਮਿਕ ਆਯੋਜਨਾਂ 'ਤੇ ਜਾਣਾ।

- ਤੁਸੀਂ ਆਪਣੇ ਧਰਮ ਅਤੇ ਸੰਸਕ੍ਰਿਤੀ ਅਨੁਸਾਰ ਭੋਜਨ ਖਾ ਸਕਦੇ ਹੋ

- ਤੁਸੀਂ ਲੋੜ ਹੋਣ 'ਤੇ ਇਸ ਪੁਸਤਕ ਵਰਗੀ ਜਾਣਕਾਰੀ ਦੂਸਰੀਆਂ ਭਾਸ਼ਾਵਾਂ ਵਿੱਚ ਲੈ ਸਕਦੇ ਹੋ ਜਾਂ ਕਿਸੇ ਭਾਸ਼ਾ ਦੁਭਾਸ਼ੀਏ ਤੋਂ ਮਦਦ  ਲੈ ਸਕਦੇ ਹੋ।

## ਕੀ ਕੀਤਾ ਜਾਵੇ ਜੇਕਰ ਤੁਹਾਡੀ ਨਸਲ ਕਾਰਨ ਤੁਹਾਡੇ ਨਾਲ ਬੁਰੀ ਤਰ੍ਹਾਂ ਦਾ ਵਿਵਹਾਰ ਕੀਤਾ ਗਿਆ ਹੈ ਜਾਂ ਜੇਕਰ ਤੁਸੀਂ ਕਿਸੇ ਹੋਰ ਨਾਲ ਅਜਿਹਾ ਹੁੰਦਾ ਹੋਇਆ ਦੇਖਦੇ ਹੋ

- ✓ ਸਟਾਫ਼ ਦੇ ਕਿਸੇ ਮੈਂਬਰ ਨਾਲ ਗੱਲ ਕਰੋ ਜਾਂ **COMP 1** ਅਖਵਾਉਂਦਾ ਇੱਕ ਫ਼ਾਰਮ ਜਾਂ **ਨਸਲੀ ਘਟਨਾ ਦੀ ਇਤਲਾਹ ਦੇਣ ਲਈ ਫ਼ਾਰਮ** ਅਖਵਾਉਂਦਾ ਇੱਕ ਫ਼ਾਰਮ ਭਰੋ

- ✓ ਜੇ ਤੁਸੀਂ ਇਹ ਚੀਜ਼ਾਂ ਨਹੀਂ ਕਰ ਸਕਦੇ, ਤਾਂ ਤੁਸੀਂ ਗਵਰਨਰ, ਏਰੀਆ ਮੈਨੇਜਰ ਜਾਂ ਸੁਤੰਤਰ ਨਿਗਰਾਨੀ ਬੋਰਡ ਦੇ ਸਭਾਪਤੀ ਨੂੰ ਇੱਕ ਵਧੇਰੇ ਗੁਪਤ ਢੰਗ ਵਿੱਚ ਘਟਨਾ ਕ੍ਰਮ 'ਤੇ ਨਜ਼ਰ ਮਾਰਨ ਲਈ ਨਿਵੇਦਨ ਕਰ ਸਕਦੇ ਹੋ।

- ✓ ਅਜਿਹਾ ਕਰਨ ਲਈ **COMP 2 ਗੁਪਤ ਪਹੁੰਚ ਸ਼ਿਕਾਇਤ ਫ਼ਾਰਮ** ਅਖਵਾਉਂਦਾ ਇੱਕ ਫ਼ਾਰਮ ਭਰੋ। ਤੁਸੀਂ ਫ਼ਾਰਮ ਨੂੰ ਇੱਕ ਸੀਲਬੰਦ ਲਿਫ਼ਾਫ਼ੇ ਵਿੱਚ ਪਾ ਸਕਦੇ ਹੋ ਜਿਸਨੂੰ ਗੁਪਤ ਰੱਖਿਆ ਜਾਵੇਗਾ।

- ✓ ਜੇਕਰ ਤੁਸੀਂ ਇਸ ਤੋਂ ਬਾਅਦ ਵੀ ਖੁਸ਼ ਨਹੀਂ ਹੁੰਦੇ ਤਾਂ ਤੁਸੀਂ ਜੇਲ੍ਹ ਅਤੇ ਪ੍ਰੋਬੇਸ਼ਨ ਓਮਬਡਜ਼ਮੈਨ ਨਾਲ ਸੰਪਰਕ ਕਰ ਸਕਦੇ ਹੋ।

- ✓ ਜਾਂ ਫਿਰ ਤੁਸੀਂ ਸਮਾਨਤਾ ਅਤੇ ਮਨੁੱਖੀ ਅਧਿਕਾਰ ਆਯੋਗ ਅਖਵਾਉਂਦੇ ਇੱਕ ਸੰਗਠਨ ਨਾਲ ਸੰਪਰਕ ਕਰ ਸਕਦੇ ਹੋ। ਉਹ ਉਹਨਾਂ ਕੈਦੀਆਂ ਨੂੰ ਸਲਾਹ ਅਤੇ ਮਦਦ ਦਿੰਦੇ ਹਨ ਜੋ ਇਹ ਸੋਚਦੇ ਹਨ ਕਿ ਉਹਨਾਂ ਦੀ ਨਸ ਦੇ ਕਾਰਨ ਉਹਨਾਂ ਨਾਲ ਬੁਰੀ ਤਰ੍ਹਾਂ ਵਿਵਹਾਰ ਕੀਤਾ ਗਿਆ ਹੈ। ਤੁਸੀਂ ਉਹਨਾਂ ਨਾਲ ਇਸ ਪਤੇ 'ਤੇ ਸੰਪਰਕ ਕਰ ਸਕਦੇ ਹੋ।

  The Equality & Human Rights Commission
  3 More London Riverside
  Tooley Street
  London SE1 2RG

  ਟੈਲੀਫ਼ੋਨ 0203 117 0235

## ਅਜਿਹਾ ਕਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ?

ਤੁਸੀਂ ਇਹਨਾਂ ਤੋਂ ਮਦਦ ਲੈ ਸਕਦੇ ਹੋਂ

- ✓ ਜੇਲ੍ਹ ਸਟਾਫ਼ ਦਾ ਕੋਈ ਮੈਂਬਰ
- ✓ ਸਟਾਫ਼ ਦਾ ਇੱਕ ਮੈਂਬਰ ਜਿਸ ਨੂੰ ਇੱਕ ਨਸਲੀ ਸਮਾਨਤਾ ਅਧਿਕਾਰੀ ਕਿਹਾ ਜਾਂਦਾ ਹੈ।
- ✓ ਸਟਾਫ਼ ਦਾ ਇੱਕ ਟੀਮ ਜਿਸਨੂੰ ਨਸਲੀ ਸਮਾਨਤਾ ਕਾਰਵਾਈ ਟੀਮ ਕਿਹਾ ਜਾਂਦਾ ਹੈ
- ✓ ਕੈਦੀ ਪ੍ਰਤੀਨਿਧੀ ਇਹ ਉਹ ਕੈਦੀ ਹੁੰਦੇ ਹਨ ਜੋ ਨਸਲ ਨਾਲ ਸੰਬੰਧਿਤ ਬੈਠਕਾਂ 'ਤੇ ਜਾਂਦੇ ਹਨ ਅਤੇ ਦੂਸਰੇ ਕੈਦੀਆਂ ਦੇ ਵਿਚਾਰਾਂ ਦੀ ਪ੍ਰਤੀਨਿਧਤਾ ਕਰਨ ਲਈ ਮੌਜੂਦ ਰਹਿੰਦੇ ਹਨ।
- ✓ ਦੂਸਰਾ ਸਟਾਫ਼ ਜਿਸਨੂੰ ਗੁੰਡਾਗਰਦੀ ਰੋਧੀ ਸੰਯੋਜਕ ਜਾਂ ਵਧੇਰੇ ਸੁਰੱਖਿਅਤ ਜੇਲ੍ਹਾਂ ਸੰਯੋਜਕ ਕਿਹਾ ਜਾਂਦਾ ਹੈ।
- ✓ ਸੁਤੰਤਰ ਨਿਗਰਾਨੀ ਬੋਰਡ ਦਾ ਕੋਈ ਮੈਂਬਰ (ਇਹ ਉਹ ਵਿਅਕਤੀ ਹੁੰਦੇ ਹਨ ਜੋ ਇਹ ਯਕੀਨੀ ਬਣਾਉਣ ਲਈ ਜੇਲ੍ਹਾਂ ਦੀ ਜਾਂਚ ਕਰਦੇ ਹਨ ਕਿ ਉਹਨਾਂ ਨੂੰ ਇੱਕ ਚੰਗੇ ਅਤੇ ਨਿਆਂਪੂਰਨ ਢੰਗ ਵਿੱਚ ਚਲਾਇਆ ਜਾਂਦਾ ਹੈ)

ਜੇਕਰ ਤੁਸੀਂ ਇੱਕ ਵਿਦੇਸ਼ੀ ਨਾਗਰਿਕ ਕੈਦੀ ਹੋ (ਇਸਦਾ ਅਰਥ ਹੈ ਕਿ ਤੁਹਾਡੇ ਕੋਲ ਯੂਕੇ ਦਾ ਪਾਸਪੋਰਟ ਨਹੀਂ ਹੈ)

ਤੁਸੀਂ ਇਹਨਾਂ ਤੋਂ ਮਦਦ ਲੈ ਸਕਦੇ ਹੋਂ

- ✓ ਸਟਾਫ਼ ਦਾ ਇੱਕ ਮੈਂਬਰ ਜਿਸ ਨੂੰ ਇੱਕ ਨਸਲੀ ਸਮਾਨਤਾ ਅਧਿਕਾਰੀ ਕਿਹਾ ਜਾਂਦਾ ਹੈ।
- ✓ ਸਟਾਫ਼ ਦਾ ਇੱਕ ਮੈਂਬਰ ਜਿਸਨੂੰ ਇੱਕ ਵਿਦੇਸ਼ੀ ਨਾਗਰਿਕ ਲੀਅਨ ਅਧਿਕਾਰੀ ਕਿਹਾ ਜਾਂਦਾ ਹੈ
- ✓ ਤੁਹਾਡਾ ਦੂਤਾਵਾਸ ਤੁਸੀਂ ਮਦਦ ਮੰਗਣ ਲਈ ਉਹਨਾਂ ਨੂੰ ਲਿਖ ਸਕਦੇ ਹੋ ਜਾਂ ਤੁਸੀਂ ਨਸਲੀ ਸਮਾਨਤਾ ਅਧਿਕਾਰੀ ਜਾਂ ਵਿਦੇਸ਼ੀ ਨਾਗਰਿਕ ਲੀਅਨ ਅਧਿਕਾਰੀ ਨੂੰ ਆਪਣੇ ਲਈ ਅਜਿਹਾ ਕਰਨ ਲਈ ਕਹਿ ਸਕਦੇ ਹੋ।
- ✓ ਲਿਖਣ ਲਈ ਕੁਝ ਪਤੇ ਜੇਲ੍ਹ ਦੀ ਲਾਇਬ੍ਰੇਰੀ ਵਿੱਚ ਹਨ। ਤੁਸੀਂ ਲੰਡਨ ਡਿਪਲੋਮੈਟਿਕ ਲਿਸਟ ਅਖਵਾਉਂਦਾ ਇੱਕ ਸੂਚੀ ਦੀ ਮੰਗ ਕਰ ਸਕਦੇ ਹੋ ਜਾਂ **ਪ੍ਰਿਜ਼ਨ ਸਰਵਿਸ ਆਰਡਰ 4630** 'ਤੇ ਨਜ਼ਰ ਮਾਰ ਸਕਦੇ ਹੋ।
- ✓ ਤੁਸੀਂ ਇਸ ਪੁਸਤਕ ਵਰਗੀ ਜਾਣਕਾਰੀ, ਦੂਸਰੀਆਂ ਭਾਸ਼ਾਵਾਂ ਵਿੱਚ ਵੀ ਲੈ ਸਕਦੇ ਹੋ

# ਅਸਮਰਥ ਕੈਦੀ

ਅਸਮਰਥ ਵਿਅਕਤੀਆਂ ਨੂੰ ਇੱਕ ਬੁਰੇ ਢੰਗ ਦਾ ਵਿਵਹਾਰ ਕੀਤੇ ਜਾਣ ਤੋਂ ਸੁਰੱਖਿਅਤ ਰੱਖਣ ਲਈ ਅਮਸਰਥਤਾ ਭੇਦਭਾਵ ਕਾਨੂੰਨ (ਡਿਸਏਬਿਲਿਟੀ ਡਿਸਕ੍ਰਿਮੀਨੇਸ਼ਨ ਐਕਟ) ਅਖਵਾਉਂਦਾ ਇੱਕ ਕਾਨੂੰਨ ਹੋਂਦ ਵਿੱਚ ਹੈ

ਜੇਲ੍ਹ ਨੂੰ ਇਸ ਕਾਨੂੰਨ ਦੀ ਪਾਲਣਾ ਜ਼ਰੂਰ ਕਰਨੀ ਚਾਹੀਦੀ ਹੈ। ਇਸ ਨੂੰ ਇਹ ਯਕੀਨੀ ਬਣਾਉਣ ਲਈ ਉਹ ਸਭ ਕਰਨਾ ਚਾਹੀਦਾ ਹੈ ਜੋ ਇਹ ਕਰ ਸਕਦੀ ਹੈ ਕਿ

- ਤੁਸੀਂ ਜੇਲ੍ਹ ਜੀਵਨ ਵਿੱਚ ਹਿੱਸਾ ਲੈ ਸਕਦੇ ਹੋ
- ਤੁਹਾਡੇ ਨਾਲ ਇੱਕ ਚੰਗੇ ਅਤੇ ਨਿਆਂਪੂਰਨ ਢੰਗ ਵਿੱਚ ਵਿਵਹਾਰ ਕੀਤਾ ਜਾਂਦਾ ਹੈ

ਜੇਲ ਪ੍ਰਬੰਧਨ ਨਿਯਮਵਾਲੀ 2855 ਵਿੱਚ ਇਸ ਬਾਰੇ ਵਧੇਰੇ ਜਾਣਕਾਰੀ ਦਿੱਤੀ ਗਈ ਹੈ। ਇਸਦੀ ਇੱਕ ਪ੍ਰਤੀ ਲਾਇਬ੍ਰੇਰੀ ਵਿੱਚ ਹੈ।

## ਜੇਕਰ ਤੁਸੀਂ ਇੱਕ ਅਸਮਰਥ ਕੈਦੀ ਹੋ ਤਾਂ ਤੁਹਾਡੀ ਮਦਦ ਕੌਣ ਕਰ ਸਕਦਾ ਹੈ?

- ✓ ਤੁਹਾਡਾ ਨਿੱਜੀ ਅਧਿਕਾਰੀ ਜਾਂ ਤੁਹਾਡੇ ਵਿੰਗ ਦਾ ਅਧਿਕਾਰੀ। ਆਪਣੀ ਅਸਮਰਥਤਾ ਲਈ ਲੋੜੀਂਦੀ ਕਿਸੇ ਵੀ ਚੀਜ਼ ਬਾਰੇ ਉਸ ਨਾਲ ਗੱਲ ਕਰੋ। ਉਦਾਹਰਨ ਲਈ ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਨੂੰ ਕਿਸੇ ਦੂਸਰੇ ਢੰਗ ਨਾਲ ਜਾਣਕਾਰੀ ਦਿੱਤੀ ਜਾਵੇ
- ✓ ਸਟਾਫ਼ ਦਾ ਇੱਕ ਮੈਂਬਰ ਜਿਸਨੂੰ ਇੱਕ ਅਸਮਰਥਤਾ ਲੀਅਨ ਅਧਿਕਾਰੀ ਕਿਹਾ ਜਾਂਦਾ ਹੈ
- ✓ ਸਿਹਤ ਸੰਭਾਲ ਟੀਮ ਵਿੱਚੋਂ ਕੋਈ
- ✓ ਜਾਂ ਫਿਰ ਤੁਸੀਂ ਗਵਰਨਰ ਨੂੰ ਲਿਖ ਸਕਦੇ ਹੋ (ਅਜਿਹਾ ਕਰਨ ਲਈ ਤੁਹਾਨੂੰ ਸੰਭਾਵਿਤ ਤੌਰ 'ਤੇ **COMP1** ਅਖਵਾਉਂਦਾ ਇੱਕ ਫ਼ਾਰਮ ਭਰਨਾ ਪਵੇਗਾ)
- ✓ ਜਾਂ ਫਿਰ ਤੁਸੀਂ ਸਮਾਨਤਾ ਅਤੇ ਮਨੁੱਖੀ ਅਧਿਕਾਰ ਆਯੋਗ ਅਖਵਾਉਂਦੇ ਇੱਕ ਸੰਗਠਨ ਨਾਲ ਸੰਪਰਕ ਬਣਾ ਸਕਦੇ ਹੋ। ਉਹ ਉਹਨਾਂ ਕੈਦੀਆਂ ਨੂੰ ਸਲਾਹ ਅਤੇ ਮਦਦ ਦਿੰਦੇ ਹਨ ਜਿਨ੍ਹਾਂ ਨਾਲ ਉਹਨਾਂ ਦੇ ਵਿਚਾਰ ਵਿੱਚ ਉਹਨਾਂ ਦੀ ਅਸਮਰਥਤਾ ਕਾਰਨ ਗ਼ਲਤ ਵਿਵਹਾਰ ਕੀਤਾ ਗਿਆ ਹੁੰਦਾ ਹੈ। ਤੁਸੀਂ ਉਹਨਾਂ ਨਾਲ ਇਸ ਪਤੇ 'ਤੇ ਸੰਪਰਕ ਕਰ ਸਕਦੇ ਹੋ।

The Equality and Human Rights Commission
3 More London
Riverside
Tooley Street
London SE1 2RG

ਟੈਲੀਫ਼ੋਨ 0203 117 0235

# ਕੋਈ ਸ਼ਿਕਾਇਤ ਜਾਂ ਬੇਨਤੀ ਕਿਵੇਂ ਕਰਨੀ ਹੈ

ਜੇਲ ਪ੍ਰਬੰਧਨ ਨਿਯਮਵਾਲੀ 2510 ਵਿੱਚ ਇਸ ਬਾਰੇ ਵਧੇਰੇ ਜਾਣਕਾਰੀ ਦਿੱਤੀ ਗਈ ਹੈ। ਤੁਸੀਂ ਇਸਦੀ ਇੱਕ ਪ੍ਰਤੀ ਲਾਇਬ੍ਰੇਰੀ ਤੋਂ ਲੈ ਸਕਦੇ ਹੋ

## ਇੱਕ ਬੇਨਤੀ ਕਰਨੀ (ਇਸਦਾ ਅਰਥ ਹੈ ਕਿਸੇ ਚੀਜ਼ ਦੀ ਮੰਗ ਕਰਨਾ)

- ਤੁਸੀਂ ਜੇਲ੍ਹ ਦੇ ਕਿਸੇ ਅਧਿਕਾਰੀ ਤੋਂ ਕਿਸੇ ਵੀ ਸਮੇਂ 'ਤੇ ਕੋਈ ਚੀਜ਼ ਕੁਝ ਵੀ ਮੰਗ ਸਕਦੇ ਹੋ
- ਕੁਝ ਚੀਜ਼ਾਂ ਲਈ ਨਿਵੇਦਨ ਕਰਨ ਲਈ, ਤੁਹਾਨੂੰ ਸ਼ਾਇਦ ਇੱਕ ਫ਼ਾਰਮ ਭਰਨਾ ਪੈ ਸਕਦਾ ਹੈ। ਜੇਕਰ ਜੇਲ੍ਹ ਦਾ ਸਟਾਫ਼ ਇਹ ਫ਼ੈਸਲਾ ਕਰਦਾ ਹੈ ਕਿ ਤੁਸੀਂ ਉਹ ਚੀਜ਼ਾਂ ਨਹੀਂ ਲੈ ਸਕਦੇ ਜਿਨ੍ਹਾਂ ਲਈ ਤੁਸੀਂ ਨਿਵੇਦਨ ਕੀਤਾ ਹੈ, ਤਾਂ ਉਹਨਾਂ ਨੂੰ ਤੁਹਾਨੂੰ ਇਸਦਾ ਕਾਰਨ ਦੱਸਣਾ ਚਾਹੀਦਾ ਹੈ।

## ਕੋਈ ਸ਼ਿਕਾਇਤ ਕਿਵੇਂ ਕਰਨੀ ਹੈ

- ਜੇਕਰ ਤੁਸੀਂ ਸੋਚਦੇ ਹੋ ਕਿ ਜੇਲ੍ਹ ਵਿੱਚ ਤੁਹਾਡੇ ਨਾਲ ਗ਼ਲਤ ਢੰਗ ਦਾ ਵਿਵਹਾਰ ਕੀਤਾ ਗਿਆ ਹੈ ਤਾਂ ਤੁਸੀਂ ਇੱਕ ਸ਼ਿਕਾਇਤ ਕਰ ਸਕਦੇ ਹੋ।
- ਤੁਹਾਨੂੰ ਸਮੱਸਿਆ ਘਟਿਤ ਹੋਣ ਤੋਂ 3 ਮਹੀਨਿਆਂ ਅੰਦਰ ਆਪਣੀ ਸ਼ਿਕਾਇਤ ਜ਼ਰੂਰ ਦਰਜ ਕਰਵਾ ਦੇਣੀ ਚਾਹੀਦੀ ਹੈ।

  ਇੱਕ ਸ਼ਿਕਾਇਤ ਕਰਨ ਲਈ ਤੁਸੀਂ ਜਾਂ ਤਾਂ

  - ਪਹਿਲਾਂ ਜੇਲ੍ਹ ਦੇ ਸਟਾਫ਼ ਨੂੰ ਸ਼ਿਖਾਇਤ ਕਰ ਸਕਦੇ ਹੋ
  - ਜੇਲ੍ਹ ਤੋਂ **ਬਾਹਰਲੇ** ਵਿਅਕਤੀਆਂ (ਜਿਵੇਂ ਕਿ ਤੁਹਾਡੇ ਐਮ ਪੀ) ਨੂੰ ਸ਼ਿਕਾਇਤ ਕਰ ਸਕਦੇ ਹੋ
- ਪਹਿਲਾਂ ਜੇਲ੍ਹ ਵਿਚਲੇ ਵਿਅਕਤੀਆਂ ਨਾਲ ਸਮੱਸਿਆ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰੋ। ਜੇਲ੍ਹ ਤੋਂ ਬਾਹਰ ਦੇ ਵਿਅਕਤੀ ਆਮ ਤੌਰ 'ਤੇ ਤੁਹਾਡੇ ਤੋਂ ਇਹ ਆਮ ਕਰਨਗੇ ਕਿ ਤੁਸੀਂ ਪਹਿਲਾਂ ਜੇਲ੍ਹ ਦੇ ਸਟਾਫ਼ ਨਾਲ ਸਮੱਸਿਆ ਨੂੰ ਸੁਲਝਾਉਣ ਦੀ ਕੋਸ਼ਿਸ਼ ਕੀਤੀ ਹੋਵੇਗੀ।

## 1. ਅਜਿਹੀਆਂ ਗੱਲਾਂ ਬਾਰੇ ਇੱਕ ਸ਼ਿਕਾਇਤ ਕਰਨੀ ਜਿਵੇਂ ਕਿ

- ਨਿਰਨਾ ਪ੍ਰਕਿਰਿਆਵਾਂ (ਸੁਣਵਾਈਆਂ)
- ਤੁਹਾਨੂੰ ਦਿੱਤਾ ਗਿਆ ਸੁਰੱਖਿਆ ਵਰਗ
- ਇਸ ਬਾਰੇ ਫ਼ੈਸਲੇ ਕਿ ਕੀ ਤੁਹਾਨੂੰ ਅਜਿਹੀਆਂ ਗੱਲਾਂ ਕਰਕੇ ਜੇਲ੍ਹ ਤੋਂ ਜਲਦੀ ਰਿਹਾ ਕੀਤਾ ਜਾ ਸਕਦਾ ਹੈ ਜਿਵੇਂ ਕਿ ਕੋਈ ਅਜਿਹੀ ਬਿਮਾਰੀ ਹੋਣਾ ਜਿਸ ਨਾਲ ਤੁਸੀਂ ਮਰ ਜਾਓਗੇ ਜਾਂ ਇਸ ਲਈ ਕਿਉਂਕਿ ਤੁਹਾਡੇ ਦੁਆਰਾ ਕੋਈ ਹੋਰ ਅਪਰਾਧ ਕਰਨ ਦੀ ਸੰਭਾਵਨਾ ਬਹੁਤ ਘੱਟ ਹੈ। ਇਸਨੂੰ **ਰਹਿਮ 'ਤੇ ਰਿਹਾਈ** ਕਿਹਾ ਜਾਂਦਾ ਹੈ।

- ਇਸ ਤਰ੍ਹਾਂ ਦੀਆਂ ਸ਼ਿਕਾਇਤਾਂ ਨੂੰ ਰਾਖਵੇਂ ਵਿਸ਼ੇ ਕਿਹਾ ਜਾਂਦਾ ਹੈ। ਉਹਨਾਂ ਦਾ ਫ਼ੈਸਲਾ ਸਿਰਫ਼ ਏਰੀਆ ਮੈਨੇਜਰ ਜਾਂ ਜੇਲ੍ਹ ਤੋਂ ਬਾਹਰ ਦੇ ਦੂਸਰੇ ਸਟਾਫ਼ ਦੁਆਰਾ ਹੀ ਕੀਤਾ ਜਾ ਸਕਦਾ ਹੈ।
- ਰਾਖਵੇਂ ਵਿਸ਼ਿਆਂ ਦੀ ਇੱਕ ਸੂਚੀ **ਪ੍ਰਿਜ਼ਨ ਸਰਵਿਸ ਆਰਡਰ 2510** ਦੇ ਅਨੁਲਗ ਐਚ ਵਿੱਚ ਹੈ। ਤੁਸੀਂ ਇਸ ਨੂੰ ਲਾਇਬ੍ਰੇਰੀ ਤੋਂ ਲੈ ਸਕਦੇ ਹੋ।
- ਤੁਸੀਂ ਇਹਨਾਂ ਚੀਜ਼ਾਂ ਬਾਰੇ ਕੋਈ ਬੇਨਤੀ ਜਾਂ ਸ਼ਿਕਾਇਤ ਸਿਰਫ਼ ਏਰੀਆ ਮੈਨੇਜਰ ਨੂੰ ਲਿਖਤੀ ਤੌਰ 'ਤੇ ਹੀ ਕਰ ਸਕਦੇ ਹੋ।
- ਏਰੀਆ ਮੈਨੇਜਰ ਤੁਹਾਡਾ ਪੱਤਰ ਮਿਲਣ ਤੋਂ 6 ਹਫ਼ਤਿਆਂ ਅੰਦਰ ਤੁਹਾਨੂੰ ਆਪਣਾ ਫ਼ੈਸਲਾ ਦੱਸਣ ਲਈ ਵਾਪਸ ਪੱਤਰ ਲਿਖੇਗਾ।
- ਜੇਕਰ ਤੁਸੀਂ ਅਜੇ ਵੀ ਖ਼ੁਸ਼ ਨਹੀਂ ਹੋ ਤਾਂ ਤੁਸੀਂ ਜੇਲ੍ਹਾਂ ਅਤੇ ਪ੍ਰੋਬੇਸ਼ਨ ਓਮਬਡਜ਼ਮੈਨ ਕੋਲ ਸ਼ਿਕਾਇਤ ਕਰ ਸਕਦੇ ਹੋ। **ਪੰਨਾ 115** ਦੇਖੋ।

## 2. ਦੂਸਰੀਆਂ ਚੀਜ਼ਾਂ ਬਾਰੇ ਸ਼ਿਕਾਇਤ ਕਰਨੀ

**ਕੋਈ ਸ਼ਿਕਾਇਤ ਕਿਵੇਂ ਕਰਨੀ ਹੈ**

1. ਸਮੱਸਿਆ ਬਰੇ ਸਟਾਫ਼ ਦੇ ਕਿਸੇ ਮੈਂਬਰ ਨਾਲ ਗੱਲ ਕਰੋ। ਜੇਕਰ ਤੁਹਾਡਾ ਕੋਈ ਨਿੱਜੀ ਅਧਿਕਾਰੀ ਹੈ ਤਾਂ ਉਸ ਨਾਲ ਗੱਲ ਕਰੋ। ਇਸ ਨਾਲ ਸਮੱਸਿਆ ਸੁਲਝ ਸਕਦੀ ਹੈ।

2. ਜੇਕਰ ਇਸ ਨਾਲ ਕੰਮ ਨਹੀਂ ਬਣਦਾ, ਤਾਂ ਆਪਣੇ ਵਿੰਗ ਦੇ ਲੈਂਡਿੰਗ ਅਧਿਕਾਰੀ ਜਾਂ ਮੈਨੇਜਰ ਨਾਲ ਗੱਲ ਕਰਵਾਉਣ ਲਈ ਨਿਵੇਦਨ ਕਰੋ।

ਇੱਕ ਸ਼ਿਕਾਇਤ ਕਰਨ ਬਾਰੇ ਹੋਰ ਜਾਣਕਾਰੀ

3. ਜੇਕਰ ਇਸ ਨਾਲ ਕੰਮ ਨਹੀਂ ਬਣਦਾ, ਤਾਂ ਆਪਣੀ ਸ਼ਿਕਾਇਤ ਬਾਰੇ ਲਿਖਤੀ ਤੌਰ 'ਤੇ ਕੁਝ ਕਰੋ। ਅਜਿਹਾ ਕਰਨ ਲਈ ਤੁਹਾਨੂੰ **COMP 1** ਅਖਵਾਉਂਦਾ ਇੱਕ ਫ਼ਾਰਮ ਭਰਨਾ ਪੈਂਦਾ ਹੈ। ਤੁਹਾਨੂੰ ਆਪਣਾ ਭਰਿਆ ਹੋਇਆ ਫ਼ਾਰਮ ਇੱਕ **ਸ਼ਿਕਾਇਤ ਪੇਟੀ** ਵਿੱਚ ਪਾਉਣਾ ਚਾਹੀਦਾ ਹੈ। ਆਪਣਾ ਫ਼ਾਰਮ ਸਿੱਧੇ ਤੌਰ 'ਤੇ ਸਟਾਫ਼ ਦੇ ਕਿਸੇ ਮੈਂਬਰ ਨੂੰ ਨਾ ਦਿਓ।

4. ਫ਼ਾਰਮ ਤੁਹਾਨੂੰ ਇਹ ਦੱਸਦੇ ਹੋਏ ਉੱਤਰ ਨਾਲ ਵਾਪਸ ਭੇਜ ਦਿੱਤਾ ਜਾਵੇਗਾ ਕਿ ਜੇਲ੍ਹ ਦਾ ਸਟਾਫ਼ ਤੁਹਾਡੀ ਸ਼ਿਕਾਇਤ ਬਾਰੇ ਕੀ ਕਹਿੰਦਾ ਹੈ। ਤੁਹਾਨੂੰ ਆਪਣਾ ਉੱਤਰ 3 ਕੰਮਕਾਜੀ ਦਿਨਾਂ ਅੰਦਰ ਮਿਲ ਜਾਣਾ ਚਾਹੀਦਾ ਹੈ।

5. ਜੇਕਰ ਤੁਸੀਂ ਜੇਲ੍ਹ ਦੇ ਸਟਾਫ਼ ਦੁਆਰਾ ਤੁਹਾਨੂੰ ਦਿੱਤੇ ਗਏ ਉੱਤਰ ਨਾਲ ਖ਼ੁਸ਼ ਨਹੀਂ ਹੋ, ਤਾਂ ਤੁਸੀਂ **COMP 1A** ਫ਼ਾਰਮ ਭਰ ਕੇ ਆਪਣੀ ਸ਼ਿਕਾਇਤ 'ਤੇ ਦੋਬਾਰਾ ਗੌਰ ਕੀਤੇ ਜਾਣ ਲਈ ਨਿਵੇਦਨ ਕਰ ਸਕਦੇ ਹੋ।

## ਇੱਕ ਵਧੇਰੇ ਗੁਪਤ ਢੰਗ ਵਿੱਚ ਸ਼ਿਕਾਇਤ ਕਰਨੀ

- ਇੱਕ ਵਧੇਰੇ ਗੁਪਤ ਢੰਗ ਵਿੱਚ ਕੋਈ ਸ਼ਿਕਾਇਤ ਕਰਨ ਲਈ ਤੁਸੀਂ **COMP2 ਗੁਪਤ ਪਹੁੰਚ ਸ਼ਿਕਾਇਤ ਫ਼ਾਰਮ** ਅਖਵਾਉਂਦਾ ਇੱਕ ਫ਼ਾਰਮ ਭਰ ਸਕਦੇ ਹੋ। ਫ਼ਾਰਮ 'ਤੇ ਲਿਖੋ ਕਿ ਤੁਸੀਂ ਇਸ ਵਧੇਰੇ ਗੁਪਤ ਢੰਗ ਵਿੱਚ ਕਿਉਂ ਸ਼ਿਕਾਇਤ ਕਰ ਰਹੇ ਹੋ।
- ਤੁਸੀਂ ਫ਼ਾਰਮ ਨੂੰ ਇੱਕ ਸੀਲਬੰਦ ਲਿਫ਼ਾਫ਼ੇ ਵਿੱਚ ਗਵਰਨਰ, ਸੁਤੰਤਰ ਨਿਗਰਾਨੀ ਬੋਰਡ ਦੇ ਸਭਾਪਤੀ ਜਾ ਏਰੀਆ ਮੈਨੇਜਰ ਨੂੰ ਭੇਜ ਸਕਦੇ ਹੋ।
- ਤੁਹਾਨੂੰ ਅਜਿਹਾ ਸਿਰਫ਼ ਤਾਂ ਹੀ ਕਰਨਾ ਚਾਹੀਦਾ ਹੈ ਜੇਕਰ ਤੁਹਾਡੀ ਸ਼ਿਕਾਇਤ ਬਹੁਤ ਗੰਭੀਰ ਹੈ ਜਾਂ ਇਸ ਬਾਰੇ ਜੇਲ੍ਹ ਸਟਾਫ਼ ਨਾਲ ਗੱਲ ਕਰਨਾ ਬਹੁਤ ਮੁਸ਼ਕਲ ਹੈ।
- ਉਹ ਵਿਅਕਤੀ ਜਿਸ ਨੂੰ ਤੁਸੀਂ ਫ਼ਾਰਮ ਭੇਜਦੇ ਹੋ, ਸ਼ਿਕਾਇਤ 'ਤੇ ਗੌਰ ਕਰਨ ਦਾ ਸਭ ਤੋਂ ਵਧੀਆ ਢੰਗ ਤੈਅ ਕਰੇਗਾ। ਉਸ ਨੂੰ ਦੂਸਰੇ ਵਿਅਕਤੀਆਂ ਨਾਲ ਗੱਲ ਕਰਨੀ ਪੈ ਸਕਦੀ ਹੈ, ਜਿਨ੍ਹਾਂ ਵਿੱਚ ਉਹ ਵਿਅਕਤੀ ਵੀ ਸ਼ਾਮਲ ਹੈ ਜਿਸ ਬਾਰੇ ਤੁਸੀਂ ਸ਼ਿਕਾਇਤ ਕਰ ਰਹੇ ਹੋ।

## ਸਟਾਫ਼ ਬਾਰੇ ਕੋਈ ਸ਼ਿਕਾਇਤ ਕਰਨੀ

- ਜੇ ਤੁਸੀਂ ਸੋਚਦੇ ਹੋ ਕਿ ਜੇਲ੍ਹ ਦੇ ਸਟਾਫ਼ ਨੇ ਜੇਲ੍ਹ ਦੇ ਨਿਯਮਾਂ ਨੂੰ ਤੋੜਿਆ ਹੈ, ਅਤੇ ਤੁਹਾਡੇ ਨਾਲ ਇੱਕ ਬੁਰੇ ਢੰਗ ਨਾਲ ਵਿਵਹਾਰ ਕੀਤਾ ਹੈ ਤਾਂ ਤੁਸੀਂ ਗਵਰਨਰ ਜਾਂ ਏਰੀਆ ਮੈਨੇਜਰ ਕੋਲ ਸ਼ਿਕਾਇਤ ਕਰ ਸਕਦੇ ਹੋ। ਨਿੱਜੀ ਜੇਲ੍ਹਾਂ ਵਿੱਚ ਤੁਹਾਨੂੰ ਜੇਲ੍ਹ ਦੇ ਨਿਗਰਾਨ ਅਧਿਕਾਰੀਆਂ ਦੇ ਸੰਬੰਧ ਵਿੱਚ ਕੀਤੀਆਂ ਜਾਣ ਵਾਲੀਆ ਸ਼ਿਕਾਇਤਾਂ ਬਾਰੇ ਕੰਟਰੋਲਰ ਕੋਲ ਸ਼ਿਕਾਇਤ ਕਰਨੀ ਚਾਹੀਦੀ ਹੈ।

- **COMP 1** ਅਖਵਾਉਂਦਾ ਇੱਕ ਸ਼ਿਕਾਇਤ ਫ਼ਾਰਮ ਭਰੋ ਜਾਂ ਫਿਰ ਤੁਸੀਂ ਇੱਕ **COMP 2** ਫ਼ਾਰਮ ਭਰਨ ਵਿੱਚ ਵਧੇਰੇ ਖ਼ੁਸ਼ੀ ਮਹਿਸੂਸ ਕਰ ਸਕਦੇ ਹੋ। ਇਸਦੀ ਪੂਰੀ ਤਫਸੀਲ ਫ਼ਾਰਮ 'ਤੇ ਲਿਖੋ ਕਿ ਤੁਹਾਡੇ ਵਿਚਾਰ ਵਿੱਚ ਸਟਾਫ਼ ਨੇ ਕੀ ਗ਼ਲਤ ਕੀਤਾ। ਉਦਾਹਰਨ ਲਈ ਕਰੋ ਕਿ ਕੀ ਹੋਇਆ ਇਹ ਕਿੱਥੇ ਅਤੇ ਕਦੋਂ ਹੋਇਆ ਅਤੇ ਕੀ ਕਿਸੇ ਹੋਰ ਨੇ ਇਸ ਨੂੰ ਹੁੰਦਿਆਂ ਦੇਖਿਆ ਸੀ।

- ਸਟਾਫ਼ ਦਾ ਇੱਕ ਸੀਨੀਅਰ ਮੈਂਬਰ ਸ਼ਿਕਾਇਤ ਦੀ ਪੜਤਾਲ ਕਰੇਗਾ। ਉਹ ਤੁਹਾਡੇ ਨਾਲ, ਉਸ ਵਿਅਕਤੀ ਨਾਲ ਜਿਸ ਬਾਰੇ ਤੁਸੀਂ ਸ਼ਿਕਾਇਤ ਕੀਤੀ ਸੀ, ਅਤੇ ਕਿਸੇ ਵੀ ਦੂਸਰੇ ਵਿਅਕਤੀ ਨਾਲ ਗੱਲ ਕਰੇਗਾ ਜਿਸਨੇ ਦੇਖਿਆ ਕਿ ਕੀ ਹੋਇਆ ਸੀ।

### ਜੇਕਰ ਤੁਸੀਂ ਸਹੀ ਪਾਏ ਜਾਂਦੇ ਹੋ, ਤਾਂ ਗਵਰਨਰ ਇਹ ਸਭ ਕਰੇਗਾਂ

- ਸਟਾਫ਼ ਦੇ ਉਸ ਮੈਂਬਰ ਪ੍ਰਤੀ ਕਾਰਵਾਈ ਕਰੇਗਾ ਜਿਸ ਦੇ ਵਿਰੁੱਧ ਤੁਸੀਂ ਸ਼ਿਕਾਇਤ ਕੀਤੀ ਸੀ

- ਜ਼ਰੂਰਤ ਹੋਣ 'ਤੇ ਪੁਲੀਸ ਨੂੰ ਬੁਲਾਏਗਾ

- ਤੁਹਾਨੂੰ ਪੱਤਰ ਲਿਖ ਕੇ ਦੱਸੇਗਾ ਕਿ ਕੀ ਫ਼ੈਸਲਾ ਲਿਆ ਗਿਆ ਹੈ। ਇਸ ਵਿੱਚ ਆਮ ਤੌਰ 'ਤੇ 2 ਹਫ਼ਤਿਆਂ ਦਾ ਸਮਾਂ ਲੱਗਦਾ ਹੈ। ਜੇਕਰ ਤੁਸੀਂ ਗੁਪਤ ਪਹੁੰਚ ਅਖਵਾਉਣ ਵਾਲੇ ਇੱਕ ਵਧੇਰੇ ਗੁਪਤ ਢੰਗ ਵਿੱਚ ਸ਼ਿਕਾਇਤ ਕੀਤੀ ਹੈ ਤਾਂ ਏਰੀਆ ਮੈਨੇਜਰ ਤੁਹਾਨੂੰ ਲਿਖੇਗਾ।

## ਕਿਸੇ ਸ਼ਿਕਾਇਤ ਬਾਰੇ ਆਪਣਾ ਮਨ ਬਦਲਣਾ

- ਜੇਕਰ ਤੁਸੀਂ ਆਪਣਾ ਮਨ ਬਦਲ ਲੈਂਦੇ ਹੋ ਤਾਂ ਤੁਸੀਂ ਕਿਸੇ ਵੀ ਸਮੇਂ 'ਤੇ ਸ਼ਿਕਾਇਤ ਨੂੰ ਰੋਕ ਸਕਦੇ ਹੋ

- ਸਟਾਫ਼ ਦੇ ਕਿਸੇ ਮੈਂਬਰ ਨੂੰ ਦੱਸ ਦਿਓ। ਉਹ ਤੁਹਾਨੂੰ ਫ਼ਾਰਮ 'ਤੇ ਇਹ ਲਿਖ ਕੇ ਦੇਣ ਲਈ ਕਹਿਣਗੇ ਕਿ ਤੁਸੀਂ ਆਪਣੀ ਸ਼ਿਕਾਇਤ ਰੋਕਣੀ ਚਾਹੁੰਦੇ ਹੋ

## ਹੋਰ ਲੋਕ ਜਿਨ੍ਹਾਂ ਨਾਲ ਤੁਸੀਂ ਜੇਲ੍ਹ ਵਿੱਚ ਗੱਲ ਕਰ ਸਕਦੇ ਹੋ।

- ਆਪਣੀ ਸ਼ਿਕਾਇਤ ਨੂੰ ਸਟਾਫ਼ ਨਾਲ ਸੁਲਝਾਉਣ ਦੀ ਕੋਸ਼ਿਸ਼  ਕਰ ਚੁੱਕਣ ਤੋਂ ਬਾਅਦ ਤੁਸੀਂ ਇਸ ਬਾਰੇ ਸੁਤੰਤਰ ਨਿਗਰਾਨੀ ਬੋਰਡ ਅਖਵਾਉਣ ਵਾਲੇ ਇੱਕ ਸਮੂਹ ਨਾਲ ਵੀ ਗੱਲ ਕਰ ਸਕਦੇ ਹੋ। ਇਹ ਸਮੂਹ ਇਹ ਯਕੀਨੀ ਬਣਾਉਣ ਲਈ ਜੇਲ੍ਹਾਂ ਦੀ ਜਾਂਚ ਕਰਦਾ ਹੈ ਕਿ ਉਹਨਾਂ ਨੂੰ ਇੱਕ ਚੰਗੇ ਅਤੇ ਨਿਆਂਪੂਰਨ ਢੰਗ ਵਿੱਚ ਚਲਾਇਆ ਜਾਂਦਾ ਹੈ।

- ਸੁਤੰਤਰ ਨਿਗਰਾਨੀ ਬੋਰਡ ਵਿਚਲੇ ਵਿਅਕਤੀ ਸਥਾਨਕ ਭਾਈਚਾਰੇ ਤੋਂ ਵਲੰਟੀਅਰ ਹੁੰਦੇ ਹਨ। ਸੁਤੰਤਰ ਨਿਗਰਾਨੀ ਬੋਰਡ ਬਾਰੇ ਇੱਕ ਕਿਤਾਬਚਾ ਹੈ ਜਿਸ 'ਤੇ ਤੁਸੀਂ ਨਜ਼ਰ ਮਾਰ ਸਕਦੇ ਹੋ। ਇਹ ਤੁਹਾਡੇ ਵਿੰਗ 'ਤੇ ਉਪਲਬਧ ਹੈ।

- ਤੁਹਾਨੂੰ ਸੁਤੰਤਰ ਨਿਗਰਾਨੀ ਬੋਰਡ ਨੂੰ ਆਪਣੀ ਸ਼ਿਕਾਇਤ 'ਤੇ ਗੌਰ ਕਰਨ ਲਈ ਨਿਵੇਦਨ ਕਰਨ ਲਈ ਇੱਕ ਫ਼ਾਰਮ ਭਰਨਾ ਪੈਂਦਾ ਹੈ। ਤੁਸੀਂ ਇਹ ਫ਼ਾਰਮ ਆਪਣੇ ਜੇਲ੍ਹ ਵਿੰਗ ਤੋਂ ਪ੍ਰਾਪਤ ਕਰ ਸਕਦੇ ਹੋ।

ਸੁਤੰਤਰ ਨਿਗਰਾਨੀ ਬੋਰਡ ਇਹ ਸਭ ਕਰ ਸਕਦਾ ਹੈ

- ਗਵਰਨਰ ਨੂੰ ਤੁਹਾਡੀ ਸ਼ਿਕਾਇਤ ਬਾਰੇ ਲਏ ਗਏ ਕਿਸੇ ਫ਼ੈਸਲੇ ਦੀ ਵਿਆਖਿਆ ਕਰਨ ਲਈ ਕਹਿਣ ਸਕਦਾ ਹੈ।
- ਗਵਰਨਰ ਨੂੰ ਇਸ ਬਾਰੇ ਸਲਾਹ ਦੇ ਸਕਦਾ ਹੈ ਕਿ ਹੋਰ ਕੀ ਕੀਤਾ ਜਾ ਸਕਦਾ ਹੈ
- ਉਸ ਜਾਣਕਾਰੀ ਵੱਲ ਸੰਕੇਤ ਕਰ ਸਕਦਾ ਹੈ ਜਿਸ 'ਤੇ ਗੌਰ ਨਹੀਂ ਕੀਤਾ ਗਿਆ ਹੈ।

ਉਹ

- ਜੇਲ੍ਹ ਦੁਆਰਾ ਲਏ ਗਏ ਕਿਸੇ ਫ਼ੈਸਲੇ ਨੂੰ ਬਦਲ ਨਹੀਂ ਸਕਦਾ

## ਆਪਣੀ ਸ਼ਿਕਾਇਤ ਨੂੰ ਜੇਲ੍ਹ ਦੇ ਸਟਾਫ਼ ਨਾਲ ਸੁਲਝਾਉਣ ਦੀ ਕੋਸ਼ਿਸ਼ ਕਰ ਚੁੱਕਣ ਤੋਂ ਬਾਅਦ ਜੇਲ੍ਹ ਤੋਂ ਬਾਹਰ ਦੇ ਉਹ ਵਿਅਕਤੀ ਜਿਨ੍ਹਾਂ ਨੂੰ ਤੁਸੀਂ ਆਪਣੀ ਸ਼ਿਕਾਇਤ ਭੇਜ ਸਕਦੇ ਹੋ।

### 1. ਜੇਲ੍ਹਾਂ ਅਤੇ ਪ੍ਰੋਬੇਸ਼ਨ ਓਮਬਡਜ਼ਮੈਨ

- ਜੇ ਤੁਸੀਂ ਪਹਿਲਾਂ ਹੀ ਆਪਣੀ ਸ਼ਿਕਾਇਤ ਨੂੰ ਜੇਲ੍ਹ ਸਟਾਫ਼ ਨਾਲ ਸੁਲਝਾਉਣ ਦੀ ਕੋਸ਼ਿਸ਼ ਕਰ ਚੁੱਕੇ ਹੋ ਅਤੇ ਅਜੇ ਵੀ ਖੁਸ਼ ਨਹੀਂ ਹੋ ਤਾਂ ਤੁਸੀਂ ਜੇਲ੍ਹਾਂ ਅਤੇ ਪ੍ਰੋਬੇਸ਼ਨ ਓਮਬਡਜ਼ਮੈਨ ਨੂੰ ਲਿਖ ਸਕਦੇ ਹੋ।
- ਓਮਬਡਜ਼ਮੈਨ ਜੇਲ੍ਹ ਲਈ ਕੰਮ ਨਹੀਂ ਕਰਦਾ। ਉਸਦਾ ਕੰਮ ਹੁੰਦਾ ਹੈ ਕੈਦੀਆਂ ਵਲੋਂ ਜੇਲ੍ਹ ਦੀ ਜ਼ਿੰਦਗੀ ਬਾਰੇ ਕੀਤੀਆਂ ਗਈਆਂ ਸ਼ਿਕਾਇਤਾਂ 'ਤੇ ਗੌਰ ਕਰਨਾ
- ਓਮਬਡਜ਼ਮੈਨ ਸਿਰਫ਼ ਤੁਹਾਡੇ ਦੁਆਰਾ ਭੇਜੀਆਂ ਗਈਆਂ ਸ਼ਿਕਾਇਤਾਂ 'ਤੇ ਗੌਰ ਕਰ ਸਕਦਾ ਹੈ।
- ਤੁਹਾਨੂੰ ਓਮਬਡਜ਼ਮੈਨ ਨੂੰ ਆਪਣੀ ਸ਼ਿਕਾਇਤ ਬਾਰੇ ਜੇਲ੍ਹ ਦੇ ਸਟਾਫ਼ ਤੋਂ ਕੋਈ ਉੱਤਰ ਪ੍ਰਾਪਤ ਹੋਣ ਤੋਂ 1 ਮਹੀਨੇ ਅੰਦਰ ਜ਼ਰੂਰ ਲਿਖਣਾ ਚਾਹੀਦਾ ਹੈ।
- ਓਮਬਡਜ਼ਮੈਨ ਨੂੰ ਲਿਖਦੇ ਸਮੇਂ ਜਿਨ੍ਹਾਂ ਵੱਧ ਤੋਂ ਵੱਧ ਹੋ ਸਕੇ, ਦੱਸੋ। ਉਹ ਆਮ ਤੌਰ 'ਤੇ ਤੁਹਾਡੇ ਕੋਲ ਨਹੀਂ ਆਵੇਗਾ ਅਤੇ ਤੁਹਾਡੇ ਨਾਲ ਗੱਲ ਨਹੀਂ ਕਰੇਗਾ, ਇਸ ਲਈ ਤੁਹਾਨੂੰ ਉਸ ਨੂੰ ਆਪਣੇ ਪੱਤਰ ਵਿੱਚ ਜਿਨ੍ਹਾਂ ਵੱਧ ਤੋਂ ਵੱਧ ਹੋ ਸਕੇ, ਦੱਸਣ ਦੀ ਲੋੜ ਹੁੰਦੀ ਹੈ।
- ਓਮਬਡਜ਼ਮੈਨ ਨੂੰ ਆਮ ਤੌਰ 'ਤੇ ਤੁਹਾਡੀ ਸ਼ਿਕਾਇਤ 'ਤੇ ਗੌਰ ਕਰਨ ਲਈ 12 ਹਫ਼ਤੇ ਜਾਂ ਇਸ ਤੋਂ ਘੱਟ ਸਮਾਂ ਲੈਣਾ ਚਾਹੀਦਾ ਹੈ। ਤੁਹਾਨੂੰ ਲਿਖਤੀ ਤੌਰ 'ਤੇ ਦੱਸਿਆ ਜਾਵੇਗਾ ਕਿ ਕੀ ਫ਼ੈਸਲਾ ਲਿਆ ਗਿਆ ਹੈ।
- ਜੇਕਰ ਓਮਬਡਜ਼ਮੈਨ ਸੋਚਦਾ ਹੈ ਕਿ ਤੁਹਾਡੇ ਨਾਲ ਸਹੀ ਢੰਗ ਨਾਲ ਵਿਵਹਾਰ ਨਹੀਂ ਕੀਤਾ ਗਿਆ ਹੈ ਤਾਂ ਉਹ ਸ਼ਾਇਦ ਗਵਰਨਰ ਨੂੰ ਆਪਣਾ ਫ਼ੈਸਲਾ ਬਦਲਣ ਲਈ ਕਹਿ ਸਕਦਾ ਹੈ ਜਾਂ ਫਿਰ ਜੇਲ੍ਹ ਪ੍ਰਬੰਧਨ ਦੇ ਮੁਖੀ ਕੋਲ ਤਬਦੀਲੀਆਂ ਦੀ ਸਿਫ਼ਾਰਸ਼ ਕਰ ਸਕਦਾ ਹੈ।

ਓਮਬਡਜ਼ਮੈਨ ਨੂੰ ਇਸ ਪਤੇ 'ਤੇ ਲਿਖੋ।

Prisons and Probation Ombudsman
Ashley House
2 Monck Street
London
SW1P 2BQ

ਓਮਬਡਜ਼ਮੈਨ ਅਤੇ ਸ਼ਿਕਾਇਤ ਕਰਨ ਦੇ ਢੰਗ ਬਾਰੇ ਇੱਕ ਕਿਤਾਬਚਾ ਹੈ ਜਿਸ 'ਤੇ ਤੁਸੀਂ ਨਜ਼ਰ ਮਾਰ ਸਕਦੇ ਹੋ। ਇਹ ਲਾਇਬ੍ਰੇਰੀ ਵਿੱਚ ਉਪਲਬਧ ਹੈ।

## 2. ਸਿਹਤ ਬਾਰੇ ਸ਼ਿਕਾਇਤਾਂ

- ਜੇਕਰ ਤੁਹਾਡੀ ਸ਼ਿਕਾਇਤ ਦਾ ਸੰਬੰਧ ਸਿਹਤ ਨਾਲ ਹੈ ਤਾਂ ਤੁਹਾਨੂੰ ਪਹਿਲਾਂ ਜੇਲ੍ਹ ਵਿਚਲੀ ਸਿਹਤ ਸੰਭਾਲ ਟੀਮ ਨਾਲ ਗੱਲ ਕਰਨੀ ਚਾਹੀਦੀ ਹੈ।

- ਜੇਕਰ ਇਸ ਨਾਲ ਗੱਲ ਨਹੀਂ ਬਣਦੀ ਤਾਂ ਤੁਸੀਂ ਮੁਢਲੀ ਦੇਖਭਾਲ ਟ੍ਰਸਟ ਨੂੰ ਆਪਣੀ ਸ਼ਿਕਾਇਤ ਬਾਰੇ ਦੱਸਣ ਲਈ ਲਿਖ ਸਕਦੇ ਹੋ। ਮੁਢਲੀ ਦੇਖਭਾਲ ਟ੍ਰਸਟ ਆਪਣੇ ਸਥਾਨਕ ਖੇਤਰ ਵਿਚਲੀਆਂ ਸਿਹਤ ਸੇਵਾਵਾਂ ਜਿਵੇਂ ਕਿ ਡਾਕਟਰਾਂ, ਡੈਂਟਿਸਟਾਂ ਅਤੇ ਓਪਟੀਸ਼ੀਅਨਾਂ ਦੇ ਮੁਖੀ ਹੁੰਦੇ ਹਨ।

- ਜੇਕਰ ਤੁਸੀਂ ਅਜੇ ਵੀ ਖ਼ੁਸ਼ ਨਹੀਂ ਹੋ ਤਾਂ ਤੁਸੀਂ ਸਿਹਤ ਸੰਭਾਲ ਆਯੋਗ ਨੂੰ ਆਪਣੀ ਸ਼ਿਕਾਇਤ 'ਤੇ ਗੌਰ ਕਰਨ ਲਈ ਨਿਵੇਦਨ ਕਰ ਸਕਦੇ ਹੋ। ਇਹ ਸਮੂਹ ਇਹ ਯਕੀਨੀ ਬਣਾਉਣ ਲਈ ਕੰਮ ਕਰਦਾ ਹੈ ਕਿ ਸਿਹਤ ਸੰਭਾਲ ਸੇਵਾਵਾਂ ਇੱਕ ਚੰਗੇ ਢੰਗ ਵਿੱਚ ਚਲਾਈਆਂ ਜਾਂਦੀਆਂ ਹਨ।

  ਆਪਣੀ ਸ਼ਿਕਾਇਤ ਬਾਰੇ ਉਹਨਾਂ ਨੂੰ ਇਸ ਪਤੇ 'ਤੇ ਲਿਖੋਂ

  Healthcare Commission
  FREEPOST NAT 18958
  Complaints Investigation Team
  Manchester
  M1 9XZ

- ਜੇਕਰ ਤੁਸੀਂ ਸਿਹਤ ਸੰਭਾਲ ਆਯੋਗ ਦੁਆਰਾ ਲਏ ਗਏ ਫ਼ੈਸਲੇ ਤੋਂ ਖ਼ੁਸ਼ ਨਹੀਂ ਹੋ ਤਾਂ ਤੁਸੀਂ ਸੰਸਦੀ ਅਤੇ ਸਿਹਤ ਸੇਵਾ ਸੰਬੰਧੀ ਓਮਬਡਜ਼ਮੈਨ ਨੂੰ ਆਪਣੀ ਸ਼ਿਕਾਇਤ 'ਤੇ ਗੌਰ ਕਰਨ ਲਈ ਨਿਵੇਦਨ ਕਰ ਸਕਦੇ ਹੋ। ਓਮਬਡਜ਼ਮੈਨ ਨੂੰ ਇਸ ਪਤੇ 'ਤੇ ਲਿਖੋ।

  The Parliamentary and Health Service Ombudsman
  Millbank Tower
  Millbank
  London
  SW1P 4QP

- ਜੇਕਰ ਸਿਹਤ ਬਾਰੇ ਸ਼ਿਕਾਇਤ ਕਰਨ ਲਈ ਤੁਹਾਨੂੰ ਕਿਸੇ ਮਦਦ ਦੀ ਲੋੜ ਹੈ ਤਾਂ ਮਦਦ ਲਈ ਇਨਡਿਪੈਨਡੈਂਟ ਕੰਪਲੇਂਟਸ ਅਡਵਾਈਜਰੀ ਸਰਵਿਸ - ICAS (ਸੁਤੰਤਰ ਸ਼ਿਕਾਇਤਾਂ ਸੰਬੰਧੀ ਸਲਾਹ ਸੇਵਾ) ਨੂੰ ਮਦਦ ਲਈ ਨਿਵੇਦਨ ਕਰੋ।

- ਤੁਸੀਂ ਉਹਨਾਂ ਨਾਲ ਸੰਪਰਕ ਕਰਨ ਸੰਬੰਧੀ ਜਾਣਕਾਰੀ ਜੇਲ੍ਹ ਸਟਾਫ਼ ਤੋਂ ਜੇਲ੍ਹ ਦੀ ਲਾਇਬ੍ਰੇਰੀ ਤੋਂ ਜਾਂ ਫਿਰ ਐਨ ਐਚ ਐਸ ਡਾਇਰੈਕਟ ਨੂੰ 0845 4647 'ਤੇ ਫ਼ੋਨ ਕਰਕੇ ਪ੍ਰਾਪਤ ਕਰ ਸਕਦੇ ਹੋ।

## 3. ਤੁਹਾਡਾ ਐਮ ਪੀ

- ਤੁਸੀਂ ਆਪਣੇ ਰਿਹਾਇਸ਼ੀ ਖੇਤਰ ਦੇ ਐਮ ਪੀ ਨੂੰ ਲਿਖ ਸਕਦੇ ਹੋ
- ਯਕੀਨੀ ਬਣਾਓ ਕਿ ਤੁਸੀਂ ਉਸਨੂੰ ਭੇਜੇ ਜਾਣ ਵਾਲੇ ਪੱਤਰ 'ਤੇ ਆਪਣਾ ਘਰ ਦਾ ਪਤਾ ਲਿਖਦੇ ਹੋ
- ਤੁਸੀਂ ਆਪਣੇ ਐਸ ਪੀ ਨੂੰ ਨਿਵੇਦਨ ਕਰ ਸਕਦੇ ਹੋ ਕਿ ਉਹ ਤੁਹਾਡੀ ਸ਼ਿਕਾਇਤ ਨੂੰ ਗੌਰ ਕੀਤੇ ਜਾਣ ਲਈ ਸੰਸਦੀ ਅਤੇ ਸਿਹਤ ਸੇਵਾਵਾਂ ਸੰਬੰਧੀ ਓਮਬਡਜ਼ਮੈਨ ਕੋਲ ਵੀ ਅੱਗੇ ਪਹੁੰਚਾ ਦੇਵੇ।

## 4. ਤੁਹਾਡਾ ਵਕੀਲ

ਤੁਹਾਡਾ ਵਕੀਲ, ਕਾਨੂੰਨ ਨਾਲ ਸੰਬੰਧਿਤ ਕਿਸੇ ਪ੍ਰਸ਼ਨਾਂ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ

## 5. ਪੁਲੀਸ ਦਾ ਮੁੱਖ ਅਧਿਕਾਰੀ

ਜੇਕਰ ਤੁਸੀਂ ਸੋਚਦੇ ਹੋ ਕਿ ਕੋਈ ਅਪਰਾਧ ਕੀਤਾ ਗਿਆ ਹੈ ਤਾਂ ਤੁਸੀਂ ਸਥਾਨਕ ਪੁਲੀਸ ਨੂੰ ਵੀ ਲਿਖ ਸਕਦੇ ਹੋ। ਆਪਣਾ ਪੱਤਰ ਭੇਜਣ ਲਈ ਸਹੀ ਪਤਾ ਜਾਣਨ ਲਈ ਜੇਲ੍ਹ ਵਿਚਲੇ ਪੁਲੀਸ ਲੀਅਨ ਅਧਿਕਾਰੀ ਨੂੰ ਨਿਵੇਦਨ ਕਰੋ।

## 6. ਤੁਸੀਂ ਰਾਣੀ, ਸੰਸਦ ਜਾਂ ਆਪਣੇ ਯੂਰਪੀਅਨ ਸੰਸਦ ਮੈਂਬਰ ਨੂੰ ਇੱਕ ਪਟੀਸ਼ਨ ਭੇਜ ਸਕਦੇ ਹੋ

ਜੇਲ ਪ੍ਰਬੰਧਨ ਨਿਯਮਵਾਲੀ 2510 ਵਿੱਚ ਇਸ ਬਾਰੇ ਵਧੇਰੇ ਜਾਣਕਾਰੀ ਦਿੱਤੀ ਗਈ ਹੈ। ਇੱਕ ਫਾਰਮ ਹੈ ਜਿਸ ਨੂੰ ਤੁਸੀਂ ਆਪਣੀ ਯਾਚਿਕਾ (ਪਟੀਸ਼ਨ) ਦਾਇਰ ਕਰਨ ਲਈ ਨਕਲ ਕਰ ਸਕਦੇ ਹੋ

## 7. ਅਪਰਾਧਿਕ ਸੱਟਾਂ ਲਈ ਮੁਆਵਜ਼ਾ ਦੇਣ ਵਾਲੇ ਅਧਿਕਾਰੀ

ਜੇਕਰ ਤੁਸੀਂ ਕਿਸੇ ਵਿਅਕਤੀ ਦੁਆਰਾ ਕੀਤੇ ਗਏ ਕਿਸੇ ਹਿੰਸਕ ਅਪਰਾਧ ਦੇ ਕਾਰਨ ਜਖ਼ਮੀ ਹੋ ਜਾਂਦੇ ਹੋ ਤਾਂ ਤੁਸੀਂ ਇਸ ਸੰਗਠਨ ਨੂੰ ਲਿਖ ਸਕਦੇ ਹੋ। ਉਹ ਲੋਕਾਂ ਨੂੰ ਉਹਨਾਂ ਸੱਟਾਂ ਲਈ ਮੁਆਵਜ਼ਾ (ਪੈਸੇ) ਦੇਣ ਲਈ ਕੰਮ ਕਰਦੇ ਹਨ ਜੋ ਉਹਨਾਂ ਨੂੰ ਹਿੰਸਕ ਅਪਰਾਧਾਂ ਜਾਂ ਕੁਝ ਦੂਸਰੇ ਕਾਰਨਾਂ ਕਰਕੇ ਲੱਗਦੀਆਂ ਹਨ। ਤੁਸੀਂ ਉਹਨਾਂ ਨੂੰ ਇਸ ਪਤੇ 'ਤੇ ਲਿਖ ਸਕਦੇ ਹੋ

CICA
Tay House
300 Bath Street
Glasgow
G2 4LN

# ਅਪਰਾਧੀ ਪ੍ਰਬੰਧਨ, ਸਜ਼ਾ ਦੀ ਯੋਜਨਾ ਬਣਾਉਣੀ ਅਤੇ ਰਿਹਾਈ ਲਈ ਤਿਆਰ ਹੋਣਾ

## ਅਪਰਾਧੀ ਪ੍ਰਬੰਧਨ

ਇਸਦਾ ਸੰਬੰਧ ਇਸ ਗੱਲ ਨਾਲ ਹੁੰਦਾ ਹੈ ਕਿ ਤੁਹਾਡੇ ਦੁਆਰਾ ਜੇਲ੍ਹ ਵਿੱਚ ਜਾਂ ਕਮਿਊਨਿਟੀ ਦੀ ਨਿਗਰਾਨੀ ਹੇਠ ਬਿਤਾਏ ਜਾਣ ਵਾਲੇ ਸਮੇਂ ਦਾ ਪ੍ਰਬੰਧਨ ਕਿਵੇਂ ਕੀਤਾ ਜਾਂਦਾ ਹੈ।

ਅਪਰਾਧੀ ਪ੍ਰਬੰਧਨ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਨ ਲਈ ਕੀਤਾ ਜਾਂਦਾ ਹੈ ਕਿ ਤੁਹਾਡੇ ਦੁਆਰਾ ਭਵਿੱਖ ਵਿੱਚ ਅਪਰਾਧ ਕਰਨ ਦੀ ਸੰਭਾਵਨਾ ਘੱਟ ਹੋਵੇ।

ਇਸ ਨੂੰ ਪੜਾਵ ਵਾਰ ਸਾਰੇ ਅਪਰਾਧੀਆਂ ਲਈ ਅਸਲ ਵਿੱਚ ਲਿਆਉਂਦਾ ਜਾ ਰਿਹਾ ਹੈ।

## ਤੁਹਾਡਾ ਮੁਲਾਂਕਣ ਅਤੇ ਸਜ਼ਾ ਦੀ ਵਿਉਂਤਬੰਦੀ

ਜੇਲ੍ਹਾਂ ਅਤੇ ਪ੍ਰੋਬੇਸ਼ਨ ਸੇਵਾਵਾਂ ਅਪਰਾਧ ਮੁਲਾਂਕਣ ਪ੍ਰਣਾਲੀ ਦੀ ਵਰਤੋਂ ਕਰਦੀਆਂ ਹਨ। ਇਸਨੂੰ ਸੰਖੇਪ ਵਿੱਚ **OASys** ਜਾਂਦਾ ਹੈ।

ਇਸ ਨਾਲ ਉਹਨਾਂ ਨੂੰ ਇਹ ਪਤਾ ਲਗਾਉਣ ਵਿੱਚ ਮਦਦ ਮਿਲਦੀ ਹੈ ਕਿ ਤੁਸੀਂ ਅਪਰਾਧ ਕਿਉਂ ਕਰਦੇ ਹੋ ਅਤੇ ਤੁਹਾਨੂੰ ਅਪਰਾਧ ਕਰਨ ਤੋਂ ਰੋਕਣ ਲਈ ਕੀ ਕਰਨਾ ਦੀ ਲੋੜ ਹੈ।

ਇਸਦੀ ਵਰਤੋਂ ਇਹ ਪਤਾ ਲਗਾਉਣ ਲਈ ਕਿ ਕੀ ਤੁਹਾਡੇ ਦੁਆਰਾ ਆਪਣੇ ਆਪ ਨੂੰ ਜਾਂ ਦੂਸਰੇ ਵਿਅਕਤੀਆਂ ਨੂੰ ਨੁਕਸਾਨ ਪਹੁੰਚਾਉਣ ਦੀ ਸੰਭਾਵਨਾ ਹੈ ਅਤੇ ਅਜਿਹਾ ਨਾ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਤੁਹਾਡੇ ਨਾਲ ਮਿਲਕੇ ਕੰਮ ਕਰਨ ਲਈ ਵੀ ਕੀਤੀ ਜਾਂਦੀ ਹੈ।

ਹਰੇਕ ਉਸ ਵਿਅਕਤੀ ਲਈ ਜੋ 12 ਮਹੀਨਿਆਂ ਜਾਂ ਇਸ ਤੋਂ ਵੱਧ ਸਮੇਂ ਲਈ ਜੇਲ੍ਹ ਜਾ ਰਿਹਾ ਹੋਵੇ, OASys ਦੁਆਰਾ ਇੱਕ ਯੋਜਨਾ ਬਣਾਈ ਜਾਂਦੀ ਹੈ।

ਤੁਸੀਂ ਮੁਲਾਂਕਣ ਵਿੱਚ ਹਿੱਸਾ ਲੈਂਦੇ ਹੋ ਅਤੇ ਤੁਹਾਨੂੰ ਉਹ ਸਭ ਕੁਝ ਦਿਖਾਇਆ ਜਾਂਦਾ ਹੈ ਜੋ ਲਿਖਿਆ ਜਾਂਦਾ ਹੈ।

ਮੁਲਾਂਕਣ ਦੀ ਵਰਤੋਂ ਇੱਕ ਕਾਰਜ ਯੋਜਨਾ ਬਣਾਉਣ ਲਈ ਕੀਤੀ ਜਾਂਦੀ ਹੈ। ਇਸ ਕਾਰਜ ਯੋਜਨਾ ਨੂੰ ਤੁਹਾਡੀ ਸਜ਼ਾ ਦੀ ਵਿਉਂਤਬੰਦੀ ਕਿਹਾ ਜਾਂਦਾ ਹੈ।

ਉਦਾਹਰਨ ਲਈ, ਸਜ਼ਾ ਦੀ ਵਿਉਂਤਬੰਦੀ ਵਿੱਚ ਸ਼ਾਇਦ ਇਹ ਦਰਸਾਇਆ ਜਾ ਸਕਦਾ ਹੈ ਕਿ ਤੁਸੀਂ ਆਪਣੇ ਦੁਆਰਾ ਕਦੇ-ਕਦੇ ਕੀਤੇ ਜਾਂਦੇ ਵਿਵਹਾਰ ਨੂੰ ਬਦਲਣ ਲਈ ਕੀ ਕਰਨ ਜਾ ਰਹੇ ਹੋ ਜਾਂ ਤੁਸੀਂ ਨਸ਼ਿਆਂ ਜਾਂ ਸ਼ਰਾਬ ਸੰਬੰਧੀ ਸਮੱਸਿਆਵਾਂ ਨਾਲ ਕਿਵੇਂ ਨਜਿੱਠਣ ਜਾ ਰਹੇ ਹੋ।

ਤੁਹਾਡੀ ਸਜ਼ਾ ਦੀ ਵਿਉਂਤਬੰਦੀ ਤੁਹਾਡੀ ਸਜ਼ਾ ਦੌਰਾਨ ਅਤੇ ਤੁਹਾਡੇ ਰਿਹਾ ਹੋਣ ਤੋਂ ਬਾਅਦ ਦੇ ਜ਼ਿਆਦਾਤਰ ਫ਼ੈਸਲਿਆਂ ਅਤੇ ਤਬਦੀਲੀਆਂ ਨੂੰ ਪ੍ਰਭਾਵਿਤ ਕਰਦੀ ਹੈ।

## ਅਪਰਾਧ ਪ੍ਰਬੰਧਕ ਅਤੇ ਦੂਸਰਾ ਸਟਾਫ਼

ਅਪਰਾਧ ਪ੍ਰਬੰਧਕ, ਪ੍ਰੋਬੇਸ਼ਨ ਸੇਵਾ ਵਲੋਂ ਕੋਈ ਵਿਅਕਤੀ ਹੁੰਦਾ ਹੈ। ਉਹ ਕਮਿਉਨਿਟੀ ਵਿੱਚ ਕੰਮ ਕਰਦਾ ਹੈ ਅਤੇ ਆਮ ਤੌਰ 'ਤੇ ਉਸ ਸਾਰੇ ਸਮੇਂ ਲਈ ਤੁਹਾਡੇ ਨਾਲ ਕੰਮ ਕਰੇਗਾ ਜਿਸ ਦੌਰਾਨ ਤੁਸੀਂ ਜੇਲ੍ਹ ਵਿੱਚ ਜਾਂ ਕਮਿਉਨਿਟੀ ਦੀ ਨਿਗਰਾਨੀ ਵਿੱਚ ਰਹਿੰਦੇ ਹੋ।

ਉਹ ਤੁਹਾਨੂੰ ਆਪਣੀ ਜ਼ਿੰਦਗੀ ਵਿੱਚ ਤਬਦੀਲੀਆਂ ਲਿਆਉਣ ਵਿੱਚ ਮਦਦ ਕਰੇਗਾ ਤਾਂ ਜੋ ਤੁਹਾਡੇ ਦੁਆਰਾ ਭਵਿੱਖ ਵਿੱਚ ਅਪਰਾਧ ਕੀਤੇ ਜਾਣ ਦੀ ਸੰਭਾਵਨਾ ਨੂੰ ਘੱਟ ਕੀਤਾ ਜਾ ਸਕੇ।

ਤੁਹਾਡੇ ਜੇਲ੍ਹ ਵਿੱਚ ਹੋਣ ਸਮੇਂ ਤੁਸੀਂ ਇੱਕ ਅਪਰਾਧ ਨਿਗਰਾਨ ਦੇ ਨਾਲ ਨਾਲ ਇੱਕ ਨਿੱਜੀ ਅਧਿਕਾਰੀ ਵੀ ਰੱਖ ਸਕਦੇ ਹੋ।

ਉਹ ਤੁਹਾਨੂੰ ਆਪਣੀ ਸਜ਼ਾ ਦੀ ਵਿਉਂਤਬੰਦੀ ਦੀ ਪਾਲਣਾ ਕਰਦੇ ਰਹਿਣ ਵਿੱਚ ਮਦਦ ਕਰਨਗੇ।

ਤੁਹਾਡਾ ਅਪਰਾਧ ਨਿਗਰਾਨ ਅਤੇ/ਜਾਂ ਨਿੱਜੀ ਅਧਿਕਾਰੀ ਤੁਹਾਡੇ ਅਪਰਾਧ ਪ੍ਰਬੰਧਕ ਨਾਲ ਮਿਲਕੇ ਕੰਮ ਕਰੇਗਾ। ਕੁਝ ਸਥਾਨਾਂ ਤੇ, ਅਪਰਾਧ ਨਿਗਰਾਨ ਅਤੇ ਨਿੱਜੀ ਅਧਿਕਾਰੀ ਇੱਕ ਹੀ ਵਿਅਕਤੀ ਹੁੰਦਾ ਹੈ।

ਜੇਕਰ OASys ਜਾਂ ਅਪਰਾਧ ਪ੍ਰਬੰਧਨ ਬਾਰੇ ਤੁਹਾਡੇ ਕੋਈ ਪ੍ਰਸ਼ਨ ਹਨ ਤਾਂ ਜੇਲ੍ਹ ਦੇ ਸਟਾਫ਼ ਨਾਲ ਗੱਲ ਕਰੋ।

## ਮਲਟੀ ਏਜੰਸੀ ਪਬਲਿਕ ਪ੍ਰੋਟੈਕਸ਼ਨ ਅਰੇਂਜਮੈਂਟਸ (ਬਹੁ-ਏਜੰਸੀ ਜਨਤਕ ਸੁਰੱਖਿਆ ਵਿਵਸਥਾਵਾਂ - MAPPA)

ਇਸਦਾ ਇਸਤੇਮਾਲ ਪੁਲੀਸ, ਪ੍ਰੋਬੇਸ਼ਨ ਅਤੇ ਜੇਲ੍ਹ ਸੇਵਾਵਾਂ ਦੁਆਰਾ ਹਿੰਸਕ ਅਤੇ ਯੌਨ ਅਪਰਾਧੀਆਂ ਨਾਲ ਨਜਿੱਠਣ ਲਈ ਦੂਸਰੇ ਪੇਸ਼ਾਵਰਾਂ ਨਾਲ ਮਿਲਕੇ ਕੰਮ ਕਰਨ ਲਈ ਕੀਤਾ ਜਾਂਦਾ ਹੈ। ਇਸਦਾ ਇਸਤੇਮਾਲ ਜਨਤਾ ਨੂੰ ਨੁਕਸਾਨ ਤੋਂ ਬਚਾਉਣ ਲਈ ਕੀਤਾ ਜਾਂਦਾ ਹੈ।

ਤੁਹਾਨੂੰ ਦੱਸ ਦਿੱਤਾ ਜਾਵੇਗਾ ਕਿ ਇਹ ਤੁਹਾਡੇ 'ਤੇ ਲਾਗੂ ਹੁੰਦਾ ਹੈ।

ਜੇਕਰ ਤੁਹਾਡਾ ਇੱਕ MAPPA ਮੁਲਾਂਕਣ ਹੁੰਦਾ ਹੈ, ਤਾਂ ਇਸਦਾ ਇਸਤੇਮਾਲ ਇੱਕ ਜੋਖ਼ਿਮ ਪ੍ਰਬੰਧਨ ਯੋਜਨਾ ਬਣਾਉਣ ਲਈ ਕੀਤਾ ਜਾਵੇਗਾ। ਮੁਲਾਂਕਣ, ਸਟਾਫ਼ ਨੂੰ ਇਹ ਫ਼ੈਸਲਾ ਲੈਣ ਵਿੱਚ ਵੀ ਮਦਦ ਕਰੇਗਾ ਕਿ ਕੀ ਤੁਸੀਂ ਦੂਸਰੇ ਵਿਅਕਤੀਆਂ, ਜਿਵੇਂ ਕਿ ਬੱਚਿਆਂ ਲਈ ਇੱਕ ਜੋਖ਼ਿਮ ਹੋ।

## ਤੁਹਾਡੀ ਸਜ਼ਾ ਦੀ ਵਿਉਂਤਬੰਦੀ

ਤੁਹਾਡੀ ਯੋਜਨਾ ਵਿੱਚ ਟੀਚੇ ਹੋਣਗੇ

ਤੁਸੀਂ ਕੁਝ ਚੀਜ਼ਾਂ ਕਰਨ ਜਾਂ ਬਦਲਣ ਦੇ ਚਾਹਵਾਨ ਹੋ ਸਕਦੇ ਹੋ।

ਉਦਾਹਰਨ ਲਈ ਤੁਹਾਡੇ ਸਿੱਖਿਆ ਨਾਲ ਸੰਬੰਧਿਤ ਟੀਚੇ ਹੋ ਸਕਦੇ ਹਨ ਜਿਵੇਂ ਕਿ

- ✓ ਸਾਖਰਤਾ - ਪੜ੍ਹਨਾ ਅਤੇ ਲਿਖਣਾ
- ✓ ਅੰਕ ਗਣਨਾ - ਗਣਿਤ ਅਤੇ ਧਨ ਪ੍ਰਬੰਧਨ
- ✓ ਕੋਈ ਨਵਾਂ ਹੁਨਰ ਸਿੱਖਣਾ ਤਾਂ ਜੋ ਜੇਲ੍ਹ ਤੋਂ ਬਾਹਰ ਆਉਣ 'ਤੇ ਤੁਹਾਨੂੰ ਕੋਈ ਬਿਹਤਰ ਕੰਮ ਮਿਲ ਸਕੇ।
- ✓ ਇਮਤਿਹਾਨ ਦੇਣਾ ਅਤੇ ਯੋਗਤਾਵਾਂ ਹਾਸਲ ਕਰਨਾ

ਤੁਹਾਡੀ ਯੋਜਨਾ ਦੇ ਹਿੱਸੇ ਵਜੋਂ ਤੁਹਾਨੂੰ ਸਮੂਹਾਂ ਜਾਂ ਕੋਰਸਾਂ 'ਤੇ ਜਾਣਾ ਪੈ ਸਕਦਾ ਹੈ ਤਾਂ ਜੋ ਤੁਹਾਨੂੰ ਇਹ ਸੋਚਣ ਲਈ ਮਦਦ ਮਿਲ ਸਕੇ ਕਿ ਤੁਸੀਂ ਕਿਉਂ ਅਪਰਾਧ ਕਰਦੇ ਹੋ ਅਤੇ ਤੁਹਾਨੂੰ ਆਪਣੇ ਵਿਵਹਾਰ ਨੂੰ ਬਦਲਣ ਵਿੱਚ ਮਦਦ ਮਿਲ ਸਕੇ।

### ਕੁਝ ਉਦਾਹਰਨਾਂ

ਅਜਿਹੇ ਕੋਰਸ ਹਨ ਜਿਨ੍ਹਾਂ 'ਤੇ ਤੁਸੀਂ ਜਾ ਸਕਦੇ ਹੋ ਜੋ ਤੁਹਾਨੂੰ ਸਥਿਤੀਆਂ ਵਿੱਚੋਂ ਸੋਚਣ ਅਤੇ ਤੁਹਾਡੀ ਪ੍ਰਤਿਕਿਰਿਆ ਨੂੰ ਨਿਯੰਤ੍ਰਿਤ ਕਰਨ ਵਿੱਚ ਮਦਦ ਮਿਲ ਸਕੇ। ਉਦਾਹਰਨ ਲਈ

- ਕੋਰਸ ਜਿਨ੍ਹਾਂ ਨੂੰ ਵਧਾਈ ਗਈ ਸੋਚ ਸੰਬੰਧੀ ਹੁਨਰ ਅਤੇ ਗਿਆਨ ਬੋਧ ਹੁਨਰਾਂ ਨੂੰ ਤੇਜ਼ ਕਰਨ ਵਾਲੇ ਕੋਰਸ ਕਿਹਾ ਜਾਂਦਾ ਹੈ। ਗਿਆਨ ਬੋਧ ਦਾ ਅਰਥ ਹੈ, ਜਿਸਦਾ ਸੰਬੰਧ ਤੁਹਾਡੇ ਸੋਚਣ ਦੇ ਢੰਗ ਨਾਲ ਹੋਵੇ।
- ਤੁਹਾਨੂੰ ਆਪਣੀਆਂ ਭਾਵਨਾਵਾਂ 'ਤੇ ਕਾਬੂ ਰੱਖਣ ਵਿੱਚ ਮਦਦ ਦੇਣ ਵਾਲਾ ਇੱਕ ਕੋਰਸ ਜਿਸਨੂੰ ਕੰਟਰੋਲਿੰਗ ਐਂਗਰ ਐਂਡ ਲਰਨਿੰਗ ਟੂ ਮੈਨੇਜ਼ ਇਟ (CALM) (ਗੁੱਸੇ 'ਤੇ ਨਿੰਤ੍ਰਿਤ ਕਰਨਾ ਅਤੇ ਇਸ ਨਾਲ ਨਜਿੱਠਣਾ ਸਿੱਖਣਾ) ਕਿਹਾ ਜਾਂਦਾ ਹੈ
- ਸੈਕਸ ਓਫੈਂਡਰ ਟ੍ਰੀਟਮੈਂਟ ਪ੍ਰੋਗਰਾਮ (ਸੈਕਸ ਸੰਬੰਧੀ ਅਪਰਾਧੀ ਇਲਾਜ ਪ੍ਰੋਗਰਾਮ) (ਇਹਨਾਂ ਨੂੰ ਅਕਸਰ SOTPs ਕਿਹਾ ਜਾਂਦਾ ਹੈ)

## ਪ੍ਰੋਗਰਾਮਾਂ ਬਾਰੇ ਹੋਰ ਜਾਣਕਾਰੀ

ਤੁਹਾਡੀ ਮਦਦ ਕਰਨ ਲਈ ਪ੍ਰੋਗਰਾਮ ਹਨ ਜੇਕਰ ਤੁਹਾਨੂੰ ਹਿੰਸਕ ਹੋਣ ਸੰਬੰਧੀ ਸਮੱਸਿਆਵਾਂ ਹਨ।

ਉਦਾਹਰਨ ਲਈ

- ਜੇਕਰ ਤੁਸੀਂ ਆਪਣੇ ਸਾਥੀ ਨਾਲ ਦੁਰਵਿਹਾਰ ਕੀਤਾ ਹੈ ਤਾਂ ਹੈਲਦੀ ਰਿਲੇਸ਼ਨਸ਼ਿਪ (ਸਵਸਥ ਰਿਸ਼ਤੇ) ਪ੍ਰੋਗਰਾਮ
- ਜੇ ਤੁਸੀਂ ਅਕਸਰ ਹਿੰਸਕ ਹੋ ਜਾਂਦੇ ਹੋ ਤਾਂ ਗਿਆਨਬੋਧ ਸਵੈ-ਪਰਿਵਰਤਨ ਪ੍ਰੋਗਰਾਮ
- ਉਹਨਾਂ ਵਿਅਕਤੀਆਂ ਲਈ ਕਰੋਮਿਸ ਪ੍ਰੋਗਰਾਮ (Chromis Programme) ਜੋ ਹਿੰਸਕ ਹੋ ਜਾਂਦੇ ਹਨ ਅਤੇ ਜਿਨ੍ਹਾਂ ਦੀਆਂ ਕੋਈ ਅਜਿਹੀਆਂ ਵਿਸ਼ੇਸ਼ ਸਮੱਸਿਆਵਾਂ ਹੁੰਦੀਆਂ ਹਨ ਕਿ ਦੂਸਰੇ ਸਮੂਹਾਂ ਵਿਖੇ ਉਹਨਾਂ ਦੀ ਮਦਦ ਨਹੀਂ ਕੀਤੀ ਜਾ ਸਕਦੀ।
- ਤੁਹਾਨੂੰ ਜੇਲ੍ਹ ਤੋਂ ਰਿਹਾ ਹੋਣ ਤੋਂ ਬਾਅਦ ਕਮਿਉਨਿਟੀ ਵਿੱਚ ਵਾਪਸ ਸਥਾਪਿਤ ਕਰਨ ਵਿੱਚ ਮਦਦ ਕਰਨ ਵਾਲੇ ਪ੍ਰੋਗਰਾਮ

## ਸਿੱਖਿਆ

ਹਰੇਕ ਜੇਲ੍ਹ ਵਿੱਚ ਇੱਕ ਲਾਇਬ੍ਰੇਰੀ ਅਤੇ ਸਿੱਖਿਆ ਮਹਿਕਮਾ ਹੈ।

ਲਾਇਬ੍ਰੇਰੀ ਤੁਹਾਡੇ ਲਈ ਜੇਲ੍ਹ ਤੋਂ ਬਾਹਰ ਦੀਆਂ ਜਨਤਕ ਲਾਇਬ੍ਰੇਰੀਆਂ ਵਾਂਗ ਇਸਤੇਮਾਲ ਕਰਨ ਲਈ ਹੁੰਦੀ ਹੈ।

- ਤੁਸੀਂ ਕਿਤਾਬਾਂ ਉਧਾਰ ਲੈ ਸਕਦੇ ਹੋ ਅਤੇ ਇਹਨਾਂ ਲਈ ਫਰਮਾਇਸ਼ ਕਰ ਸਕਦੇ ਹੋ।
- ਤੁਹਾਨੂੰ ਹਰ ਹਫ਼ਤੇ ਘੱਟੋ-ਘੱਟ 20 ਮਿੰਟਾਂ ਲਈ ਲਾਇਬ੍ਰੇਰੀ ਜਾਣ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ।
- ਜ਼ਿਆਦਾਤਰ ਲਾਇਬ੍ਰੇਰੀਆਂ ਕੋਲ ਦੂਸਰੀਆਂ ਭਾਸ਼ਾਵਾਂ ਵਿੱਚ ਕਿਤਾਬਾਂ ਹੁੰਦੀਆਂ ਹਨ।
- ਜੇਲ ਪ੍ਰਬੰਧਨ ਨਿਯਮਵਾਲੀ 6710 ਵਿੱਚ ਇਸ ਬਾਰੇ ਵਧੇਰੇ ਜਾਣਕਾਰੀ ਦਿੱਤੀ ਗਈ ਹੈ।

## ਸਿੱਖਣਾ

ਤੁਹਾਡੇ ਦੁਆਰਾ ਕੋਈ ਕਲਾਸਾਂ ਸ਼ੁਰੂ ਕੀਤੇ ਜਾਣ ਤੋਂ ਪਹਿਲਾਂ ਇਹ ਦੇਖਣ ਲਈ ਤੁਹਾਨੂੰ ਇੱਕ ਇੰਟਰਵਿਊ ਅਤੇ ਇੱਕ ਜਾਂਚ ਵਿੱਚੋਂ ਲੰਘਣਾ ਪਵੇਗਾ ਕਿ ਤੁਹਾਨੂੰ ਪੜ੍ਹਨ ਅਤੇ ਲਿਖਣ ਵਰਗੀਆਂ ਚੀਜ਼ਾਂ ਵਿੱਚ ਕਿਸ ਸਹਾਇਤਾ ਦੀ ਲੋੜ ਪੈ ਸਕਦੀ ਹੈ। ਇਸ ਨਾਲ ਤੁਹਾਨੂੰ ਆਪਣੇ ਲਈ ਸਹੀ ਕੋਰਸ ਚੁਣਨ ਵਿੱਚ ਮਦਦ ਮਿਲਦੀ ਹੈ।

ਤੁਹਾਨੂੰ ਇੱਕ ਸਮਾਂ-ਸਾਰਣੀ ਅਤੇ ਆਪਣੀ ਖੁਦ ਦੀ ਸਿੱਖਣ ਯੋਜਨਾ ਮਿਲ ਜਾਂਦੀ ਹੈ ਜਿਸ 'ਤੇ ਤੁਸੀਂ ਵਿੱਦਿਅਕ ਸਟਾਫ਼ ਨਾਲ ਸਹਿਮਤੀ ਬਣਾਈ ਹੁੰਦੀ ਹੈ।

### ਸਿੱਖਣ ਬਾਰੇ ਹੋਰ

ਤੁਸੀਂ ਕਈ ਵੱਖ-ਵੱਖ ਵਿਸ਼ਿਆਂ ਵਿੱਚ ਜਮਾਤਾਂ ਕਰ ਸਕਦੇ ਹੋ ਉਦਾਹਰਨ ਲਈ

- ਲਿਖਣਾ ਅਤੇ ਪੜ੍ਹਨਾ
- ਗਣਿਤ
- ਦੂਸਰੀਆਂ ਭਾਸ਼ਾਵਾਂ ਬੋਲਣ ਵਾਲੇ ਵਿਅਕਤੀਆਂ ਲਈ ਅੰਗਰੇਜ਼ੀ ਦੇ ਸਬਕ
- ਕਲਾ
- ਵਪਾਰਕ ਅਧਿਐਨ

ਤੁਹਾਡੇ ਦੁਆਰਾ ਕੀਤੇ ਜਾਂਦੇ ਸਾਰੇ ਕੋਰਸਾਂ ਨੂੰ ਅਜਿਹੀਆਂ ਯੋਗਤਾਵਾਂ ਵੱਲ ਲਿਜਾਣਾ ਚਾਹੀਦਾ ਹੈ ਜੋ ਜੇਲ੍ਹ ਤੋਂ ਬਾਹਰ ਮਾਨਤਾ ਪ੍ਰਾਪਤ ਹੋਣ ਜਿਵੇਂ ਕਿ GCSEs ਜਾਂ NVQs ਅਜਿਹਾ ਇਸ ਲਈ ਤਾਂ ਜੋ ਤੁਸੀਂ ਚਾਹੋ ਤਾਂ ਜੇਲ੍ਹ ਤੋਂ ਬਾਹਰ ਆਉਣ 'ਤੇ ਆਪਣੀ ਪੜ੍ਹਾਈ ਜਾਰੀ ਰੱਖ ਸਕੋ।

ਤੁਸੀਂ ਦੂਰਵਰਤੀ ਸਿਖਲਾਈ ਕੋਰਸਾਂ, ਜਿਵੇਂ ਕਿ ਓਪਨ ਯੂਨੀਵਰਸਿਟੀ (OU) ਕੋਰਸਾਂ ਵਿੱਚ ਮਦਦ ਪ੍ਰਾਪਤ ਕਰ ਸਕਦੇ ਹੋ।

21 ਸਾਲ ਤੋਂ ਵੱਧ ਉਮਰ ਦੇ ਕੈਦੀਆਂ ਨੂੰ ਹਰ ਹਫ਼ਤੇ ਘੱਟੋ-ਘੱਟ ਇੱਕ ਘੰਟੇ ਲਈ ਖੇਡਾਂ ਜਾਂ PE ਸੈਸ਼ਨਾਂ ਵਿੱਚ ਹਿੱਸਾ ਲੈਣ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ।

## ਕੰਮ ਅਤੇ ਸਿਖਲਾਈ

### ਸਿਖਲਾਈ

ਜੇਲ੍ਹ ਪ੍ਰਬੰਧਨ ਵਧੇਰੇ ਸਿਖਲਾਈ ਅਤੇ ਹੁਨਰਾਂ ਸੰਬੰਧੀ ਕਾਉਂਸਿਲ ਨਾਲ ਮਿਲਕੇ ਕੰਮ ਕਰਦਾ ਹੈ। ਇਸ ਬਾਰੇ ਪਤਾ ਕਰਨ ਲਈ ਸਿੱਖਿਆ ਅਧਿਕਾਰੀ ਨਾਲ ਸੰਪਰਕ ਕਰੋ ਕਿ ਤੁਹਾਡੇ ਜੇਲ੍ਹ ਵਿੱਚ ਰਹਿਣ ਸਮੇਂ ਅਤੇ ਇਸ ਤੋਂ ਬਾਹਰ ਆਉਣ 'ਤੇ ਸਿਖਲਾਈ ਅਤੇ ਹੁਨਰਾਂ ਸੰਬੰਧੀ ਕਾਉਂਸਿਲ ਤੁਹਾਨੂੰ ਕੀ ਪੇਸ਼ਕਸ਼ ਕਰ ਸਕਦੀ ਹੈ।

ਸਿਖਲਾਈ ਦਾ ਸੰਬੰਧ ਤੁਹਾਨੂੰ ਉਹ ਹੁਨਰ ਸਿੱਖਣ ਵਿੱਚ ਮਦਦ ਦੇਣ ਨਾਲ ਹੁੰਦਾ ਹੈ ਜੋ ਤੁਹਾਨੂੰ ਕੋਈ ਨੌਕਰੀ ਪ੍ਰਾਪਤ ਕਰਨ ਵਿੱਚ ਮਦਦ ਕਰਨਗੇ। ਇਸ ਨੂੰ ਵਿਵਸਾਇਕ ਸਿਖਲਾਈ ਕਿਹਾ ਜਾਂਦਾ ਹੈ।

ਵਿਵਸਾਇਕ ਸਿਖਲਾਈ ਨੂੰ ਅਕਸਰ ਵਿਦਿਅਕ ਜਮਾਤਾਂ ਨਾਲ ਜੋੜਿਆ ਹੁੰਦਾ ਹੈ। ਇਸ ਤਰ੍ਹਾਂ ਤੁਸੀਂ ਇੱਕ ਸਿਖਲਾਈ ਕੋਰਸ 'ਤੇ ਜਾ ਕੇ ਯੋਗਤਾਵਾਂ ਹਾਸਲ ਕਰ ਸਕਦੇ ਹੋ।

ਉਦਾਹਰਨ ਲਈ, ਤੁਸੀਂ ਸ਼ਾਇਦ ਚਿੱਤਰਕਾਰੀ ਅਤੇ ਸਜਾਵਟ ਵਿੱਚ ਇੱਕ ਸਿਖਲਾਈ ਕੋਰਸ ਦੇ ਚਾਹਵਾਨ ਹੋ ਸਕਦੇ ਹੋ। ਉਸੇ ਸਮੇਂ ਤੇ, ਤੁਸੀਂ ਸ਼ਾਇਦ ਗਣਿਤ ਅਤੇ ਪੜ੍ਹਨ ਸੰਬੰਧੀ ਜਮਾਤਾਂ 'ਤੇ ਜਾਣ ਦੇ ਚਾਹਵਾਨ ਹੋ ਸਕਦੇ ਹੋ ਤਾਂ ਜੋ ਤੁਸੀਂ GCSEs ਜਾਂ ਇੱਕ ਨੈਸ਼ਨਲ ਵੋਕੇਸ਼ਨਲ ਕੁਆਲੀਫਿਕੇਸ਼ਨ (NVQ) ਹਾਸਲ ਕਰ ਸਕੋ।

ਹਰੇਕ ਜੇਲ੍ਹ ਵਿੱਚ ਸਿੱਖਿਆ ਅਤੇ ਸਿਖਲਾਈ ਦੀ ਡਾਇਰੈਕਟਰੀ ਅਖਵਾਉਂਦੀ ਇੱਕ ਪੁਸਤਕ ਹੁੰਦੀ ਹੈ ਜੋ ਤੁਹਾਨੂੰ ਦੱਸੇਗੀ ਕਿ ਤੁਹਾਡੀ ਜੇਲ੍ਹ ਵਿੱਚ ਕਿਹੜੇ ਸਿਖਲਾਈ ਕੋਰਸ ਚਲਾਏ ਜਾ ਰਹੇ ਹਨ।

## ਕੰਮ

ਕੰਮ ਉਹਨਾਂ ਮੁੱਖ ਚੀਜ਼ਾਂ ਵਿੱਚੋਂ ਇੱਕ ਹੋਣਾ ਚਾਹੀਦਾ ਹੈ ਜੋ ਤੁਸੀਂ ਜੇਲ੍ਹ ਵਿੱਚ ਹੁੰਦੇ ਹੋਏ ਆਪਣੇ ਦਿਨ ਦੌਰਾਨ ਕਰਦੇ ਹੋ। ਕੰਮ ਦਾ ਹੁਨਰ ਅਤੇ ਯੋਗਤਾਵਾਂ ਹਾਸਲ ਕਰਨ ਵਿੱਚ ਤੁਹਾਡੀ ਮਦਦ ਕਰਨ ਵਿੱਚ ਇੱਕ ਵੱਡਾ ਹਿੱਸਾ ਹੋਣਾ ਚਾਹੀਦਾ ਹੈ ਤਾਂ ਜੋ ਜੇਲ੍ਹ ਤੋਂ ਰਿਹਾ ਹੋਣ 'ਤੇ ਤੁਸੀਂ ਨੌਕਰੀ ਪ੍ਰਾਪਤ ਕਰ ਸਕੋ।

ਤੁਹਾਡੇ ਜੇਲ੍ਹ ਵਿੱਚ ਪਹੁੰਚਣ ਤੋਂ ਤੁਰੰਤ ਬਾਅਦ ਇਹ ਦੇਖਣ ਲਈ ਤੁਹਾਡਾ ਮੁਲਾਂਕਣ ਕੀਤਾ ਜਾਵੇਗਾ ਕਿ ਕਿਸ ਤਰ੍ਹਾਂ ਦਾ ਕੰਮ ਤੁਹਾਡੇ ਲਈ ਸਭ ਤੋਂ ਵਧੀਆ ਰਹੇਗਾ।

ਜੇਲ੍ਹ ਵਿੱਚ ਕੰਮ ਆਮ ਤੌਰ 'ਤੇ ਉਦਯੋਗਿਕ ਵਰਕਸ਼ਾਪਾਂ ਅਤੇ/ਜਾਂ ਖੇਤੀਬਾੜੀ (ਫਾਰਮਿੰਗ) ਅਤੇ ਹੌਰਟੀਕਲਚਰਲ (ਬਾਗਵਾਨੀ) ਇਕਾਈਆਂ ਰਾਹੀਂ ਹੁੰਦਾ ਹੈ। ਤੁਸੀਂ ਜੇਲ੍ਹ ਵਿੱਚ ਲੋੜੀਂਦੀਆਂ ਅਤੇ ਕਮਿਊਨਿਟੀ ਵਿੱਚ ਵਿਕਰੀ ਲਈ ਚੀਜ਼ਾਂ ਤਿਆਰ ਕਰੋਗੇ ਅਤੇ ਸੇਵਾਵਾਂ ਚਲਾਓਗੇ।

ਇਹਨਾਂ ਇਕਾਈਆਂ ਵਿੱਚ ਕੀਤੇ ਗਏ ਕੰਮ ਨਾਲ ਤੁਹਾਨੂੰ ਅਜਿਹੇ ਟ੍ਰੇਡਾਂ ਵਿੱਚ ਹੁਨਰ ਅਤੇ ਯੋਗਤਾਵਾਂ ਦੇਣੀਆਂ ਚਾਹੀਦੀਆਂ ਹਨ ਜਿਵੇਂ ਕਿ

- ਕੱਪੜਾ
- ਇੰਜੀਨੀਅਰਿੰਗ
- ਲੱਕੜ ਦਾ ਕੰਮ
- ਛਪਾਈ
- ਡਾਟਾ ਐਂਟਰੀ
- ਪਲਾਸਟਿਕ
- ਕੰਪਿਊਟਰ ਦੀ ਸਹਾਇਤਾ ਨਾਲ ਡਿਜ਼ਾਈਨ ਬਣਾਉਣਾ
- ਜ਼ਮੀਨ ਦਾ ਰੱਖ-ਰਖਾਵ

ਜੇਲ੍ਹ ਵਿੱਚ ਤੁਹਾਡੇ ਦੁਆਰਾ ਕੀਤੇ ਗਏ ਕੰਮ ਲਈ ਤੁਹਾਨੂੰ ਭੁਗਤਾਨ ਕੀਤਾ ਜਾਵੇਗਾ। ਤੁਹਾਨੂੰ ਤਾਂ ਵੀ ਭੁਗਤਾਨ ਕੀਤਾ ਜਾਵੇਗਾ ਜੇ ਤੁਸੀਂ ਕੰਮ ਕਰਨ ਦੇ ਇੱਛੁਕ ਹੋ ਪਰ ਜੇਲ੍ਹ ਵਿੱਚ ਤੁਹਾਡੇ ਲਈ ਕਈ ਯੋਗ ਕੰਮ ਉਪਲਬਧ ਨਹੀਂ ਹੈ। ਇਹ ਅਦਾਇਗੀ ਆਮ ਤੌਰ 'ਤੇ ਉਸ ਤੋਂ ਅੱਧੀ ਹੁੰਦੀ ਹੈ ਜਦੋਂ ਤੁਸੀਂ ਕੰਮ ਕਰਦੇ ਹੋ।

## ਸਮੁਦਾਇਕ ਕੰਮ

ਜੇਲ੍ਹ ਨੇੜਲੇ ਸਥਾਨਕ ਭਾਈਚਾਰੇ ਲਈ ਕੰਮ ਕਰਨ ਨੂੰ ਬਾਹਰ ਕੰਮ ਕਰਨਾ ਕਿਹਾ ਜਾਂਦਾ ਹੈ। ਇਹ ਤੁਹਾਡੇ ਲਈ ਜੇਲ੍ਹ ਛੱਡਣ ਤੋਂ ਪਹਿਲਾਂ ਆਪਣਾ ਆਤਮ ਵਿਸ਼ਵਾਸ ਵਿਕਸਿਤ ਕਰਨ ਦਾ ਮੌਕਾ ਹੁੰਦਾ ਹੈ। ਇਸ ਨਾਲ ਤੁਹਾਨੂੰ ਆਪਣੇ ਭਾਈਚਾਰੇ ਅਤੇ ਆਪਣੇ ਨਾਲ ਰਹਿਣ ਅਤੇ ਕੰਮ ਕਰਨ ਵਾਲੇ ਵਿਅਕਤੀਆਂ ਪ੍ਰਤੀ ਜ਼ੁੰਮੇਵਾਰ ਰਹਿਣ ਬਾਰੇ ਵਧੇਰੇ ਸਮਝਣ ਵਿੱਚ ਵੀ ਮਦਦ ਮਿਲੇਗੀ। ਬਾਹਰ ਕੰਮ ਕਰਨ ਵਿੱਚ ਇਹ ਸਭ ਸ਼ਾਮਲ ਹੋਵੇਗਾਂ

- ਵਾਤਾਵਰਨ ਸੰਬੰਧੀ ਪ੍ਰੋਜੈਕਟਾਂ 'ਤੇ ਕੰਮ ਕਰਨਾ
- ਵੱਡੀ ਉਮਰ ਦੇ ਲੋਕਾਂ ਨਾਲ ਕੰਮ ਕਰਨਾ
- ਅਸਮਰਥਤਾਵਾਂ ਵਾਲੇ ਲੋਕਾਂ ਨਾਲ ਕੰਮ ਕਰਨਾ
- ਖੇਡਾਂ ਸੰਬੰਧੀ ਗਤੀਵਿਧੀਆਂ 'ਤੇ ਕੰਮ ਕਰਨਾ

## ਨੌਕਰੀ ਸੰਬੰਧੀ ਕਲੱਬ

ਕੁਝ ਜੇਲ੍ਹਾਂ ਆਪਣੇ ਖੁਦ ਦੇ ਰੁਜ਼ਗਾਰ ਕਲੱਬ ਚਲਾਉਂਦੀਆਂ ਹਨ, ਤਾਂ ਜੋ ਤੁਹਾਨੂੰ ਬਾਹਰ ਆਉਣ 'ਤੇ ਨੌਕਰੀ ਲੱਭਣ ਵਿੱਚ ਮਦਦ ਮਿਲ ਸਕੇ। ਰੁਜ਼ਗਾਰ ਕਲੱਬ ਇੰਟਰਵਿਊਆਂ ਦੀ ਤਿਆਰੀ ਕਰਨੀ ਅਤੇ ਨੌਕਰੀਆਂ ਦੀ ਭਾਲ ਕਰਨੀ ਵਰਗੇ ਕੰਮਾਂ ਵਿੱਚ ਤੁਹਾਡੀ ਮਦਦ ਕਰਨਗੇ।

ਜੇਲ੍ਹ ਸਟਾਫ਼ ਨੂੰ ਪੁੱਛੋ ਕਿ ਕੀ ਤੁਹਾਡੀ ਜੇਲ੍ਹ ਵਿੱਚ ਕੋਈ ਰੁਜ਼ਗਾਰ ਕਲੱਬ ਹੈ।

ਜ਼ਿਆਦਾਤਰ ਜੇਲ੍ਹਾਂ ਕੋਲ ਸਟਾਫ਼ ਹੁੰਦਾ ਹੈ ਜਿਸਨੂੰ ਤੁਹਾਨੂੰ ਰੁਜ਼ਗਾਰ ਸੰਬੰਧੀ ਸਲਾਹ ਅਤੇ ਸਹਾਇਤਾ ਦੇਣ ਲਈ ਸਿਖਲਾਈ ਮਿਲੀ ਹੁੰਦੀ ਹੈ।

## ਵਲੰਟੀਅਰਿੰਗ (ਸਵੈ-ਇੱਛਾ ਨਾਲ ਕੰਮ ਕਰਨਾ)

**ਤੁਸੀਂ ਜੇਲ੍ਹ ਵਿੱਚ ਇੱਕ ਸ੍ਰੋਤਾ ਵਜੋਂ ਵਲੰਟੀਅਰ ਬਣ ਸਕਦੇ ਹੋ।**

**ਜਾਂ ਫਿਰ ਤੁਸੀਂ ਕਈ ਵਿਸ਼ੇਸ਼ ਕੰਮ ਲੈ ਸਕਦੇ ਹੋ ਜਿਵੇਂ ਕਿ ਦੂਸਰੇ ਕੈਦੀਆਂ ਵਲੋਂ ਬੈਠਕਾਂ 'ਤੇ ਬੋਲਣਾ ਜਾਂ ਫਿਰ ਚੈਪਲ ਜਾਂ ਲਾਇਬ੍ਰੇਰੀ ਵਿੱਚ ਮਦਦ ਕਰਨੀ।**

# ਜੇਲ੍ਹ ਛੱਡਣ ਦੀ ਤਿਆਰੀ ਕਰਨੀ

ਜੇਲ੍ਹ ਛੱਡਣ ਤੋਂ ਪਹਿਲਾਂ ਤੁਹਾਨੂੰ ਇਹ ਸਭ ਜਾਣਨ ਦੀ ਲੋੜ ਹੋਵੇਗੀਂ

- ✓ ਤੁਸੀਂ ਕਿੱਥੇ ਰਹੋਗੇ
- ✓ ਆਪਣੇ ਬੈਨਿਫ਼ਿਟ ਕਿਵੇਂ ਸੁਲਝਾਉਣੇ ਹਨ।
- ✓ ਕਿਧਰੇ ਰਹਿਣ ਵਿੱਚ ਮਦਦ ਲੈਣ ਲਈ ਤੁਸੀਂ ਕਿਹੜੀਆਂ ਗ੍ਰਾਂਟਾਂ ਲਈ ਆਵੇਦਨ ਕਰ ਸਕਦੇ ਹੋ।
- ✓ ਜੇ ਤੁਸੀਂ ਜੇਲ੍ਹ ਜਾਣ ਤੋਂ ਪਹਿਲਾਂ ਕੰਮ ਕੀਤਾ ਸੀ ਤਾਂ ਕੀ ਤੁਹਾਨੂੰ ਟੈਕਸ ਫ਼ਾਰਮ ਭੇਜਣ ਦੀ ਲੋੜ ਹੈ।
- ✓ ਕੀ ਤੁਹਾਡੇ ਦੁਆਰਾ ਜੇਲ੍ਹ ਵਿੱਚ ਪਹਿਣੇ ਜਾਣ ਵਾਲੇ ਕੱਪੜੇ ਅਜੇ ਵੀ ਪੂਰੇ ਆਉਂਦੇ ਹਨ।
- ✓ ਕੀ ਤੁਹਾਨੂੰ ਪ੍ਰੋਬੇਸ਼ਨ ਸੇਵਾ ਨੂੰ ਮਿਲਣਾ ਪਵੇਗਾ ਅਤੇ ਕੀ ਤੁਸੀਂ ਲਾਇਸੈਂਸ 'ਤੇ ਹੋ

## ਤੁਹਾਡੀ ਸੰਪਤੀ

ਤੁਹਾਡੇ ਦੁਆਰਾ ਜੇਲ੍ਹ ਛੱਡਣ ਸਮੇਂ ਸਾਰੀ ਨਿੱਜੀ ਸੰਪਤੀ, ਜਿਵੇਂ ਕਿ ਉਹ ਕੱਪੜੇ ਜੋ ਤੁਸੀਂ ਜੇਲ੍ਹ ਵਿੱਚ ਆਉਣ ਸਮੇਂ ਪਾਏ ਹੋਏ ਸਨ, ਤੁਹਾਨੂੰ ਵਾਪਸ ਦੇ ਦਿੱਤੀ ਜਾਵੇਗੀ। ਜ਼ਿਆਦਾਤਰ ਜੇਲ੍ਹਾਂ ਵਿੱਚ ਤੁਹਾਨੂੰ ਜੇਲ੍ਹ ਛੱਡਣ ਤੋਂ ਕੁਝ ਦਿਨ ਪਹਿਲਾਂ ਆਪਣੇ ਕੱਪੜੇ ਪਾ ਕੇ ਦੇਖਣ ਦਾ ਇੱਕ ਮੌਕਾ ਦਿੱਤਾ ਜਾਂਦਾ ਹੈ। ਜੇਕਰ ਉਹ ਤੁਹਾਨੂੰ ਪੂਰੇ ਨਹੀਂ ਆਉਂਦੇ ਜਾਂ ਫਿਰ ਸਾਲ ਦੇ ਗ਼ਲਤ ਸਮੇਂ ਲਈ ਹੁੰਦੇ ਹਨ, ਤਾਂ ਤੁਸੀਂ ਮਿੱਤਰਾਂ ਜਾਂ ਪਰਿਵਾਰ ਨੂੰ ਆਪਣੇ ਲਈ ਕੱਪੜੇ ਲਿਆਉਣ ਲਈ ਕਹਿ ਸਕਦੇ ਹੋ।

ਜੇਕਰ ਇਹ ਸੰਭਵ ਨਾ ਹੋਵੇ, ਤਾਂ ਜੇਲ੍ਹ ਪ੍ਰਬੰਧਨ ਨੂੰ ਤੁਹਾਨੂੰ ਸੁਤੰਤਰਤਾ ਵਾਲੇ ਕੱਪੜੇ ਦੇਣੇ ਪੈਂਦੇ ਹਨ। ਇਹ ਜੇਲ੍ਹ ਤੋਂ ਜਾਣ ਸਮੇਂ ਪਹਿਣੇ ਜਾਣ ਵਾਲੇ ਉਹ ਕੱਪੜੇ ਹੁੰਦੇ ਹਨ ਜੋ ਤੁਹਾਡੇ 'ਤੇ ਪੂਰੇ ਆਉਂਦੇ ਹਨ ਅਤੇ ਸਾਲ ਦੇ ਉਸ ਮੌਸਮ ਮੁਤਾਬਕ ਸਹੀ ਹੁੰਦੇ ਹਨ।

**ਜੇਲ੍ਹ ਛੱਡਣ ਤੋਂ ਕੁਝ ਦਿਨ ਪਹਿਲਾਂ ਹੀ ਕੱਪੜਿਆਂ ਲਈ ਨਿਵੇਦਨ ਕਰੋ।**

## ਯਾਤਰਾ ਵਾਰੰਟ

ਤੁਹਾਨੂੰ ਆਪਣੇ ਘਰ ਵਾਪਸ ਜਾਣ ਜਾਂ ਯੂਕੇ ਵਿੱਚ ਕਿਸੇ ਹੋਰ ਪਤੇ 'ਤੇ ਜਾਣ ਲਈ ਇੱਕ ਯਾਤਰਾ ਵਾਰੰਟ ਦਿੱਤਾ ਜਾਵੇਗਾ। ਇਸ ਨਾਲ ਤੁਸੀਂ ਕਿਸੇ ਰੇਲਗੱਡੀ, ਬੱਸ ਜਾਂ ਕੋਚ ਵਿੱਚ ਸਫਰ ਕਰ ਸਕੋਗੇ।

### ਰਹਾਈ ਗ੍ਰਾਂਟਾਂ

ਇਹ ਤੁਹਾਡਾ ਗੁਜ਼ਾਰਾ ਚਲਦਾ ਰੱਖਣ ਲਈ ਦਿੱਤੀ ਜਾਣ ਵਾਲੀ ਗ੍ਰਾਂਟ ਹੁੰਦੀ ਹੈ ਜਦੋਂ ਤਕ ਤੁਹਾਨੂੰ ਇਨਕਮ ਸਪੋਰਟ ਜਾਂ ਜੌਬਸੀਕਰਜ਼ ਅਲਾਊਂਸ ਨਹੀਂ ਮਿਲਦਾ। ਇਹ ਛੋਟੀ ਜਿਹੀ ਰਾਸ਼ੀ ਹੁੰਦੀ ਹੈ - ਲਗਭਗ 46 ਪੌਂਡ।

ਤੁਹਾਨੂੰ ਕੋਈ ਰਿਹਾਈ ਗ੍ਰਾਂਟ ਪ੍ਰਾਪਤ **ਨਹੀਂ** ਹੋਵੇਗੀ ਜੇਕਰਂ

- ਤੁਹਾਡੀ ਉਮਰ 18 ਸਾਲ ਤੋਂ ਘੱਟ ਹੈ
- ਤੁਸੀਂ 14 ਦਿਨਾਂ ਜਾਂ ਇਸ ਤੋਂ ਘੱਟ ਸਮੇਂ ਦੀ ਸਜ਼ਾ ਭੁਗਤ ਰਹੇ ਹੋ
- _ਤੁਹਾਨੂੰ ਕਿਸੇ ਜੁਰਮਾਨੇ ਦਾ ਭੁਗਤਾਨ ਨਾ ਕਰਨ ਕਰਕੇ ਜੇਲ੍ਹ ਵਿੱਚ ਰੱਖਿਆ ਗਿਆ ਹੈ।
- ਤੁਸੀਂ ਇੱਕ ਦੀਵਾਨੀ ਕੈਦੀ ਹੋ
- ਤੁਸੀਂ ਰਿਮਾਂਡ 'ਤੇ ਹੋ ਜਾਂ ਆਪਣੇ ਦੇਸ਼ ਭੇਜੇ ਜਾਣ ਦੀ ਉਡੀਕ ਕਰ ਰਹੇ ਹੋ।
- ਤੁਸੀਂ ਸਿੱਧਾ ਹਸਪਤਾਲ ਜਾ ਰਹੇ ਹੋ
- ਤੁਸੀਂ ਯੂਕੇ ਤੋਂ ਬਾਹਰ ਕਿਸੇ ਸਥਾਨ 'ਤੇ ਰਹਿਣ ਜਾ ਰਹੇ ਹੋ।
- ਤੁਸੀਂ ਇਨਕਮ ਸਪੋਰਟ ਪ੍ਰਾਪਤ ਕਰਨ ਲਈ ਯੋਗਤਾ ਪੂਰੀ ਨਹੀਂ ਕਰਦੇ
- ਤੁਹਾਨੂੰ 14 ਦਿਨਾਂ ਤੋਂ ਘੱਟ ਸਮੇਂ ਲਈ ਦੋਬਾਰਾ ਬੁਲਾਇਆ ਗਿਆ ਹੈ

ਗਵਰਨਰ ਰਹਿਣ ਲਈ ਸਥਾਨ ਲੱਭਣ ਵਿੱਚ ਤੁਹਾਡੀ ਮਦਦ ਕਰਨ ਲਈ ਕਿਸੇ ਹਾਊਸਿੰਗ ਪ੍ਰਦਾਤਾ (ਮਾਲਕ ਮਕਾਨ) ਨੂੰ ਇੱਕ ਹੋਰ ਛੋਟੀ ਜਿਹੀ ਗ੍ਰਾਂਟ ਦਾ ਭੁਗਤਾਨ ਵੀ ਕਰ ਸਕਦਾ ਹੈ

ਇਹ ਗ੍ਰਾਂਟ ਗਵਰਨਰ ਤਕ ਹੁੰਦੀ ਹੈ ਅਤੇ ਜੇਲ੍ਹ ਇਸ ਬਾਰੇ ਜਾਂਚ ਕਰੇਗੀ ਕਿ ਕੀ ਉਹ ਸਥਾਨ ਰਹਿਣ ਲਈ ਠੀਕ ਹੈ ਜਿਸ ਲਈ ਤੁਸੀਂ ਧਨ ਚਾਹੁੰਦੇ ਹੋ।

## ਹਾਊਸਿੰਗ

ਜੇਕਰ ਤੁਸੀਂ ਰਿਹਾ ਹੋਣ 'ਤੇ ਬੇਘਰ ਹੋ ਜਾਵੋਗੇ ਤਾਂ ਅਜਿਹੇ ਸੰਗਠਨ ਹਨ ਜੋ ਰਿਹਾਇਸ਼ ਲੱਭਣ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ। ਜ਼ਿਆਦਾਤਰ ਰਿਹਾਇਸ਼ ਹੋਸਟਲਾਂ ਜਾਂ ਸਾਂਝੇ ਕੀਤੇ ਗਏ ਮਕਾਨਾਂ ਵਿੱਚ ਹੋਵੇਗੀ। ਜੇਕਰ ਤੁਹਾਡਾ ਕੋਈ ਅਪਰਾਧ ਪ੍ਰਬੰਧਕ ਹੈ ਤਾਂ ਉਹ ਵੀ ਇਸ ਬਾਰੇ ਤੁਹਾਡੇ ਨਾਲ ਵਿਚਾਰ-ਵਟਾਂਦਰਾ ਕਰੇਗਾ।

ਇਸ ਵਿੱਚ ਮਦਦ ਲਈ ਜੇਲ੍ਹ ਵਿਚਲੀ ਮੁੜਵਸੇਵਾਂ ਇਕਾਈ ਨੂੰ ਨਿਵੇਦਨ ਕਰੋ।

ਕੁਝ ਜੇਲ੍ਹਾਂ ਨੈਕਰੋ ਦੇ ਅਸਾਨੀ ਨਾਲ ਪਹੁੰਚਣ ਯੋਗ ਸੇਵਾ ਸੰਬੰਧੀ ਜਾਣਕਾਰੀ ਦੇ ਡਾਟਾਬੇਸ ਦਾ ਇਸਤੇਮਾਲ ਕਰ ਸਕਦੀਆਂ ਹਨ। ਪੁੱਛੋ ਕਿ ਕੀ ਤੁਹਾਡੀ ਜੇਲ੍ਹ ਅਜਿਹਾ ਕਰ ਸਕਦੀ ਹੈ। ਇਹ ਇੱਕ ਕੰਪਿਊਟਰ 'ਤੇ ਇਕੱਠੀ ਕੀਤੀ ਗਈ ਜਾਣਕਾਰੀ ਹੁੰਦੀ ਹੈ।

## ਹਾਊਸਿੰਗ ਬਾਰੇ ਹੋਰ

ਨੈਕਰੋ ਇੱਕ ਚੈਰਿਟੀ ਹੈ ਜੋ ਉਹਨਾਂ ਲੋਕਾਂ ਨਾਲ ਮਿਲਕੇ ਕੰਮ ਕਰਦੀ ਹੈ ਜੋ ਜੇਲ੍ਹ ਵਿੱਚ ਰਹਿ ਚੁੱਕੇ ਹੁੰਦੇ ਹਨ।

ਤੁਸੀਂ ਉਹਨਾਂ ਨਾਲ 0800 181 259 ਨੰਬਰ 'ਤੇ ਸੰਪਰਕ ਕਰ ਸਕਦੇ ਹੋ।

ਸ਼ੈਲਟਰ ਇੱਕ ਚੈਰਿਟੀ ਹੈ ਜੋ ਬੇਘਰ ਲੋਕਾਂ ਦੀ ਮਦਦ ਕਰਦੀ ਹੈ।

ਤੁਸੀਂ ਸੈਲਟਰ ਨਾਲ 0808 800 444 ਨੰਬਰ 'ਤੇ ਸੰਪਰਕ ਕਰ ਸਕਦੇ ਹੋ।

## ਪੈਸਾ ਅਤੇ ਬੈਨਿਫ਼ਿਟ

ਤੁਸੀਂ ਜੌਬਸੈਂਟਰ ਪਲੱਸ ਰਾਹੀਂ ਬੈਨਿਫ਼ਿਟਾਂ ਲਈ ਆਵੇਦਨ ਕਰਦੇ ਹੋ।

ਤੁਸੀਂ ਜੇਲ੍ਹ ਛੱਡਣ ਤੋਂ ਪਹਿਲਾਂ ਜੌਬਸੈਂਟਰ ਪਲੱਸ ਅਤੇ ਆਪਣੀ ਜੇਲ੍ਹ ਵਿੱਚ ਕੰਮ ਕਰ ਰਹੇ ਬੈਨਿਫ਼ਿਟ ਸਰਜਰੀ ਸਲਾਹਕਾਰਾਂ ਨੂੰ ਬੈਨਿਫ਼ਿਟਾਂ ਲਈ ਆਵੇਦਨ ਕਰਨ ਵਿੱਚ ਮਦਦ ਕਰਨ ਲਈ ਨਿਵੇਦਨ ਕਰ ਸਕਦੇ ਹੋ।

ਜੇਕਰ ਤੁਸੀਂ ਜੇਲ੍ਹ ਛੱਡਣ ਤੋਂ ਪਹਿਲਾਂ ਕਿਸੇ ਸਲਾਹਕਾਰ ਨੂੰ ਨਹੀਂ ਮਿਲ ਸਕਦੇ, ਤਾਂ ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਜਿੰਨੀ ਜਲਦੀ ਹੋ ਸਕੇ ਆਪਣੇ ਜੌਬਸੈਂਟਰ ਨੂੰ ਫ਼ੋਨ ਕਰੋ ਜਾਂ ਉੱਥੇ ਜਾਓ

- ਉਹਨਾਂ ਨੂੰ ਦੱਸੋ ਕਿ ਤੁਹਾਨੂੰ **ਫਰੈਸ਼ ਸਟਾਰਟ (ਨਵੀਂ ਸ਼ੁਰੂਆਤ) ਸਕੀਮ** ਤਹਿਤ ਇੱਕ ਸਲਾਹਕਾਰ ਨੂੰ ਮਿਲਣ ਦੀ ਲੋੜ ਹੈ। ਇਹ ਸਕੀਮ ਉਹਨਾਂ ਲੋਕਾਂ ਲਈ ਹੈ ਜੋ ਜੇਲ੍ਹ ਵਿੱਚ ਰਹਿ ਚੁੱਕੇ ਹਨ।
- ਤੁਹਾਨੂੰ ਜੇਲ੍ਹ ਤੋਂ ਬਾਹਰ ਆਉਣ ਤੋਂ 7 ਦਿਨਾਂ ਅੰਦਰ ਇਸ ਨੂੰ ਸੁਲਝਾਉਣ ਦੀ ਲੋੜ ਹੁੰਦੀ ਹੈ। ਅਜਿਹਾ ਇਸ ਲਈ ਤਾਂ ਜੋ ਤੁਸੀਂ ਜੇਲ੍ਹ ਤੋਂ ਬਾਹਰ ਆਉਣ ਦੇ ਦਿਨ ਤੋਂ ਹੀ ਬੈਨਿਫ਼ਿਟਾਂ ਕਲੇਮ ਕਰ ਸਕੋ।

ਜਦੋਂ ਤੁਸੀਂ ਜੌਬਸੈਂਟਰ ਪਲੱਸ ਵਿਖੇ ਆਪਣੀ ਅਪਾਇੰਟਰਮੈਂਟ ਲਈ ਜਾਂਦੇ ਹੋ ਤਾਂ ਤੁਹਾਨੂੰ ਆਪਣੇ ਨਾਲ ਇਹ ਚੀਜ਼ਾਂ ਲਿਜਾਉਣ ਦੀ ਲੋੜ ਹੋਵੇਗੀ

- ਕਿਸੇ ਕਿਸਮ ਦੀ ਪਛਾਣ (ID) ਜਿਵੇਂ ਕਿ ਤੁਹਾਡਾ ਪਾਸਪੋਰਟ, ਡਰਾਈਵਿੰਗ ਲਾਇਸੈਂਸ ਜਾਂ ਜਨਮ ਸਰਟਫ਼ਿਕੇਟ
- ਤੁਹਾਡਾ ਨੈਸ਼ਨਲ ਇਨਸ਼ੋਰੈਂਸ ਪੱਤਰ
- ਜੇਲ੍ਹ ਵਲੋਂ ਕੋਖ਼ ਅਧਿਕਾਰਕ ਚਿੱਠੀ

ਜੇ ਤੁਸੀਂ ਆਪਣੇ ਰਿਹਾਇਸ਼ੀ ਖੇਤਰ ਵਿੱਚ ਨਹੀਂ ਜਾ ਰਹੇ ਹੋ, ਜਾਂ ਜੇਕਰ ਇਹ ਦਸਤਾਵੇਜ਼ ਤੁਹਾਡੇ ਮਿੱਤਰਾਂ ਅਤੇ ਪਰਿਵਾਰ ਕੋਲ ਹਨ ਤਾਂ ਯਕੀਨੀ ਬਣਾਓ ਕਿ ਤੁਸੀਂ ਇਸ ਗੱਲ ਦਾ ਹੱਲ ਕੱਢ ਲੈਂਦੇ ਹੋ ਕਿ ਤੁਸੀਂ ਉਹਨਾਂ ਨੂੰ ਕਿਵੇਂ ਹਾਸਲ ਕਰੋਗੇ। ਯਕੀਨੀ ਬਣਾਓ ਕਿ ਤੁਸੀਂ ਜੇਲ੍ਹ ਛੱਡਣ ਤੋਂ ਪਹਿਲਾਂ ਇਹ ਕੰਮ ਕਰ ਚੁੱਕੇ ਹੋਵੋ।

## ਇਨਕਮ ਟੈਕਸ

ਜੇਕਰ ਤੁਹਾਨੂੰ ਤੁਹਾਡੀ ਪਿਛਲੀ ਨੌਕਰੀ ਤੋਂ ਇੱਕ **P45** ਫ਼ਾਰਮ ਨਹੀਂ ਮਿਲਿਆ ਹੈ ਤਾਂ ਤੁਹਾਨੂੰ ਜੇਲ੍ਹ ਛੱਡਣ ਤੋਂ ਪਹਿਲਾਂ ਇੱਕ ਇਨਲੈਂਡ ਰੈਵਨਿਊ ਫ਼ਾਰਮ **P80-1** ਫ਼ਾਰਮ ਦਿੱਤਾ ਜਾਵੇਗਾ।

ਤੁਹਾਨੂੰ ਇਸ ਨੂੰ ਭਰ ਕੇ ਉਸ ਟੈਕਸ ਦਫ਼ਤਰ ਨੂੰ ਭੇਜਣ ਦੀ ਲੋੜ ਹੋਵੇਗੀ ਜਿਸਨੇ ਤੁਹਾਡੀ ਪਿਛਲੀ ਨੌਕਰੀ ਦਾ ਨਿਬਟਾਰਾ ਕੀਤਾ ਸੀ।

ਤੁਹਾਨੂੰ ਜੌਬਸੀਕਰਜ਼ ਅਲਾਊਂਸ ਅਤੇ ਇਨਕਮ ਸਪੋਰਟ ਲਈ ਫ਼ਾਰਮ ਭਰਨੇ ਪੈਣਗੇ।

ਜੇ ਤੁਸੀਂ ਸਵੈ-ਰੁਜ਼ਗਾਰ ਅਪਨਾਉਣ ਜਾ ਰਹੇ ਹੋ, ਤਾਂ ਆਪਣੇ ਸਥਾਨਕ ਟੈਕਸ ਦਫ਼ਤਰ ਨਾਲ ਸੰਪਰਕ ਕਰੋ

## ਗ੍ਰਾਂਟਾਂ ਅਤੇ ਲੋਨ

ਜੇਕਰ ਤੁਸੀਂ ਇਨਕਮ ਸਪੋਰਟ ਜਾਂ ਆਮਦਨੀ ਅਧਾਰਤ ਜੌਬਸੀਕਰਜ਼ ਅਲਾਊਂਸ ਪ੍ਰਾਪਤ ਕਰਨ ਜਾ ਰਹੇ ਹੋ ਤਾਂ ਤੁਸੀਂ ਸ਼ਾਇਦ ਇੱਕ ਸਮੁਦਾਇਕ ਦੇਖਭਾਲ ਗ੍ਰਾਂਟ ਵੀ ਹਾਸਲ ਕਰ ਸਕਦੇ ਹੋ।

ਇਹ ਗ੍ਰਾਂਟ ਤੁਹਾਡੀ ਮਦਦ ਕਰਨ ਲਈ ਹੁੰਦੀ ਹੈ ਜੇਕਰ ਤੁਹਾਡੇ ਕੋਲ ਕੋਈ ਕੱਪੜੇ ਜਾਂ ਫ਼ਰਨੀਚਰ ਨਹੀਂ ਹਨ। ਉਹ ਇਸ ਗੱਲ ਨੂੰ ਧਿਆਨ ਵਿੱਚ ਰੱਖਣਗੇ ਕਿ ਤੁਸੀਂ ਕਿੰਨੀ ਦੇਰ ਜੇਲ੍ਹ ਵਿੱਚ ਰਹੇ ਹੋ। ਉਹ ਇਸ ਗੱਲ ਨੂੰ ਵੀ ਧਿਆਨ ਵਿੱਚ ਰੱਖਣਗੇ ਕਿ ਕੀ ਤੁਹਾਡੇ ਕੱਪੜੇ ਚੋਰੀ ਹੋਏ, ਗੁਆਚੇ ਜਾਂ ਖ਼ਰਾਬ ਹੋਏ ਹਨ, ਜਾਂ ਕੀ ਤੁਸੀਂ ਬਹੁਤ ਸਾਰਾ ਵਜ਼ਨ ਵਧਾਇਆ ਜਾਂ ਘਟਾਇਆ ਹੈ ਜਿਸ ਕਾਰਨ ਤੁਹਾਡੇ ਕੱਪੜੇ ਸੱਚਮੁੱਚ ਹੀ ਤੁਹਾਡੇ ਸਰੀਰ 'ਤੇ ਪੂਰੇ ਨਹੀਂ ਆਉਂਦੇ।

ਤੁਹਾਨੂੰ ਇਹ ਗ੍ਰਾਂਟ ਵਾਪਸ ਨਹੀਂ ਕਰਨੀ ਪੈਂਦੀ

## ਦੂਸਰੀਆਂ ਗ੍ਰਾਂਟਾਂ

ਜੇ ਤੁਸੀਂ ਇੱਕ ਸਮੁਦਾਇਕ ਦੇਖਭਾਲ ਗਾਂਟ ਨਹੀਂ ਹਾਸਲ ਕਰ ਸਕਦੇ ਤਾਂ ਤੁਸੀਂ ਇੱਕ ਸੰਕਟਕਾਲੀ ਕਰਜ਼ਾ ਲੈ ਸਕਦੇ ਹੋ। ਤੁਹਾਨੂੰ ਇਸ ਨੂੰ ਵਾਪਸ ਚੁਕਾਉਣਾ ਪੈਂਦਾ ਹੈ। ਭੁਗਤਾਨ ਤੁਹਾਡੇ ਬੈਨਿਫ਼ਿਟਾਂ ਵਿੱਚੋਂ ਸਿੱਧਾ ਕੱਟੇ ਜਾਣਗੇ ਜਦ ਤਕ ਇਸ ਦੀ ਵਾਪਸੀ ਨਹੀਂ ਹੋ ਜਾਂਦੀ।

## ਤੁਹਾਡੀ ਸਿਹਤ

ਜੇਕਰ ਆਪਣੀ ਸਿਹਤ ਜਾਂ ਦਵਾਈ ਬਾਰੇ ਤੁਹਾਡੀਆਂ ਕੋਈ ਚਿੰਤਾਵਾਂ ਹਨ ਤਾਂ ਤੁਸੀਂ ਜਾਣ ਤੋਂ ਪਹਿਲਾਂ ਕਿਸੇ ਡਾਕਟਰ ਜਾਂ ਨਰਸ ਨੂੰ ਮਿਲਣ ਲਈ ਨਿਵੇਦਨ ਕਰ ਸਕਦੇ ਹੋ।

ਗਲੀ ਦੇ ਨਸ਼ੀਲੇ ਪਦਾਰਥਾਂ ਦਾ ਇਸਤੇਮਾਲ ਕਰਨਾ ਹਮੇਸ਼ਾ ਖ਼ਤਰਨਾਕ ਹੁੰਦਾ ਹੈ। ਜੇਕਰ ਤੁਸੀਂ ਜੇਲ੍ਹ ਵਿੱਚ ਗੈਰ ਕਾਨੂੰਨੀ ਨਸ਼ੀਲੇ ਪਦਾਰਥ ਦਾ ਇਸਤੇਮਾਲ ਕਰਦੇ ਰਹੇ ਹੋ ਤਾਂ ਯਾਦ ਰੱਖੋ ਕਿ ਉਹਨਾਂ ਦੀ ਸ਼ਕਤੀ ਸ਼ਾਇਦ ਬਾਹਰ ਦੇ ਨਸ਼ੀਲੇ ਪਦਾਰਥਾਂ ਤੋਂ ਕਾਫੀ ਘੱਟ ਹੋ ਸਕਦੀ ਹੈ। ਜੇਲ੍ਹ ਦੇ ਬਾਹਰ ਤੋਂ ਲਏ ਗਏ ਨਸ਼ੀਲੇ ਪਦਾਰਥਾਂ ਨਾਲ ਤੁਹਾਨੂੰ ਇੱਕ ਓਵਰਡੋਜ਼ (ਜ਼ਿਆਦਾ ਖ਼ੁਰਾਕ) ਲਏ ਜਾਣ ਦਾ ਵਧੇਰੇ ਜੋਖ਼ਿਮ ਹੋਵੇਗਾ।

ਜੇ ਤੁਸੀਂ ਨਸ਼ੀਲੇ ਪਦਾਰਥਾਂ ਸੰਬੰਧੀ ਸਮੱਸਿਆਵਾਂ ਲਈ ਇਲਾਜ ਕਰਵਾ ਰਹੇ ਹੋ ਤਾਂ ਤੁਹਾਨੂੰ ਆਪਣਾ ਇਲਾਜ ਜਾਰੀ ਰੱਖਣ ਲਈ ਇੱਕ ਸਮੁਦਾਇਕ ਨਸ਼ਾ ਇਲਾਜ ਸੇਵਾ ਵੱਲ ਭੇਜ ਦਿੱਤਾ ਜਾਵੇਗਾ।

## ਰਿਹਾਈ ਦਾ ਸਮਾਂ

ਆਪਣੀ ਰਿਹਾਈ ਦੇ ਦਿਨ, ਤੁਹਾਡੇ ਦੁਆਰਾ ਸਵੇਰ ਦੇ 8.45 ਵਜੇ ਤੋਂ ਪਹਿਲਾਂ ਜੇਲ੍ਹ ਛੱਡ ਦੇਣ ਦੀ ਜ਼ਿਆਦਾਤਰ ਸੰਭਾਵਨਾ ਹੁੰਦਾ ਹੈ।

ਜੇਕਰ ਤੁਹਾਡੀ ਰਿਹਾਈ ਦੀ ਮਿਤੀ ਕਿਸੇ ਸ਼ਨੀਵਾਰ ਜਾਂ ਐਤਵਾਰ ਨੂੰ ਪੈਂਦੀ ਹੈ ਤਾਂ ਤੁਸੀਂ ਇਸ ਤੋਂ ਪਹਿਲੇ ਸ਼ੁੱਕਰਵਾਰ ਨੂੰ ਜੇਲ੍ਹ ਛੱਡ ਦਿਉਗੇ।

ਜੇਕਰ ਤੁਹਾਡੀ ਰਿਹਾਈ ਦੀ ਮਿਤੀ ਕਿਸੇ ਬੈਂਕ ਦੀ ਛੁੱਟੀ ਵਾਲੇ ਦਿਨ ਪੈਂਦੀ ਹੈ ਤਾਂ ਤੁਸੀਂ ਬੈਂਕ ਦੀ ਛੁੱਟੀ ਤੋਂ ਪਹਿਲਾਂ ਵਾਲੇ ਆਖ਼ਰੀ ਕੰਮਕਾਜੀ ਦਿਨ ਨੂੰ ਜੇਲ੍ਹ ਤੋਂ ਬਾਹਰ ਆਓਗੇ। ਇਹ ਆਮ ਤੌਰ 'ਤੇ ਇੱਕ ਸ਼ੁੱਕਰਵਾਰ ਦਾ ਦਿਨ ਹੋਵੇਗਾ।

ਜੇਕਰ ਤੁਸੀਂ ਪੈਰੋਲ 'ਤੇ ਬਾਹਰ ਆ ਰਹੇ ਹੋ ਅਤੇ ਤੁਹਾਡੀ ਰਿਹਾਈ ਦੀ ਮਿਤੀ ਕਿਸੇ ਵੀਕਏਂਡ 'ਤੇ ਪੈਂਦੀ ਹੈ ਤਾਂ ਤੁਸੀਂ ਕਿਸੇ ਸੋਮਵਾਰ ਨੂੰ ਬਾਹਰ ਆਓਗੇ। ਜੇਕਰ ਉਸ ਦਿਨ ਬੈਂਕ ਦੀ ਛੁੱਟੀ ਪੈਂਦੀ ਹੋਵੇ ਤਾਂ ਤੁਸੀਂ ਆਮ ਤੌਰ 'ਤੇ ਬੈਂਕ ਦੀ ਛੁੱਟੀ ਤੋਂ ਬਾਅਦ ਆਓਗੇ। ਇਹ ਆਮ ਤੌਰ 'ਤੇ ਇੱਕ ਮੰਗਲਵਾਰ ਦਾ ਦਿਨ ਹੋਵੇਗਾ।

## ਲਾਇਸੈਂਸ ਅਤੇ ਨਿਗਰਾਨੀ

ਜੇਕਰ ਤੁਹਾਨੂੰ 1 ਸਾਲ ਤੋਂ ਵੱਧ ਸਮੇਂ ਦੀ ਸਜ਼ਾ ਮਿਲੀ ਹੈ ਤਾਂ ਤੁਹਾਨੂੰ ਲਾਇਸੈਂਸ 'ਤੇ ਰਿਹਾ ਕਰ ਦਿੱਤਾ ਜਾਵੇਗਾ। ਨੌਜਵਾਨ ਅਪਰਾਧੀ ਪੰਨਾ 159 'ਤੇ ਦੇਖਣ ਕਿਉਂਕਿ ਤੁਹਾਨੂੰ ਇੱਕ ਲਾਇਸੈਂਸ ਤਾਂ ਹੀ ਮਿਲੇਗਾ ਜੇਕਰ ਤੁਹਾਡੀ ਉਮਰ 21 ਸਾਲ ਤੋਂ ਘੱਟ ਹੈ। ਤੁਹਾਨੂੰ ਉਹ ਕੰਮ ਕਰਨੇ ਪੈਣਗੇ ਜੋ ਤੁਹਾਡਾ ਲਾਇਸੈਂਸ ਤੁਹਾਨੂੰ ਦੱਸਦਾ ਹੈ, ਜਿਵੇਂ ਕਿ ਕਿਸੇ ਨਿਸ਼ਚਿਤ ਸਥਾਨ ਵਿੱਚ ਰਹਿਣਾ ਅਤੇ ਆਪਣੇ ਅਪਰਾਧੀ ਪ੍ਰਬੰਧਕ ਨੂੰ ਮਿਲਣਾ।

## ਗੇਟ 'ਤੇ ਗ੍ਰਿਫ਼ਤਾਰੀਂ

ਜੇਕਰ ਤੁਹਾਨੂੰ ਤੁਹਾਡੀ ਰਿਹਾਈ 'ਤੇ ਗ੍ਰਿਫ਼ਤਾਰ ਕੀਤੇ ਜਾਣ ਦੀ ਸੰਭਾਵਨਾ ਹੋਵੇ ਤਾਂ ਗਵਰਨਰ ਦੁਆਰਾ ਤੁਹਾਡੇ ਬਾਹਰ ਨਿਕਲਣ ਤੋਂ ਪਹਿਲਾਂ ਤੁਹਾਨੂੰ ਇਸ ਬਾਰੇ ਦੱਸ ਦਿੱਤਾ ਜਾਵੇਗਾ ਬਸ਼ਰਤੇ ਕਿ ਪੁਲੀਸ ਇਹ ਨਹੀਂ ਕਹਿੰਦੇ ਕਿ ਤੁਹਾਨੂੰ ਇਸਦਾ ਪਤਾ ਨਹੀਂ ਹੋਣਾ ਚਾਹੀਦਾ। ਜੇਕਰ ਗਵਰਨਰ ਤੁਹਾਨੂੰ ਦੱਸਦਾ ਹੈ ਕਿ ਅਜਿਹਾ ਹੋਵੇਗਾ, ਤਾਂ ਤੁਸੀਂ ਆਪਣੇ ਮਿੱਤਰਾਂ, ਪਰਿਵਾਰ ਅਤੇ ਆਪਣੇ ਵਕੀਲ ਨੂੰ ਦੱਸ ਸਕਦੇ ਹੋ।

## ਅਪਰਾਧੀਆਂ ਦੇ ਮੁੜਵਸੇਵੇਂ ਸੰਬੰਧੀ ਕਾਨੂੰਨ

ਇੱਕ ਅਪਰਾਧਿਕ ਦੋਸ਼ ਸਿੱਧੀਆਂ ਬਾਰੇ ਇੱਕ ਕਾਨੂੰਨ ਹੈ ਜਿਨ੍ਹਾਂ ਨੂੰ ਸਮੇਂ ਦੀ ਇੱਕ ਅਵਧੀ ਤੋਂ ਬਾਅਦ ਤੁਹਾਡੇ ਰਿਕਾਰਡ ਤੋਂ ਹਟਾਇਆ ਜਾ ਸਕਦਾ ਹੈ।

ਸਮੇਂ ਦੀ ਇਸ ਅਵਧੀ ਨੂੰ ਇੱਕ ਮੁੜਵਸੇਵਾਂ ਅਵਧੀ ਕਿਹਾ ਜਾਂਦਾ ਹੈ।

- ਮੁੜਵਸੇਵਾਂ ਅਵਧੀ ਤੁਹਾਡੇ 'ਤੇ ਦੋਸ਼ ਸਿੱਧ ਹੋਣ ਦੀ ਮਿਤੀ ਤੋਂ ਲੈ ਕੇ ਸਮੇਂ ਦੀ ਇੱਕ ਨਿਸ਼ਚਿਤ ਮਿਆਦ ਹੁੰਦੀ ਹੈ।
- ਇਸਦੀ ਮਿਆਦ ਤੁਹਾਨੂੰ ਦਿੱਤੀ ਗਈ ਸਜ਼ਾ 'ਤੇ ਨਿਰਭਰ ਕਰਦੀ ਹੈ ਨਾ ਕਿ ਅਪਰਾਧ 'ਤੇ ਜਾਂ ਇਸ ਗੱਲ 'ਤੇ ਕਿ ਤੁਸੀਂ ਕਿੰਨੀ ਦੇਰ ਤਕ ਜੇਲ੍ਹ ਵਿੱਚ ਰਹੇ ਹੋ।
- ਜਦੋਂ ਕੋਈ ਦੋਸ਼ ਸਿੱਧੀ ਹਟਾ ਦਿੱਤੀ ਜਾਂਦੀ ਹੈ ਤਾਂ ਤੁਹਾਨੂੰ ਕਿਸੇ ਨੌਕਰੀ ਲਈ ਆਵੇਦਨ ਕਰਨ ਸਮੇਂ, ਇਨਸ਼ੋਰੈਂਸ ਪ੍ਰਾਪਤ ਕਰਨ ਸਮੇਂ ਜਾਂ ਫੌਜ਼ਦਾਰੀ ਜਾਂ ਦੀਵਾਨੀ ਕਾਰਵਾਈਆਂ ਵਿੱਚ ਸ਼ਮੂਲੀਅਤ ਕਰਨ ਸਮੇਂ ਇਸਦਾ ਜ਼ਿਕਰ ਨਹੀਂ ਕਰਨਾ ਪੈਂਦਾ।
- ਇੱਕ ਵਾਰੀ ਹਟਾ ਦਿੱਤੇ ਜਾਣ 'ਤੇ ਕੋਈ ਦੋਸ਼ ਸਿੱਧੀ ਹਟੀ ਹੀ ਰਹਿੰਦੀ ਹੈ, ਭਾਵੇਂ ਤੁਹਾਡੇ ਉੱਪਰ ਬਾਅਦ ਵਿੱਚ ਕੋਈ ਦੂਸਰੇ ਦੇਸ਼ ਸਿੱਧ ਹੋ ਜਾਣ।

**ਢਾਈ ਸਾਲਾਂ ਤੋਂ ਵੱਧ ਸਮੇਂ ਦੀਆਂ ਸਜ਼ਾਵਾਂ ਕਦੇ ਵੀ ਰਿਕਾਰਡ ਤੋਂ ਹਟਾਈਆਂ ਨਹੀਂ ਜਾਂਦੀਆਂ।**

ਇਹ ਸਾਰਨੀ ਤੁਹਾਨੂੰ ਦਿਖਾਉਂਦੀ ਹੈ ਕਿ ਸਜ਼ਾ ਦੀਆਂ ਵੱਖ-ਵੱਖ ਮਿਆਦਾਂ ਲਈ ਇੱਕ ਮੁੜ ਵਸੇਵਾਂ ਅਵਧੀ ਕਿੰਨੀ ਹੋ ਸਕਦੀ ਹੈ। ਇਹ ਉਹਨਾਂ ਸਜ਼ਾਵਾਂ ਲਈ ਹੈ ਜਿੱਥੇ ਤੁਸੀਂ ਜੇਲ੍ਹ ਜਾਂਦੇ ਹੋ।

| **ਸਜ਼ਾ** | **ਮੁੜ ਵਸੇਵਾਂ ਅਵਧੀ<br>18 ਸਾਲ ਅਤੇ ਇਸ ਤੋਂ ਉੱਪਰ** | **ਮੁੜ ਵਸੇਵਾਂ ਅਵਧੀ<br>18 ਸਾਲ ਤੋਂ ਘੱਟ ਉਮਰ** |
|---|---|---|
| ਢਾਈ ਸਾਲਾਂ ਤੋਂ ਵੱਧ | **ਇਹ ਕਦੇ ਵਾਪਸ ਨਹੀਂ ਲਈਆਂ ਜਾਂਦੀਆਂ** | **ਇਹ ਕਦੇ ਵਾਪਸ ਨਹੀਂ ਲਈਆਂ ਜਾਂਦੀਆਂ** |
| 6 ਮਹੀਨਿਆਂ ਤੋਂ ਵੱਧ ਅਤੇ ਢਾਈ ਸਾਲਾਂ ਤਕ | 10 ਸਾਲ | 5 ਸਾਲ |
| 6 ਮਹੀਨੇ ਜਾਂ ਇਸ ਤੋਂ ਵਾਧੂ | 7 ਸਾਲ | 3 ½ ਸਾਲ |
| ਜੁਰਮਾਨੇ, ਪ੍ਰੋਬੇਸ਼ਨ, ਸਮੁਦਾਇਕ, ਸੇਵਾ, ਮੁਆਵਜ਼ਾ, ਤਾਲਮੇਲ ਅਤੇ ਕਰਫਿਊ ਦੇ ਹੁਕਮ | 5 ਸਾਲ | 2 ½ ਸਾਲ |
| ਪੂਰੀ ਤਰ੍ਹਾਂ ਨਾਲ ਬਰੀ ਕਰਨਾ | 6 ਮਹੀਨੇ | 6 ਮਹੀਨੇ |

**ਕੁਝ ਸਜ਼ਾਵਾਂ ਲਈ ਮੁੜ ਵਸੇਵਾਂ ਅਵਧੀ ਵੱਖ-ਵੱਖ ਹੋ ਸਕਦੀ ਹੈ**

| **ਸਜ਼ਾ** | **ਮੁੜ ਵਸੇਵਾਂ ਅਵਧੀ<br>18 ਸਾਲ ਅਤੇ ਇਸ ਤੋਂ ਉੱਪਰ** | **ਮੁੜ ਵਸੇਵਾਂ ਅਵਧੀ<br>18 ਸਾਲ ਤੋਂ ਘੱਟ ਉਮਰ** |
|---|---|---|
| ਪ੍ਰੋਬੇਸ਼ਨ, ਨਿਗਰਾਨੀ, ਦੇਖਭਾਲ ਆਦੇਸ਼, ਸ਼ਰਤਾਂ 'ਤੇ ਰਿਹਾਈ ਜਾਂ ਬੰਧਨ | 1 ਸਾਲ ਜਾਂ ਜਦੋਂ ਤਕ ਆਦੇਸ਼ ਦੀ ਅਵਧੀ ਖ਼ਤਮ ਨਹੀਂ ਹੁੰਦੀ (ਰੁੱਕਦੀ ਨਹੀਂ), ਜੋ ਵੀ ਵਧੇਰੇ ਹੋਵੇ | 1 ਸਾਲ ਜਾਂ ਜਦੋਂ ਤਕ ਆਦੇਸ਼ ਦੀ ਅਵਧੀ ਖ਼ਤਮ ਨਹੀਂ ਹੁੰਦੀ (ਰੁੱਕਦੀ ਨਹੀਂ), ਜੋ ਵੀ ਵਧੇਰੇ ਹੋਵੇ |
| ਹਾਜ਼ਰੀ ਕੇਂਦਰ ਆਦੇਸ਼, ਹਸਪਤਾਲ ਦੇ ਆਦੇਸ਼ (ਮਨਾਹੀ ਹੁਕਮ ਨਾਲ ਜਾਂ ਇਸ ਤੋਂ ਬਿਨਾਂ) | 5 ਸਾਲ ਜਾਂ ਆਦੇਸ਼ ਦੀ ਤਾਰੀਖ਼ ਖ਼ਤਮ ਹੋਣ ਤੋਂ 2 ਸਾਲ ਬਾਅਦ (ਜੋ ਵੀ ਜ਼ਿਆਦਾ ਹੋਵੇ) | ਆਦੇਸ਼ ਦੀ ਮਿਆਦ ਪੁੱਗ ਜਾਣ ਤੋਂ 1 ਸਾਲ ਬਾਅਦ |

## ਜਦੋਂ ਤੁਹਾਨੂੰ ਵਾਪਸ ਲਈਆਂ ਗਈਆਂ ਦੋਸ਼ ਸਿੱਧੀਆਂ ਨੂੰ ਘੋਸ਼ਿਤ ਕਰਨਾ ਪੈਂਦਾ ਹੈ

ਜੇ ਤੁਸੀਂ ਕੁਝ ਖ਼ਾਸ ਕੰਮ ਕਰਦੇ ਹੋ ਤਾਂ ਤੁਹਾਨੂੰ ਬਿਤਾਈਆਂ ਗਈਆਂ ਸਜ਼ਾਵਾਂ ਦੱਸਣੀਆਂ ਪੈਂਦੀਆਂ ਹਨ।

- ਵਕੀਲ
- ਡਾਕਟਰ
- ਡੈਂਟਿਸਟ
- ਅਕਾਊਂਟੈਂਟ
- ਨਰਸ
- ਕੈਮਿਸਟ

**ਤੁਹਾਨੂੰ ਵਾਪਸ ਲਈਆਂ ਗਈਆਂ ਦੋਸ਼-ਸਿੱਧੀਆਂ ਘੋਸ਼ਿਤ ਕਰਨੀਆਂ ਪੈਂਦੀਆਂ ਹਨ ਜੇ ਤੁਸੀਂ ਕਿਸੇ ਅਜਿਹੀ ਨੌਕਰੀ ਲਈ ਆਵੇਦਨ ਕਰਦੇ ਹੋ ਜਾਂ ਕਿਸੇ ਅਜਿਹੇ ਕੰਮ ਲਈ ਵਲੰਟੀਅਰ ਬਣਦੇ ਹੋ ਜੋ ਬੱਚਿਆਂ ਅਤੇ 18 ਸਾਲ ਤੋਂ ਘੱਟ ਉਮਰ ਦੇ ਵਿਅਕਤੀਆਂ ਨਾਲ ਹੋਵੇ।**

ਤੁਹਾਨੂੰ ਤਾਂ ਵੀ ਵਾਪਸ ਲਈਆਂ ਗਈਆਂ ਦੋਸ਼-ਸਿੱਧੀਆਂ ਜ਼ਰੂਰ ਘੋਸ਼ਿਤ ਕਰਨੀਆਂ ਪੈਂਦੀਆਂ ਹਨ ਜੇ ਤੁਸੀਂ ਅਜਿਹੀਆਂ ਨੌਕਰੀਆਂ ਵਿੱਚ ਕੰਮ ਕਰਨਾ ਚਾਹੁੰਦੇ ਹੋ ਜਿਵੇਂ ਕਿ

- ਹਥਿਆਰਾਂ ਦੇ ਡੀਲਰ
- ਕੈਸੀਨੋ ਚਲਾਉਣ ਵਾਲੇ
- ਬੀਮਾ ਕੰਪਨੀਆਂ ਅਤੇ ਟ੍ਰਸਟਾਂ ਦੇ ਡਾਇਰੈਕਟਰ ਅਤੇ ਮੈਨੇਜਰ
- ਨਰਸਿੰਗ ਹੋਰ ਪ੍ਰਬੰਧਕ
- ਅਸੈਨਿਕ ਸੇਵਾ ਦੀਆਂ ਕੁਝ ਨੌਕਰੀਆਂ
- ਸੈਨਿਕ ਸਮੱਗਰੀ ਦੇ ਠੇਕੇਦਾਰ

ਤੁਹਾਨੂੰ ਵਾਪਸ ਲਈਆਂ ਗਈਆਂ ਦੇਸ਼ ਸਿੱਧੀਆਂ ਦਾ ਜ਼ਿਕਰ ਜ਼ਰੂਰ ਕਰਨਾ ਪੈਂਦਾ ਹੈ ਜੇ ਤੁਸੀਂ ਇਹਨਾਂ ਲਈ ਸਰਟੀਫ਼ਿਕੇਟ ਲੈਣ ਲਈ ਆਵੇਦਨ ਕਰਦੇ ਹੋਂ

- ਹਧਿਆਰ
- ਸ਼ਾਟਗਨਾਂ (ਛੋਟੀਆਂ ਬੰਦੂਕਾਂ)
- ਵਿਸਫੋਟਕ

ਜੇਕਰ ਤੁਸੀਂ ਕਿਸੇ ਨੌਕਰੀ ਲਈ ਆਵੇਦਨ ਕਰ ਰਹੇ ਹੋ ਅਤੇ ਆਵੇਦਨ ਫ਼ਾਰਮ ਤੁਹਾਡੇ ਤੋਂ ਕਿਸੇ ਵਾਪਸ ਨਾ ਲਈਆਂ ਗਈਆਂ ਦੋਸ਼-ਸਿੱਧੀਆਂ ਬਾਰੇ ਦੱਸਣ ਦੀ ਮੰਗ ਕਰਦਾ ਹੈ ਤਾਂ ਤੁਹਾਨੂੰ ਉਹਨਾਂ ਨੂੰ ਘੋਸ਼ਿਤ ਕਰਨਾ ਚਾਹੀਦਾ ਹੈ।

ਜੇਕਰ ਤੁਸੀਂ ਅਜਿਹਾ ਨਹੀਂ ਕਰਦੇ ਅਤੇ ਫੜੇ ਜਾਂਦੇ ਹੋ, ਤਾਂ ਤੁਹਾਨੂੰ ਆਪਣੇ ਇੰਪਲੋਇਅਰ ਨੂੰ ਨਾ ਦੱਸਣ ਲਈ ਨੌਕਰੀ ਤੋਂ ਕੱਢਿਆ ਜਾ ਸਕਦਾ ਹੈ।

ਜੇ ਤੁਸੀਂ ਵਿਦੇਸ਼ ਜਾਣ ਦੀ ਤਿਆਰੀ ਕਰ ਰਹੇ ਹੋ ਤਾਂ ਤੁਹਾਨੂੰ ਪਤਾ ਕਰ ਲੈਣਾ ਚਾਹੀਦਾ ਹੈ ਕਿ ਉਸ ਦੇਸ਼ ਵਿੱਚ ਦੋਸ਼-ਸਿੱਧੀਆਂ ਘੋਸ਼ਿਤ ਕਰਨ ਬਾਰੇ ਕੀ ਨਿਯਮ ਹਨ। ਤੁਸੀਂ ਇਸਦਾ ਪਤਾ ਉਸ ਦੇਸ਼ ਦੀ ਐਂਬੈਸੀ ਤੋਂ ਲਗਾ ਸਕਦੇ ਹੋ।

## ਅਪਰਾਧਿਕ ਰਿਕਾਰਡ

ਵਾਪਸ ਲਏ ਗਏ ਅਤੇ ਨਾ ਲਏ ਗਏ ਸਾਰੇ ਅਪਰਾਧ, ਤੁਹਾਡੇ ਅਪਰਾਧਿਕ ਰਿਕਾਰਡ 'ਤੇ ਚੜ੍ਹੇ ਰਹਿੰਦੇ ਹਨ। ਇਹ ਰਿਕਾਰਡ ਪੁਲੀਸ ਦੇ ਰਾਸ਼ਟਰੀ ਕੰਪਿਊਟਰ 'ਤੇ ਦਰਜ ਹੁੰਦੇ ਹਨ।

ਜੇ ਤੁਸੀਂ ਕਈ ਸਾਲਾਂ ਬਾਅਦ ਪੁਲੀਸ ਦੇ ਧਿਆਨ ਵਿੱਚ ਨਹੀਂ ਆਉਂਦੇ ਤਾਂ ਉਹਨਾਂ ਨੂੰ ਹਟਾਇਆ ਜਾ ਸਕਦਾ ਹੈ।

**ਕੁਝ ਰਿਕਾਰਡ ਕਦੇ ਵੀ ਹਟਾਏ ਨਹੀਂ ਜਾਣਗੇ, ਭਾਵੇਂ ਤੁਸੀਂ ਕਈ ਸਾਲਾਂ ਤੋਂ ਪੁਲੀਸ ਦੇ ਧਿਆਨ ਵਿੱਚ ਨਹੀਂ ਆਉਂਦੇ ਹੋ। ਅਜਿਹਾ ਤੁਹਾਡੇ ਦੁਆਰਾ ਕੀਤੇ ਗਏ ਅਪਰਾਧ ਕਾਰਨ ਕੀਤਾ ਜਾਂਦਾ ਹੈ।**

# ਅਸਥਾਈ ਲਾਇਸੈਂਸ 'ਤੇ ਰਿਹਾਈ

ਅਸਥਾਈ ਲਾਇਸੈਂਸ 'ਤੇ ਰਿਹਾਈ ਦਾ ਅਰਥ ਹੁੰਦਾ ਹੈ ਇੱਕ ਛੋਟੇ ਜਿਹੇ ਸਮੇਂ ਲਈ ਜੇਲ੍ਹ ਤੋਂ ਬਾਹਰ ਜਾਣ ਦੇ ਯੋਗ ਹੋਣਾ।

ਉਦਾਹਰਨ ਲਈ ਤੁਹਾਨੂੰ ਅਸਥਾਈ ਲਾਇਸੈਂਸ 'ਤੇ ਰਿਹਾ ਕਰਨ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ।

- ✓ ਕਿਉਂਕਿ ਕੋਈ ਮਾਪਾ ਜਾਂ ਸਾਥੀ ਗੰਭੀਰ ਰੂਪ ਵਿੱਚ ਬਿਮਾਰ ਹੈ।
- ✓ ਤੁਹਾਡੀ ਸਜ਼ਾ ਖ਼ਤਮ ਹੋਣ ਤੋਂ ਬਾਅਦ ਕਮਿਉਨਿਟੀ ਵਿੱਚ ਵਾਪਸ ਸਥਾਪਿਤ ਹੋਣ ਵਿੱਚ ਤੁਹਾਡੀ ਮਦਦ ਕਰਨ ਲਈ

ਅਸਥਾਈ ਲਾਇਸੈਂਸ 'ਤੇ ਰਿਹਾਈ ਨੂੰ ਆਮ ਤੌਰ 'ਤੇ ਸੰਖੇਪ ਵਿੱਚ ROTL ਕਿਹਾ ਜਾਂਦਾ ਹੈ।

- × ਹਰ ਵਿਅਕਤੀ ਨੂੰ ROTL ਨਹੀਂ ਮਿਲਦੀ

ਜੇਲ੍ਹ ਪ੍ਰਬੰਧਨ ਦੇ ਨਿਯਮ 6300 ਵਿੱਚ ਇਸ ਬਾਰੇ ਵਧੇਰੇ ਜਾਣਕਾਰੀ ਦਿੱਤੀ ਗਈ ਹੈ।

ਹਰ ਵਿਅਕਤੀ ਨੂੰ ROTL ਨਹੀਂ ਮਿਲ ਸਕਦੀ। ਉਹ ਕੈਦੀ ਜਿਨ੍ਹਾਂ ਨੂੰ ਕਿਸੇ ਅਸਥਾਈ ਲਾਇਸੈਂਸ 'ਤੇ ਨਹੀਂ ਛੱਡਿਆ ਜਾ ਸਕਦਾ ਇਹ ਹਨ

- ਸ਼੍ਰੇਣੀ ਏ ਜਾਂ ਭੱਜਣ ਵਾਲਿਆਂ ਦੀ ਸੂਚੀ 'ਤੇ ਰੱਖੇ ਗਏ ਕੈਦੀ
- ਗੈਰ ਦੋਸ਼ ਸਿੱਧ ਕੈਦੀ ਅਤੇ ਦੋਸ਼ ਸਿੱਧ ਪਰ ਅਜੇ ਤਕ ਸਜ਼ਾ ਨਾ ਸੁਣਾਏ ਗਏ ਕੈਦੀ
- ਪ੍ਰਤੀ ਅਰਪਣ ਦੀ ਕਾਰਵਾਈ ਅਧੀਨ ਕੈਦੀ ਜੋ ਕਿਸੇ ਦੂਸਰੇ ਦੇਸ਼ ਨੂੰ ਲੋੜੀਂਦੇ ਹਨ ਕਿਉਂਕਿ ਉਹਨਾਂ ਨੇ ਸ਼ਾਇਦ ਉੱਥੇ ਕੋਈ ਅਪਰਾਧ ਕੀਤਾ ਹੋ ਸਕਦਾ ਹੈ
- ਸਜ਼ਾ ਸੁਣਾਏ ਗਏ, ਪਰ ਅਗਲੇਰੇ ਦੋਸ਼ਾਂ ਲਈ ਰਿਮਾਂਡ 'ਤੇ ਲਏ ਗਏ ਕੈਦੀ ਜਾਂ ਦੂਸਰੀਆਂ ਦੋਸ਼ ਸਿੱਧੀਆਂ ਲਈ ਸਜ਼ਾ ਸੁਣਾਏ ਜਾਣ ਦੀ ਉਡੀਕ ਕਰ ਰਹੇ ਕੈਦੀ
- ਸ਼੍ਰੇਣੀ ਬੀ ਦੇ ਕੈਦੀਆਂ ਨੂੰ ਇੱਕ ਪੁਨਰਸਥਾਪਨਾ ਦਿਨ ਜਾਂ ਰਾਤੋਂ ਰਾਤ ਰਿਹਾਈ ਨਹੀਂ ਮਿਲ ਸਕਦੀ ਪਰ ਉਹਨਾਂ ਨੂੰ ਜੇਲ੍ਹ ਤੋਂ ਬਾਹਰ ਜਾਣ ਦੀ ਆਗਿਆ ਦਿੱਤੀ ਜਾ ਸਕਦੀ ਹੈ ਜੇਕਰ ਉਹਨਾਂ ਦੇ ਪਰਿਵਾਰ ਦਾ ਕੋਈ ਨਜ਼ਦੀਕੀ ਮੈਂਬਰ ਮਰ ਰਿਹਾ ਹੋਵੇ।
- ਜੇਕਰ ਤੁਸੀਂ ਇੱਕ ਸਜ਼ਾ ਭੁਗਤ ਰਹੇ ਹੋ ਅਤੇ ਤਦ ਤੁਹਾਨੂੰ ਇੱਕ ਜ਼ਬਤੀ ਆਦੇਸ਼ ਦੀ ਪਾਲਣਾ ਨਾ ਕਰਨ ਲਈ ਇੱਕ ਹੋਰ ਸਜ਼ਾ ਸੁਣਾ ਦਿੱਤੀ ਜਾਂਦੀ ਹੈ, ਤਾਂ ਤੁਸੀਂ ਸਿਰਫ਼ ਇਸ ਬਾਅਦ ਵਾਲੀ ਸਜ਼ਾ ਦੌਰਾਨ ROTL ਲਈ ਆਵੇਦਨ ਕਰ ਸਕਦੇ ਹੋ, ਨਾ ਕਿ ਆਪਣੀ ਮੂਲ ਸਜ਼ਾ 'ਤੇ।
- ਉਮਰਕੈਦ ਦੀ ਸਜ਼ਾ ਭੁਗਤ ਰਹੇ ਕੈਦੀਆਂ ਨੂੰ ਆਮ ਤੌਰ 'ਤੇ ਇੱਕ ਅਸਥਾਈ ਲਾਇਸੈਂਸ 'ਤੇ ਸਿਰਫ਼ ਤਾਂ ਹੀ ਰਿਹਾ ਕੀਤਾ ਜਾਵੇਗਾ ਜੇ ਉਹ ਖੁੱਲ੍ਹੀਆਂ ਜਾਂ ਅਰਧ-ਖੁੱਲ੍ਹੀਆਂ ਜੇਲ੍ਹਾਂ ਵਿੱਚ ਹੋਣ
- ਚਾਰ ਦੀਵਾਰੀਆਂ ਵਿੱਚ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਕੈਦੀ, ਤਾਂ ਹੀ ਅਸਥਾਈ ਲਾਇਸੈਂਸ 'ਤੇ ਰਿਹਾ ਕੀਤੇ ਜਾ ਸਕਣਗੇ ਜੇਕਰ ਉਹ ਖੁੱਲ੍ਹੀਆਂ ਜਾਂ ਅਰਧ-ਖੁੱਲ੍ਹੀਆਂ ਜੇਲ੍ਹਾਂ ਵਿੱਚ ਰਹੇ ਹੋਣ ਪਰ ਡਾਕਟਰੀ ਕਾਰਨਾਂ ਕਰਕੇ ਉਹਨਾਂ ਨੂੰ ਕਿਧਰੇ ਹੋਰ ਲਿਜਾਇਆ ਨਹੀਂ ਜਾ ਸਕਦਾ

## ਜੇਕਰ ਗਵਰਨਰ ਸੋਚਦਾ ਹੈ ਕਿ ਤੁਸੀਂ ਜੇਲ੍ਹ ਤੋਂ ਬਾਹਰ ਲਿਜਾਏ ਜਾਣ ਲਈ ਸੁਰੱਖਿਅਤ ਹੋ ਤਾਂ ਮੁੱਖ ਤੌਰ 'ਤੇ 4 ਕਿਸਮਾਂ ਦੇ ਲਾਇਸੈਂਸ ਹੁੰਦੇ ਹਨ

### ਵਿਸ਼ੇਸ਼ ਮਕਸਦਾਂ ਲਈ ਲਾਇਸੈਂਸ

ਇਹ ਕੁਝ ਕੁ ਘੰਟਿਆਂ ਲਈ ਹੁੰਦਾ ਹੈ ਅਤੇ ਇਹਨਾਂ ਕੰਮਾਂ ਲਈ ਦਿੱਤਾ ਜਾਂਦਾ ਹੈਂ

- ਮਰ ਰਹੇ ਰਿਸ਼ਤੇਦਾਰਾਂ ਕੋਲ ਜਾਣ ਲਈ ਜੋ ਪਰਿਵਾਰ ਦੇ ਨਜ਼ਦੀਕੀ ਮੈਂਬਰ ਹੋਣ
- ਪਰਿਵਾਰ ਦੇ ਨਜ਼ਦੀਕੀ ਮੈਂਬਰਾਂ ਦੇ ਜਨਾਜ਼ਿਆਂ 'ਤੇ ਜਾਣ ਲਈ
- ਵਿਆਹ ਜਾਂ ਧਾਰਮਿਕ ਪ੍ਰਾਰਥਨਾਵਾਂ
- ਡਾਕਟਰੀ ਇਲਾਜ-ਜਿੰਨੀ ਦੇਰ ਤਕ ਹਸਪਤਾਲ ਦੀ ਅਪਾਇੰਟਮੈਂਟ ਜਾਂ ਇਲਾਜ ਚੱਲਦਾ ਹੈ।
- ਅਦਾਲਤ, ਟ੍ਰਿਬਿਊਨਲ ਜਾਂ ਕਿਸੇ ਪੁੱਛਗਿੱਛ 'ਤੇ ਜਾਣ ਲਈ

### ਮੁੜ ਸਥਾਪਨਾ ਦਿਨ ਦੀ ਰਿਹਾਈ ਲਈ ਲਾਇਸੈਂਸ

ਇਹ ਇਹਨਾਂ ਕਿਸਮਾਂ ਲਈ ਦਿੱਤਾ ਜਾਂਦਾ ਹੈ

- ਸਮੁਦਾਇਕ ਸੇਵਾ ਪ੍ਰੋਜੈਕਟਾਂ ਜਾਂ ਦੂਸਰੇ ਕੰਮਾਂ ਵਿੱਚ ਹਿੱਸਾ ਲੈਣ ਜੋ ਤੁਹਾਨੂੰ ਰਿਹਾਈ ਲਈ ਤਿਆਰ ਹੋਣ ਲਈ ਆਪਣੀ ਸਜ਼ਾ ਦੇ ਹਿੱਸੇ ਵਜੋਂ ਜੇਲ੍ਹ ਤੋਂ ਬਾਹਰ ਜਾ ਕੇ ਕਰਨੇ ਪੈਂਦੇ ਹਨ।
- ਆਪਣੇ ਪਰਿਵਾਰ ਦੇ ਸੰਪਰਕ ਵਿੱਚ ਰਹਿਣਾ
- ਜ਼ਿੰਦਗੀ ਅਤੇ ਕੰਮ ਸੰਬੰਧੀ ਹੁਨਰਾਂ ਬਾਰੇ ਸਿਖਲਾਈ ਜਾਂ ਵਿਦਿਅਕ ਕੋਰਸਾਂ 'ਤੇ ਜਾਣ ਲਈ

### ਮੁੜ ਸਥਾਪਨਾ ਰਾਤੋਂ-ਰਾਤ ਰਿਹਾਈ ਲਾਇਸੈਂਸ

ਇਹ ਦਿਨ ਸਮੇਂ ਰਿਹਾਈ ਨਾਲ ਮਿਲਦੇ ਜੁਲਦੇ ਕੰਮਾਂ ਲਈ ਹੁੰਦਾ ਹੈ, ਪਰ ਇਸ ਲਈ ਵੀ ਕਿ ਤੁਸੀਂ ਉਸ ਸਥਾਨ 'ਤੇ ਸਮਾਂ ਬਿਤਾ ਸਕੋ ਜਿੱਥੇ ਤੁਸੀਂ ਜੇਲ੍ਹ ਤੋਂ ਰਿਹਾ ਹੋਣ ਤੋਂ ਬਾਅਦ ਰਹੋਗੇ।

### ਬੱਚਾ ਸੰਭਾਲ ਮੁੜ ਸਥਾਪਨਾ ਲਾਇਸੈਂਸ

ਇਹ ਕੁੱਝ ਕੈਦੀਆਂ ਲਈ ਹੁੰਦਾ ਹੈ ਜੋ 16 ਸਾਲ ਤੋਂ ਘੱਟ ਉਮਰ ਦੇ ਕਿਸੇ ਬੱਚੇ ਦੇ ਇਕੱਲੇ ਮਾਪੇ ਜਾਂ ਰਾਖੇ ਹਨ। ਇਹ ਆਗਿਆ ਹਰ 2 ਮਹੀਨਿਆਂ ਵਿੱਚ ਇੱਕ ਵਾਰੀ - ਭਾਵ ਇਕ ਸਾਲ ਵਿੱਚ 6 ਵਾਰੀ ਲਈ ਜਾ ਸਕਦੀ ਹੈ।

## ਐਂਡ ਆਫ਼ ਕਸਟਡੀ (ਹਿਰਾਸਤ ਦੀ ਸਮਾਪਤੀ) ਲਾਇਸੈਂਸ ਸਕੀਮ (ਇਸਨੂੰ ECL ਵੀ ਕਿਹਾ ਜਾਂਦਾ ਹੈ)

**ਇਹ 2007 ਵਿੱਚ ਸ਼ੁਰੂ ਕੀਤੀ ਗਈ ਇੱਕ ਅਸਥਾਈ ਸਕੀਮ ਹੈ।**

✓ ਇਹ ਉਹਨਾਂ ਸਾਰੇ ਕੈਦੀਆਂ ਲਈ ਹੈ ਜੋ ਯੋਗ ਹਨ ਅਤੇ 4 ਹਫ਼ਤਿਆਂ ਜਾਂ ਇਸ ਤੋਂ ਵੱਧ ਸਮੇਂ ਪਰ 4 ਸਾਲਾਂ ਤੋਂ ਘੱਟ ਸਮੇਂ ਦੀ ਸਜ਼ਾ ਕੱਟ ਰਹੇ ਹਨ।

✓ ਹਿਰਾਸਤ ਦੀ ਸਮਾਪਤੀ ਲਾਇਸੈਂਸ ਸਕੀਮ ਤੋਂ ਭਾਵ ਹੈ ਕਿ ਤੁਹਾਨੂੰ ਤੁਹਾਡੀ ਸਵੈ ਨਿਰਧਾਰਿਤ ਰਿਹਾਈ ਦੀ ਮਿਤੀ ਤੋਂ 18 ਦਿਨਾਂ ਪਹਿਲਾਂ ਤਕ ਰਿਹਾ ਕੀਤਾ ਜਾ ਸਕਦਾ ਹੈ।

✗ ਕੁਝ ਲੋਕਾਂ ਨੂੰ ECL ਨਹੀਂ ਮਿਲ ਸਕਦੀ

**ਜੇਲ ਸੇਵਾ ਹਿਦਾਇਤਾਂ (ਪ੍ਰਿਜ਼ਨ ਸਰਵਿਸ ਇਨਸਟ੍ਰਕਸ਼ਨਜ਼) 42/2007** ਵਿੱਚ ਇਸ ਬਾਰੇ ਵਧੇਰੇ ਜਾਣਕਾਰੀ ਦਿੱਤੀ ਗਈ ਹੈ। ਇਹ ਜੇਲ ਦੀ ਲਾਇਬ੍ਰੇਰੀ ਵਿੱਚ ਹੋਵੇਗੀ

ਜੇਕਰ ਤੁਹਾਨੂੰ ECL ਸਕੀਮ ਤਹਿਤ ਰਿਹਾ ਕੀਤਾ ਜਾਂਦਾ ਹੈ ਤਾਂ ਤੁਹਾਨੂੰ ਆਪਣੀ ਸਜ਼ਾ ਦੇ ਨਿਯਮਾਂ ਦੀ ਪਾਲਣਾ ਜ਼ਰੂਰ ਕਰਨੀ ਚਾਹੀਦੀ ਹੈ। ਜੇ ਤੁਸੀਂ ਲਾਇਸੈਂਸ ਦੀਆਂ ਸ਼ਰਤਾਂ (ਨਿਯਮਾਂ) ਨੂੰ ਤੋੜਦੇ ਹੋ ਤਾਂ ਤੁਹਾਨੂੰ ਜੇਲ੍ਹ ਵਿੱਚ ਵਾਪਸ ਬੁਲਾ ਲਿਆ ਜਾਵੇਗਾ।

ਜੇਕਰ ਤੁਹਾਨੂੰ ਇਸ ਸਕੀਮ ਤਹਿਤ ਰਿਹਾ ਕੀਤਾ ਜਾਂਦਾ ਹੈ ਤਾਂ ਤੁਸੀਂ ਧਨ ਦੇ ਰੂਪ ਵਿੱਚ ਕੁਝ ਮਦਦ ਪ੍ਰਾਪਤ ਕਰ ਸਕਦੇ ਹੋ। ਤੁਸੀਂ ਆਪਣੀ ਰਿਹਾਈ ਦੀ ਮੂਲ ਮਿਤੀ ਤਕ ਬੈਨਿਫ਼ਿਟਾਂ ਲਈ ਕਲੇਮ ਨਹੀਂ ਕਰ ਸਕਦੇ।

ਉਦਾਹਰਨ ਲਈ ਜੇਕਰ ਤੁਹਾਨੂੰ ਸਕੀਮ ਤਹਿਤ 1 ਮਾਰਚ ਨੂੰ ਰਿਹਾ ਕਰ ਦਿੱਤਾ ਗਿਆ ਪਰ ਤੁਹਾਡੀ ਸਜ਼ਾ 18 ਮਾਰਚ ਨੂੰ ਖ਼ਤਮ ਹੁੰਦੀ ਹੈ ਤਾਂ ਤੁਸੀਂ 18 ਮਾਰਚ ਤਕ ਬੈਨਿਫ਼ਿਟ ਕਲੇਮ ਨਹੀਂ ਕਰ ਸਕਦੇ।

ਉਹ ਕੈਦੀ ਜਿਨ੍ਹਾਂ ਨੂੰ ECL ਤਹਿਤ ਰਿਹਾ ਨਹੀਂ ਕੀਤਾ ਜਾ ਸਕਦਾ

- ਸੈਕਸ ਸੰਬੰਧੀ ਰਜਿਸਟਰਡ ਅਪਰਾਧੀ
- ਗੰਭੀਰ ਹਿੰਸਾ ਕਰਨ ਲਈ ਕੋਈ ਸਜ਼ਾ ਭੁਗਤ ਰਹੇ ਕੈਦੀ
- ਉਹ ਕੈਦੀ ਜੋ ਪਹਿਲਾਂ ਹਿਰਾਸਤ ਵਿੱਚੋਂ ਭੱਜ ਚੁੱਕੇ ਹਨ
- ਉਹ ਕੈਦੀ ਜਿਨ੍ਹਾਂ ਨੇ ਪਹਿਲਾਂ ਅਸਥਾਈ ਰਿਹਾਈ ਦੀਆਂ ਦੂਸਰੀਆਂ ਸ਼ਰਤਾਂ ਵਿੱਚੋਂ ਕਿਸੇ ਸ਼ਰਤ ਨੂੰ ਤੋੜਿਆ ਹੈ।

**ਉਹਨਾਂ ਕੈਦੀਆਂ ਬਾਰੇ ਹੋਰ ਜਾਣਕਾਰੀ ਜਿਨ੍ਹਾਂ ਨੂੰ ECL ਤਹਿਤ ਰਿਹਾ ਨਹੀਂ ਕੀਤਾ ਜਾ ਸਕਦਾ**

- ਉਹ ਕੈਦੀ ਜਿਨ੍ਹਾਂ ਦੇ ਰਹਿਣ ਦੇ ਸਥਾਨ ਦਾ ਮਸਲਾ ਹੱਲ ਨਹੀਂ ਹੁੰਦਾ।
- ਉਹ ਕੈਦੀ ਜਿਨ੍ਹਾਂ ਨੂੰ ਉਹਨਾਂ ਦੀ ਸਜ਼ਾ ਖ਼ਤਮ ਹੋਣ 'ਤੇ ਉਹਨਾਂ ਦੇ ਦੇਸ਼ ਭੇਜਿਆ ਜਾਵੇਗਾ।
- ਉਹ ਕੈਦੀ ਜੋ ਕਿ ਪ੍ਰਤਿਆਰਪਿਤ ਕੀਤੇ ਜਾਣੇ ਹੁੰਦੇ ਹਨ।
- ਉਹ ਕੈਦੀ ਜੋ ਹੋਰ ਦੋਸ਼ਾਂ ਲਈ ਰਿਮਾਂਡ 'ਤੇ ਲਏ ਗਏ ਹੋਣ ਜਾਂ ਕਿਸੇ ਹੋਰ ਅਪਰਾਧ ਲਈ ਸਜ਼ਾ ਸੁਣਾਏ ਜਾਣ ਦੀ ਉਡੀਕ ਕਰ ਰਹੇ ਹੋਣ।
- ਉਹ ਕੈਦੀ ਜਿਨ੍ਹਾਂ ਨੂੰ ਕਿਸੇ ਘਰੇਲੂ ਨਜ਼ਰਬੰਦੀ ਕਰਫਿਊ ਜਾਂ ਕਿਸੇ ਦੂਸਰੇ ਲਾਇਸੈਂਸ ਤੋਂ ਜੇਲ੍ਹ ਵਿੱਚ ਵਾਪਸ ਬੁਲਾਇਆ ਗਿਆ ਹੋਵੇ।
- ਕਿਸੇ ਇਲਾਜ ਪ੍ਰੋਗਰਾਮ 'ਤੇ ਚੱਲ ਰਹੇ ਕੈਦੀ, ਜਿਸ ਦੀ ਪਾਲਣਾ ਉਹਨਾਂ ਨੂੰ ਰਿਹਾ ਹੋਣ 'ਤੇ ਕਰਨੀ ਚਾਹੀਦੀ ਹੈ, ਜਦੋਂ ਤਕ ਕਿ ਤੁਹਾਡਾ ਅਪਰਾਧ ਪ੍ਰਬੰਧਕ ਕਿਸੇ ਦੂਸਰੇ ਉਚਿਤ ਸਮੇਂ ਲਈ ਇਸਦਾ ਪ੍ਰਬੰਧ ਨਹੀਂ ਕਰ ਸਕਦਾ।

# ਰਿਹਾਈ ਅਤੇ ਨਿਗਰਾਨੀ

ਰਿਹਾਈ ਅਤੇ ਨਿਗਰਾਨੀ ਨਾਲ ਸੰਬੰਧਿਤ ਬਹੁਤ ਸਾਰੇ ਸੰਖੇਪ ਸ਼ਬਦ ਹਨ

- SED - ਸੈਨਟੈਨਸ ਐਸਕਪਾਇਰੀ ਡੇਟ (ਸਜ਼ਾ ਦੀ ਮਿਆਦ ਪੁੱਗਣ ਦੀ ਮਿਤੀ)
- LED - ਲਾਇਸੈਂਸ ਐਕਸਪਾਇਰੀ ਡੇਟ (ਲਾਇਸੈਂਸ ਦੀ ਮਿਆਦ ਪੁੱਗਣ ਦੀ ਮਿਤੀ)
- SLED - ਸੈਨਟੈਨਸ ਐਂਡ ਲਾਇਸੈਂਸ ਐਕਸਪਾਇਰੀ ਡੇਟ (ਸਜ਼ਾ ਅਤੇ ਲਾਇਸੈਂਸ ਦੀ ਮਿਆਦ ਪੁੱਗਣ ਦੀ ਮਿਤੀ)
- ACR - ਆਟੋਮੈਟਿਕ ਕੰਡੀਸ਼ਨਲ ਰਿਲੀਜ਼ (ਸ਼ਰਤ 'ਤੇ ਆਪਣੇ ਆਪ ਰਿਹਾਈ)
- ADA - ਐਡੀਸ਼ਨਲ ਡੇਜ਼ ਐਡਿੱਡ (ਵਾਧੂ ਦਿਨ ਜੋੜੇ ਗਏ)
- AP - ਆਲ ਪਰਪਸ ਲਾਇਸੈਂਸ (ਸਾਰੇ ਮਕਸਦਾਂ ਲਈ ਲਾਇਸੈਂਸ)
- HDC - ਹੋਮ ਡਿਟੈਨਸ਼ਨ ਕਰਫਿਊ (ਘਰੇਲੂ ਨਜ਼ਰਬੰਦੀ ਕਰਫਿਊ)
- ARD - ਆਟੋਮੈਟਿਕ ਰਿਲੀਜ਼ ਡੇਟ (ਆਪਣੇ ਆਪ ਰਿਹਾ ਹੋਣ ਦੀ ਮਿਤੀ)
- NPD - ਨਾਲ ਪੈਰੋਲ ਡੇਟ (ਗੈਰ-ਪੈਰੋਲ ਮਿਤੀ)
- CRD - ਕੰਡੀਸ਼ਨਲ ਰਿਲੀਜ਼ ਡੇਟ (ਸ਼ਰਤ 'ਤੇ ਰਿਹਾਈ ਦੀ ਮਿਤੀ)

ਉਹ ਮਿਤੀ ਜਿਸ 'ਤੇ ਤੁਹਾਨੂੰ ਨਿਗਰਾਨੀ ਨਾਲ ਜਾਂ ਇਸ ਤੋਂ ਬਿਨਾਂ ਰਿਹਾ ਕੀਤਾ ਜਾਂਦਾ ਹੈ ਅਤੇ ਉਹ ਨਿਗਰਾਨੀ ਕਿੰਨੀ ਦੇਰ ਤਕ ਜਾਰੀ ਰਹਿੰਦੀ ਹੈ, ਤੁਹਾਡੀ ਸਜ਼ਾ ਦੀ ਮਿਆਦ ਅਤੇ ਤੁਹਾਡੇ 'ਤੇ ਦੋਸ਼-ਆਇਦ ਹੋਣ ਦੀ ਮਿਤੀ 'ਤੇ ਨਿਰਭਰ ਕਰੇਗੀ।

ਇਹ ਕਾਫੀ ਜਟਿਲ ਹੁੰਦਾ ਹੈ।

ਜੇ ਤੁਹਾਡੇ ਕੋਈ ਪ੍ਰਸ਼ਨ ਹੋਣ ਤਾਂ ਤੁਹਾਨੂੰ ਜੇਲ੍ਹ ਦੇ ਸਟਾਫ਼ ਜਾਂ ਆਪਣੇ ਅਪਰਾਧ ਪ੍ਰਬੰਧਕ ਨੂੰ ਪੁੱਛਣਾ ਚਾਹੀਦਾ ਹੈ।

## ਹੋਮ ਡਿਟੈਨਸ਼ਨ ਕਰਫਿਊ (HDC)

3 ਮਹੀਨਿਆਂ ਤੋਂ ਲੈ ਕੇ 4 ਸਾਲਾਂ ਤਕ ਦੀ ਸਜ਼ਾ ਭੁਗਤ ਰਹੇ ਕੈਦੀਆਂ ਨੂੰ ਘਰੇਲੂ ਨਜ਼ਰਬੰਦੀ ਕਰਫ਼ਿਊ ਤਹਿਤ ਜਲਦੀ ਰਿਹਾ ਕੀਤਾ ਜਾ ਸਕਦਾ ਹੈ। ਇਸਨੂੰ ਟੈਗਿੰਗ (ਟੈਗ ਲਗਾਉਣਾ) ਵੀ ਕਿਹਾ ਜਾਂਦਾ ਹੈ।

ਇਸਦਾ ਅਰਥ ਹੈ ਕਿ ਤੁਹਾਡੇ 'ਤੇ ਇੱਕ ਇਲੈਕਟ੍ਰਾਨਿਕ ਟੈਗ ਲਗਾਇਆ ਜਾਂਦਾ ਹੈ।

ਤੁਹਾਨੂੰ ਇਸ ਬਾਰੇ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ ਕਿ ਤੁਸੀਂ ਕਿੱਥੇ ਜਾ ਸਕਦੇ ਹੋ ਅਤੇ ਤੁਹਾਨੂੰ ਕਿਸ ਸਮੇਂ 'ਤੇ ਘਰ ਵਾਪਸ ਪਰਤਣਾ ਪਵੇਗਾ।

## HDC ਬਾਰੇ ਹੋਰ

ਜੇਕਰ ਤੁਹਾਨੂੰ ਘਰੇਲੂ ਨਜ਼ਰਬੰਦੀ ਕਰਫ਼ਿਊ 'ਤੇ ਰਿਹਾ ਕੀਤਾ ਜਾਣਾ ਹੈ, ਤਾਂ ਤੁਹਾਡੇ ਕੋਲ ਜੇਲ੍ਹ ਤੋਂ ਬਾਹਰ ਆਉਣ 'ਤੇ ਰਹਿਣ ਲਈ ਕੋਈ ਸਥਾਨ ਜ਼ਰੂਰ ਹੋਣਾ ਚਾਹੀਦਾ ਹੈ। ਜੇ ਤੁਹਾਡੇ ਕੋਲ ਰਹਿਣ ਲਈ ਕੋਈ ਜਗ੍ਹਾ ਨਹੀਂ ਹੈ ਤਾਂ ਤੁਸੀਂ ਪੁੱਛ ਸਕਦੇ ਹੋ ਕਿ ਕੀ ਕਲੀਅਰ ਸਪਰਿੰਗਜ਼ ਅਕੋਮੋਡੇਸ਼ਨ ਅਤੇ ਸਪੋਰਟ ਸਰਵਿਸ ਤੁਹਾਨੂੰ ਰਹਿਣ ਲਈ ਕੋਈ ਸਥਾਨ ਦੇ ਸਕਦੇ ਹਨ।

ਉਹ ਤੁਹਾਨੂੰ ਰਹਿਣ ਲਈ ਛੋਟੇ ਮਕਾਨਾਂ ਜਾਂ ਫਲੈਟਾਂ ਵਿੱਚ ਕੋਈ ਸਥਾਨ ਦੇ ਸਕਦੇ ਹਨ। ਇਹ ਕੋਈ ਅਜਿਹਾ ਸਥਾਨ ਹੋ ਸਕਦਾ ਹੈ ਜੋ ਤੁਸੀਂ 4 ਤਕ ਦੂਸਰੇ ਵਿਅਕਤੀਆਂ ਨਾਲ ਸਾਂਝਾ ਕਰਦੇ ਹੋ। ਤੁਹਾਨੂੰ ਖਾਣਾ ਪਕਾਉਣਾ ਪੈਂਦਾ ਹੈ, ਸਫ਼ਾਈ ਕਰਨੀ ਪੈਂਦੀ ਹੈ ਅਤੇ ਕਿਰਾਇਆ ਦੇਣਾ ਪੈਂਦਾ ਹੈ।

ਕਲੀਅਰ ਸਪਰਿੰਗਜ਼ ਹਾਊਸਿੰਗ ਸਿਰਫ਼ ਉਸ ਸਮੇਂ ਲਈ ਹੁੰਦੀ ਹੈ ਜਦੋਂ ਤੁਸੀਂ ਘਰੇਲੂ ਨਜ਼ਰਬੰਦੀ ਕਰਫ਼ਿਊ 'ਤੇ ਹੁੰਦੇ ਹੋ।

ਤੁਹਾਡੇ ਲਈ ਆਪਣੀ ਸਜ਼ਾ ਦਾ ਇੱਕ ਚੌਥਾਈ ਹਿੱਸਾ ਜਾਂ 30 ਦਿਨਾਂ ਦਾ ਸਮਾਂ (ਜੋ ਵੀ ਵੱਧ ਹੋਵੇ) ਜੇਲ੍ਹ ਵਿੱਚ ਕੱਟਣਾ ਜ਼ਰੂਰੀ ਹੁੰਦਾ ਹੈ।
ਤੁਸੀਂ 135 ਦਿਨਾਂ (ਸਾਢੇ ਚਾਰ ਮਹੀਨਿਆਂ) ਤਕ ਦੇ ਸਮੇਂ ਲਈ HDC 'ਤੇ ਰਹਿ ਸਕਦੇ ਹੋ।

ਸਟਾਫ਼ ਇਹ ਦੇਖਣ ਲਈ ਜਾਂਚ ਕਰੇਗਾ ਕਿ ਕੀ HDC ਤੁਹਾਡੇ ਲਈ ਠੀਕ ਰਹੇਗਾ। ਇਹ ਇਸ 'ਤੇ ਨਿਰਭਰ ਕਰੇਗਾ ਕਿ ਤੁਸੀਂ ਜੇਲ੍ਹ ਤੋਂ ਬਾਹਰ ਆਉਣ 'ਤੇ ਦੂਸਰਿਆਂ ਲਈ ਸੁਰੱਖਿਅਤ ਰਹੋਗੇ।

ਤੁਸੀਂ HDC 'ਤੇ ਨਾ ਛੱਡੇ ਜਾਣ ਦਾ ਫ਼ੈਸਲਾ ਕਰ ਸਕਦੇ ਹੋ।

ਜੇਕਰ ਤੁਹਾਨੂੰ HDC ਨਹੀਂ ਦਿੱਤਾ ਜਾਂਦਾ ਤਾਂ ਤੁਸੀਂ ਇਸਦੇ ਵਿਰੁੱਧ ਅਪੀਲ ਕਰ ਸਕਦੇ ਹੋ। ਅਜਿਹਾ ਕਰਨ ਲਈ ਸ਼ਿਕਾਇਤਾਂ ਸੰਬੰਧੀ ਪ੍ਰਕਿਰਿਆ ਦਾ ਇਸਤੇਮਾਲ ਕਰੋ।

ਜੇਕਰ ਤੁਸੀਂ ਅਜਿਹੇ ਕਾਰਨਾਂ ਕਰਕੇ ਆਪਣਾ ਕਰਫ਼ਿਊ ਤੋੜਦੇ ਹੋ ਜੋ ਤੁਹਾਡੇ ਨਿਯੰਤਰਣ ਵਿੱਚ ਨਹੀਂ ਹਨ, ਜਿਵੇਂ ਕਿ ਆਪਣੇ ਸਹਿਮਤ ਹੋਏ ਪਤੇ 'ਤੇ ਰਹਿਣ ਦੇ ਯੋਗ ਨਾ ਹੋਣਾ, ਤਾਂ ਤੁਸੀਂ ਦੋਬਾਰਾ HDC 'ਤੇ ਛੱਡ ਦਿੱਤੇ ਜਾਣ ਲਈ ਨਿਵੇਦਨ ਕਰ ਸਕਦੇ ਹੋ।

ਜੇਕਰ ਤੁਹਾਨੂੰ ਆਪਣੇ HDC ਨੂੰ ਤੋੜਨ ਲਈ ਜੇਲ੍ਹ ਵਿੱਚ ਵਾਪਸ ਬੁਲਾਇਆ ਜਾਂਦਾ ਹੈ ਤਾਂ ਤੁਹਾਨੂੰ ਭਵਿੱਖ ਵਿੱਚ HDC 'ਤੇ ਸ਼ਾਇਦ ਨਹੀਂ ਰਿਹਾ ਕੀਤਾ ਜਾ ਸਕਦਾ। ਇਹ ਇਸ ਉਤੇ ਨਿਰਭਰ ਕਰੇਗਾ ਕਿ ਕੀ ਤੁਸੀਂ 1991 ਜਾਂ 2003 ਦੇ ਅਪਰਾਧਿਕ ਨਿਆਂ ਕਾਨੂੰਨ ਤਹਿਤ ਆਉਂਦੇ ਹੋ। ਜੇਕਰ ਤੁਸੀਂ ਯਕੀਨੀ ਨਹੀ ਹੋ ਤਾਂ ਸਟਾਫ ਦੇ ਕਿਸੇ ਮੈਂਬਰ ਨਾਲ ਗੱਲ ਕਰੋ।

**HDC ਬਾਰੇ ਹੋਰ**

ਜੇਕਰ ਤੁਹਾਨੂੰ ਜੇਲ੍ਹ ਵਿੱਚ ਵਾਪਸ ਬੁਲਾਇਆ ਜਾਂਦਾ ਹੈ ਤਾਂ ਤੁਸੀਂ ਇਸਦੇ ਵਿਰੁੱਧ ਅਪੀਲ ਕਰ ਸਕਦੇ ਹੋ।

ਕੁਝ ਕੈਦੀਆਂ ਨੂੰ ਕਦੇ ਵੀ HDC ਮੰਜ਼ੂਰ ਨਹੀਂ ਕੀਤਾ ਜਾਵੇਗਾ। ਉਦਾਹਰਨ ਲਈ

- ਉਹ ਕੈਦੀ ਜਿਨ੍ਹਾਂ ਨੂੰ ਸੈਕਸ ਸੰਬੰਧੀ ਅਪਰਾਧੀਆਂ ਲਈ ਲਗਾਏ ਗਏ ਰਜਿਸਟਰ 'ਤੇ ਦਸਤਖਤ ਕਰਨੇ ਪੈਂਦੇ ਹਨ।
- ਹਿੰਸਕ ਅਤੇ ਸੈਕਸ ਸੰਬੰਧੀ ਅਪਰਾਧੀ ਜੋ ਇਸ ਸਮੇਂ ਇੱਕ ਵਧਾਈ ਗਈ ਸਜ਼ਾ 'ਤੇ ਹੋਣ।
- ਉਹ ਕੈਦੀ ਜੋ ਅਸਥਾਈ ਲਾਇਸੈਂਸ 'ਤੇ ਰਿਹਾ ਕੀਤੇ ਜਾਣ ਤੋਂ ਬਾਅਦ ਵਾਪਸ ਨਹੀਂ ਪਰਤਦੇ।
- ਉਹ ਕੈਦੀ ਜੋ ਕਿਸੇ ਹਸਪਤਾਲ ਆਦੇਸ਼, ਹਸਪਤਾਲ ਨਿਰਦੇਸ਼ ਜਾਂ ਤਬਾਦਲਾ ਨਿਰਦੇਸ਼ 'ਤੇ ਜੇਲ੍ਹ ਵਿੱਚ ਰੱਖੇ ਗਏ ਹੋਣ।
- ਉਹ ਕੈਦੀ ਜੋ ਕਿਸੇ ਕਰਫ਼ਿਊ ਆਦੇਸ਼ ਦੀ ਪਾਲਣਾ ਨਾ ਕਰਨ ਕਰਦੇ ਸਜ਼ਾ ਭੁਗਤ ਰਹੇ ਹੋਣ।
- ਕੁਝ ਕੈਦੀ ਜਿਨ੍ਹਾਂ ਨੂੰ HDC ਕਰਫਿਊ ਦੀਆਂ ਸ਼ਰਤਾਂ ਦੀ ਪਾਲਣਾ ਨਾ ਕਰਨ ਲਈ ਜੇਲ੍ਹ ਵਿੱਚ ਵਾਪਸ ਬੁਲਾਇਆ ਗਿਆ ਹੋਵੇ।
- ਉਹ ਕੈਦੀ ਜਿਨ੍ਹਾਂ ਨੂੰ ਯੂਕੇ ਤੋਂ ਕੱਢਿਆ ਜਾ ਸਕਦਾ ਹੈ।
- ਕੁਝ ਕੈਦੀ ਜਿਨ੍ਹਾਂ ਨੂੰ ਆਪਣੀ ਸਜ਼ਾ ਦੀ ਜੋਖ਼ਿਮ 'ਤੇ ਅਵਧੀ ਖ਼ਤਮ ਹੋਣ ਤੋਂ ਪਹਿਲਾਂ ਕਿਸੇ ਸਮੇਂ 'ਤੇ ਕੋਈ ਅਪਰਾਧ ਕਰਨ ਲਈ ਵਾਪਸ ਜੇਲ੍ਹ ਭੇਜ ਦਿੱਤਾ ਗਿਆ ਹੋਵੇ।
- ਉਹ ਕੈਦੀ ਜਿਨ੍ਹਾਂ ਦੀ ਸਜ਼ਾ ਮਿਲਣ ਦੇ ਸਮੇਂ 'ਤੇ ਉਹਨਾਂ ਦੀ ਸਜ਼ਾ ਦੀ ਅਵਧੀ ਤੋਂ ਪਹਿਲਾਂ 14 ਦਿਨਾਂ ਤੋਂ ਘੱਟ ਸਮਾਂ ਬਾਕੀ ਰਹਿੰਦਾ ਹੋਵੇ।
- ਉਹ ਕੈਦੀ ਜਿਨ੍ਹਾਂ ਨੇ ਕੋਈ ਜੁਰਮਾਨਾ ਨਾ ਭਰਿਆ ਹੋਵੇ ਜਾਂ ਉਹ ਸਭ ਨਾ ਕੀਤਾ ਹੋਵੇ ਜੋ ਅਦਾਲਤ ਨੇ ਉਹਨਾਂ ਨੂੰ ਕਰਨ ਲਈ ਕਿਹਾ ਸੀ (ਅਦਾਲਤ ਦੀ ਮਾਨਹਾਨੀ)

ਜੇਲ ਪ੍ਰਬੰਧਨ ਨਿਯਮਵਾਲੀ 6700 ਵਿੱਚ ਇਸ ਬਾਰੇ ਵਧੇਰੇ ਜਾਣਕਾਰੀ ਦਿੱਤੀ ਗਈ ਹੈ।

## ਪੈਰੋਲ

ਉਹ ਕੈਦੀਆਂ ਲਈ ਪੈਰੋਲ ਬਾਰੇ ਵੱਖਰੀ ਜਾਣਕਾਰੀ ਹੈ ਜੋ ਵਧੇਰੇ ਲੰਬੀਆਂ ਸਜ਼ਾਵਾਂ ਭੁਗਤ ਰਹੇ ਹਨ - ਜਿਵੇਂ ਕਿ ਉਮਰਕੈਦ ਜਾਂ ਜਨਤਕ ਸੁਰੱਖਿਆ ਲਈ ਅਨਿਸ਼ਚਿਤ ਸਜ਼ਾਵਾਂ। ਇਸ ਜਾਣਕਾਰੀ ਲਈ ਜੇਲ੍ਹ ਦੇ ਸਟਾਫ਼ ਜਾਂ ਆਪਣੇ ਅਪਰਾਧ ਪ੍ਰਬੰਧਕ ਨੂੰ ਨਿਵੇਦਨ ਕਰੋ।

- ✓ ਪੈਰੋਲ ਉਹ ਕੈਦੀ ਹੈ ਜਦੋਂ ਤੁਹਾਨੂੰ ਆਪਣੀ ਸਜ਼ਾ ਦੇ ਖ਼ਤਮ ਹੋਣ ਤੋਂ ਪਹਿਲਾਂ ਪ੍ਰੋਬੇਸ਼ਨ ਸੇਵਾ ਦੀ ਨਿਗਰਾਨੀ ਹੇਠ ਜੇਲ੍ਹ ਤੋਂ ਜਲਦੀ ਰਿਹਾ ਕਰ ਦਿੱਤਾ ਜਾਂਦਾ ਹੈ।
- ✓ ਤੁਸੀਂ ਆਪਣੀ ਰਿਹਾਈ ਦੀ ਸਭ ਤੋਂ ਛੇਤੀ ਦੀ ਮਿਤੀ ਤੋਂ **6** ਮਹੀਨੇ ਪਹਿਲਾਂ ਪੈਰੋਲ ਲਈ ਆਵੇਦਨ (ਮੰਗ) ਕਰ ਸਕਦੇ ਹੋ।
- ✓ ਪੈਰੋਲ ਬਾਰੇ ਜ਼ਿਆਦਾਤਰ ਫ਼ੈਸਲੇ ਵਿਅਕਤੀਆਂ ਦੇ ਇੱਕ ਸੁਤੰਤਰ ਸਮੂਹ ਦੁਆਰਾ ਲਏ ਜਾਂਦੇ ਹਨ ਜਿਸਨੂੰ ਇੱਕ ਪੈਰੋਲ ਬੋਰਡ ਕਿਹਾ ਜਾਂਦਾ ਹੈ।
- ✓ ਪੈਰੋਲ ਸੰਬੰਧੀ ਨਿਯਮ ਉਹਨਾਂ ਕੈਦੀਆਂ ਲਈ ਵੱਖਰੇ ਹਨ ਜੋ ਯੂਕੇ ਦੇ ਨਾਗਰਿਕ ਜਾਂ ਵਿਦੇਸ਼ੀ ਨਾਗਰਿਕ ਹੋਣ।
- ✓ ਜੇ ਤੁਹਾਨੂੰ ਆਪਣੇ ਪੈਰੋਲ ਬਾਰੇ ਜਾਣਕਾਰੀ ਦੀ ਲੋੜ ਹੋਵੇ ਤਾਂ ਤੁਸੀਂ ਜੇਲ੍ਹ ਵਿਚਲੇ ਪੈਰੋਲ ਕਲਰਕ ਨੂੰ ਨਿਵੇਦਨ ਕਰ ਸਕਦੇ ਹੋ।

## ਉਹਨਾਂ ਕੈਦੀਆਂ ਲਈ ਪੈਰੋਲ ਜੋ ਯੂਕੇ ਦੇ ਨਾਗਰਿਕ ਹੋਣ

ਪੈਰੋਲ ਇੱਕ ਵਿਧੀ ਹੈ ਜਿਸ ਨਾਲ ਤੁਹਾਨੂੰ ਲਾਇਸੈਂਸ ਤਹਿਤ ਜੇਲ੍ਹ ਤੋਂ ਰਿਹਾ ਕੀਤਾ ਜਾ ਸਕਦਾ ਹੈ। ਪੰਨਾ **136** ਦੇਖੋ।

ਜ਼ਿਆਦਾਤਰ ਕੈਦੀਆਂ ਲਈ, ਪੈਰੋਲ 'ਤੇ ਸਹਿਮਤੀ ਵਿਅਕਤੀਆਂ ਦੇ ਇੱਕ ਸਮੂਹ ਦੁਆਰਾ ਕੀਤੀ ਜਾਂਦੀ ਹੈ ਜਿਸਨੂੰ ਪੈਰੋਲ ਬੋਰਡ ਕਿਹਾ ਜਾਂਦਾ ਹੈ। ਇਹ ਬੋਰਡ ਜੇਲ੍ਹ ਪ੍ਰਬੰਧਨ ਜਾਂ ਨਿਆਂ-ਮੰਤਰਾਲੇ ਦਾ ਹਿੱਸਾ ਨਹੀਂ ਹੁੰਦਾ। ਉਹ ਪੂਰੀ ਤਰ੍ਹਾਂ ਨਾਲ ਸੁਤੰਤਰ ਹੁੰਦਾ ਹੈ।

ਇਹ ਫ਼ੈਸਲਾ ਕਰਨ ਲਈ ਕਿ ਕੀ ਤੁਹਾਨੂੰ ਪੈਰੋਲ 'ਤੇ ਛੱਡਿਆ ਜਾ ਸਕਦਾ ਹੈ, ਬੋਰਡ ਇਹ ਸਭ ਦੇਖਦਾ ਹੈਂ

- ✓ ਜੇਲ੍ਹ ਦੇ ਸਟਾਫ਼ ਵਲੋਂ ਆਈਆਂ ਰਿਪੋਰਟਾਂ
- ✓ ਪ੍ਰੋਬੇਸ਼ਨ ਸਟਾਫ਼ ਵਲੋਂ ਆਈਆਂ ਰਿਪੋਰਟਾਂ
- ✓ ਤੁਹਾਡੇ ਮੁਢਲੇ ਅਪਰਾਧ ਦੀਆਂ ਤਫਸੀਲਾਂ (ਤੁਹਾਨੂੰ ਜੇਲ੍ਹ ਕਿਉਂ ਭੇਜਿਆ ਗਿਆ ਸੀ)
- ✓ ਜੇਲ੍ਹ ਵਿੱਚ ਤੁਹਾਡਾ ਵਿਵਹਾਰ
- ✓ ਕੀ ਤੁਹਾਡੇ ਕੋਲ ਮਿੱਤਰਾਂ ਅਤੇ ਪਰਿਵਾਰ ਵਲੋਂ ਸਹਾਇਤਾ ਅਤੇ ਰਹਿਣ ਲਈ ਸਥਾਨ ਹੈ।
- ✓ ਤੁਹਾਡੀ ਰਿਹਾਈ ਦੀ ਕੀ ਯੋਜਨਾ ਹੈ - ਅਜਿਹੀਆਂ ਚੀਜ਼ਾਂ ਜਿਵੇਂ ਕਿ ਕੀ ਤੁਹਾਡੇ ਕੋਲ ਕੋਈ ਨੌਕਰੀ ਹੈ?

ਯੂਕੇ ਦੇ ਨਾਗਰਿਕਾਂ ਲਈ ਪੈਰੋਲ ਬਾਰੇ ਵਧੇਰੇ ਜਾਣਕਾਰੀ

ਤੁਸੀਂ ਆਪਣੀ ਅੱਧੀ ਸਜ਼ਾ ਕੱਟਣ ਤੋਂ 6 ਮਹੀਨੇ ਪਹਿਲਾਂ ਪੈਰੋਲ ਲਈ ਆਵੇਦਨ (ਮੰਗ) ਕਰ ਸਕਦੇ ਹੋ। ਉਹ ਮਿਤੀ ਜਿਸ 'ਤੇ ਤੁਹਾਨੂੰ ਪੈਰੋਲ 'ਤੇ ਰਿਹਾ ਕੀਤਾ ਜਾ ਸਕਦਾ ਹੈ ਨੂੰ ਤੁਹਾਡੀ ਪੈਰੋਲ ਇਲਿਜੀਬਲਿਟੀ ਡੇਟ (PED) ਕਿਹਾ ਜਾਂਦਾ ਹੈ।

ਜੇ ਤੁਸੀਂ ਨਹੀਂ ਚਾਹੁੰਦੇ ਤਾਂ ਤੁਹਾਨੂੰ ਪੈਰੋਲ ਲਈ ਆਵੇਦਨ ਨਹੀਂ ਕਰਨਾ ਪੈਂਦਾ।

ਤੁਹਾਡੀ PED ਤੋਂ 4 ਮਹੀਨੇ ਪਹਿਲਾਂ ਤੁਹਾਨੂੰ ਪੁੱਛਿਆ ਜਾਵੇਗਾ ਕਿ ਕੀ ਤੁਸੀਂ ਉਹ ਸਾਰੀਆਂ ਰਿਪੋਰਟਾਂ ਦੇਖਣੀਆਂ ਚਾਹੁੰਦੇ ਹੋ ਜੋ ਕਿ ਪੈਰੋਲ ਬੋਰਡ ਨੂੰ ਭੇਜੀਆਂ ਜਾਂਦੀਆਂ ਹਨ। ਇਹਨਾਂ ਰਿਪੋਰਟਾਂ ਨੂੰ ਤੁਹਾਡਾ ਪੈਰੋਲ ਡੋਜ਼ੀਅਰ ਕਿਹਾ ਜਾਂਦਾ ਹੈ।

ਤੁਸੀਂ ਇਹਨਾਂ ਰਿਪੋਰਟਾਂ ਦਾ ਇਸਤੇਮਾਲ ਇਸ ਬਾਰੇ ਲਿਖਣ ਵਿੱਚ ਮਦਦ ਲੈਣ ਲਈ ਕਰ ਸਕਦੇ ਹੋ ਕਿ ਤੁਸੀਂ ਪੈਰੋਲ ਕਿਉਂ ਲੈਣੀ ਚਾਹੁੰਦੇ ਹੋ ਅਤੇ ਜੇਕਰ ਤੁਹਾਨੂੰ ਰਿਹਾ ਕਰ ਦਿੱਤਾ ਜਾਂਦਾ ਹੈ ਤਾਂ ਤੁਸੀਂ ਕੀ ਕਰੋਗੇ।

ਤੁਹਾਡੀ PED ਤੋਂ 2 ਮਹੀਨੇ ਪਹਿਲਾਂ ਪੈਰੋਲ ਬੋਰਡ ਤੋਂ ਕੁਝ ਵਿਅਕਤੀ ਤੁਹਾਡੇ ਮਾਮਲੇ ਦੀ ਪੜਤਾਲ ਲਈ ਤੁਹਾਡੇ ਨਾਲ ਮੁਲਾਕਾਤ ਕਰਨਗੇ। ਇਸ ਛੋਟੇ ਜਿਹੇ ਸਮੂਹ ਨੂੰ ਇੱਕ ਪੈਨਲ ਕਿਹਾ ਜਾਂਦਾ ਹੈ।

ਉਹ ਸ਼ਾਇਦ ਆਪਣੇ ਮਨ ਬਣਾਉਣ ਤੋਂ ਪਹਿਲਾਂ ਤੁਹਾਡੇ ਨਾਲ ਗੱਲਬਾਤ ਕਰਨ ਦੇ ਚਾਹਵਾਨ ਹੋ ਸਕਦੇ ਹਨ।

ਤੁਹਾਨੂੰ ਇਸ ਮੁਲਾਕਾਤ ਦੀ ਤਾਰੀਖ਼ ਅਤੇ ਸਮੇਂ ਬਾਰੇ ਦੱਸ ਦਿੱਤਾ ਜਾਵੇਗਾ। ਤੁਸੀਂ ਪੈਨਲ ਦੇ 1 ਮੈਂਬਰ ਨੂੰ ਮਿਲੋਗੇ।

ਇਸ ਸਭ ਨੂੰ ਇਸ ਲਈ ਸੁਲਝਾਇਆ ਜਾਵੇਗਾ ਤਾਂ ਜੋ ਤੁਹਾਨੂੰ ਆਪਣੀ ਪੈਰੋਲ ਇਲਿਜ਼ਬਿਲਟੀ ਡੇਟ (ਯੋਗਤਾ ਮਿਤੀ) ਤੋਂ ਪਹਿਲਾਂ ਪੈਰੋਲ ਬੋਰਡ ਤੋਂ ਕੋਈ ਫ਼ੈਸਲਾ ਪ੍ਰਾਪਤ ਹੋ ਸਕੇ।

ਪੈਰੋਲ ਬੋਰਡ ਤੁਹਾਨੂੰ ਪੈਰੋਲ 'ਤੇ ਜੇਲ੍ਹ ਤੋਂ ਬਾਹਰ ਲਿਆਉਣ ਨਾਲ ਜਨਤਾ ਨੂੰ ਹੋਣ ਵਾਲੇ ਜੋਖ਼ਿਮਾਂ ਅਤੇ ਤੁਹਾਨੂੰ ਮਿਲਣ ਵਾਲੇ ਫ਼ਾਇਦਿਆਂ ਬਾਰੇ ਵਿਚਾਰ ਕਰੇਗਾ।

| ਕੀ | ਕਦੋਂ |
|---|---|
| ਪੈਰੋਲ ਲਈ ਨਿਵੇਦਨ ਕਰਨਾ | ਆਪਣੀ ਪੈਰੋਲ ਇਲਿਜਿਬਲਟੀ ਡੇਟ ਤੋਂ **6** ਮਹੀਨੇ ਪਹਿਲਾਂ |
| ਪੈਰੋਲ ਇਲਿਜਿਬਲਟੀ ਡੇਟ **(PED)** | ਸਭ ਤੋਂ ਛੇਤੀ ਦੀ ਤਾਰੀਖ਼ ਜਿਸ ਦਿਨ ਤੁਹਾਨੂੰ ਪੈਰੋਲ 'ਤੇ ਰਿਹਾ ਕੀਤਾ ਜਾ ਸਕਦਾ ਹੈ। |
| ਆਪਣੇ ਪੈਰੋਲ ਸੰਬੰਧੀ ਦਸਤਾਵੇਜ਼ ਦੇਖੋ ਅਤੇ ਇਸ ਬਾਰੇ ਲਿਖੋ ਕਿ ਤੁਸੀਂ ਪੈਰੋਲ ਕਿਉਂ ਲੈਣੀ ਚਾਹੁੰਦੇ ਹੋ। | ਆਪਣੀ **PED** ਤੋਂ **4** ਮਹੀਨੇ ਪਹਿਲਾਂ |
| ਪੈਰੋਲ ਬੋਰਡ ਵਲੋਂ ਪੈਨਲ ਤੁਹਾਡੇ ਨਾਲ ਮੁਲਾਕਾਤ ਕਰਦਾ ਹੈ। | ਆਪਣੀ **PED** ਤੋਂ **2** ਮਹੀਨੇ ਪਹਿਲਾਂ |
| ਪੈਨਲ ਵਿੱਚੋਂ ਕਿਸੇ ਵਿਅਕਤੀ ਨਾਲ ਮੁਲਾਕਾਤ ਕਰਨੀ | ਇਹਨਾਂ **2** ਮਹੀਨਿਆਂ ਦੌਰਾਨ ਕਿਸੇ ਸਮੇਂ ਤੇ |
| ਪੈਰੋਲ ਬੋਰਡ ਦਾ ਫ਼ੈਸਲਾ ਪ੍ਰਾਪਤ ਕਰਨਾ | ਆਪਣੀ **PED** ਤੋਂ ਕਾਫੀ ਸਮਾਂ ਪਹਿਲਾਂ ਤਾਂ ਜੋ ਤੁਸੀਂ ਆਪਣੀ ਪੈਰੋਲ ਲੈਣ ਲਈ ਤਿਆਰੀ ਕਰ ਸਕੋ। |

## ਆਪਣੀ ਪੈਰੋਲ ਬਾਰੇ ਪਤਾ ਲਗਾਉਣਾ

ਪੈਰੋਲ ਬੋਰਡ, ਜਿੰਨੀ ਜਲਦੀ ਹੋ ਸਕੇ, ਤੁਹਾਨੂੰ ਅਤੇ ਜੇਲ੍ਹ ਨੂੰ ਤੁਹਾਡੀ ਪੈਰੋਲ ਬਾਰੇ ਲਏ ਗਏ ਕਿਸੇ ਫ਼ੈਸਲੇ ਤੋਂ ਜਾਣੂ ਕਰਵਾਏਗਾ

ਇਸਦੇ 2 ਅਪਵਾਦ ਹਨ

1. ਜੇ ਤੁਸੀਂ 15 ਸਾਲਾਂ ਜਾਂ ਇਸ ਤੋਂ ਵੱਧ ਸਮੇਂ ਦੀ ਸਜ਼ਾ ਭੁਗਤ ਰਹੇ ਹੋ
2. ਜੇਕਰ ਤੁਹਾਨੂੰ 1 ਅਕਤੂਬਰ 1992 ਤੋਂ ਪਹਿਲਾਂ ਸਜ਼ਾ ਸੁਣਾਈ ਗਈ ਸੀ

ਜੇਕਰ ਅਜਿਹਾ ਮਾਮਲਾ ਹੋਵੇ, ਤਾਂ ਪੈਰੋਲ ਬੋਰਡ ਨੂੰ ਸੈਕ੍ਰੇਟਰੀ ਆਫ਼ ਸਟੇਟ ਨੂੰ ਦੱਸਣਾ ਪੈਂਦਾ ਹੈ ਕਿ ਉਹ ਕੀ ਸੋਚਦੇ ਹਨ। ਉਸ ਤੋਂ ਬਾਅਦ ਰਾਜ ਦੇ ਸਕੱਤਰ ਤੁਹਾਡੀ ਪੈਰੋਲ ਬਾਰੇ ਫ਼ੈਸਲਾ ਲੈਂਦਾ ਹੈ।

## ਜੇਕਰ ਤੁਹਾਨੂੰ ਪੈਰੋਲ ਦੇਣ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ (ਨਹੀਂ ਦਿੱਤੀ ਜਾਂਦੀ)

ਪੈਰੋਲ ਬੋਰਡ ਦੁਆਰਾ ਤੁਹਾਨੂੰ ਪੈਰੋਲ ਨਾ ਦਿੱਤੇ ਜਾਣ ਦੇ ਕਾਰਨ ਲਿਖਤੀ ਤੌਰ 'ਤੇ ਦੱਸੇ ਜਾਣਗੇ ਅਤੇ ਜੇਲ੍ਹ ਨੂੰ ਭੇਜ ਦਿੱਤੇ ਜਾਣਗੇ। ਤੁਸੀਂ ਇਸਦੀ ਕਾਪੀ ਦੇਖ ਸਕਦੇ ਹੋ।

ਤੁਸੀਂ ਇਸ ਫ਼ੈਸਲੇ ਵਿਰੁੱਧ ਸਿਰਫ਼ ਇਸ ਲਈ ਅਪੀਲ ਨਹੀਂ ਕਰ ਸਕਦੇ ਕਿਉਂਕਿ ਤੁਸੀਂ ਇਸ ਨਾਲ ਸਹਿਮਤ ਹੋ।

ਤੁਸੀਂ ਆਪਣੀ ਅਰਜ਼ੀ ਨੂੰ ਨਿਬਟਾਉਣ ਦੇ ਢੰਗ ਬਾਰੇ ਸ਼ਿਕਾਇਤ ਕਰ ਸਕਦੇ ਹੋ ਜੇਕਰ ਤੁਸੀਂ ਸੋਚਦੇ ਹੋ ਕਿ ਅਜਿਹਾ ਠੀਕ ਤਰ੍ਹਾਂ ਨਹੀਂ ਕੀਤਾ ਗਿਆ ਸੀ।

ਤੁਸੀਂ ਪੰਨਾ 110 'ਤੇ ਸ਼ਿਕਾਇਤਾਂ ਬਾਰੇ ਹੋਰ ਜਾਣਕਾਰੀ ਲੈ ਸਕਦੇ ਹੋ।

ਉਦਾਹਰਨ ਲਈ, ਤੁਸੀਂ ਸ਼ਾਇਦ ਤਾਂ ਸ਼ਿਕਾਇਤ ਕਰ ਸਕਦੇ ਹੋ ਜੇ ਤੁਸੀਂ ਮਹਿਸੂਸ ਕਰਦੇ ਹੋ ਕਿੰ

- ਪੈਰੋਲ ਲਈ ਤੁਹਾਡੀ ਬੇਨਤੀ ਦੇ ਸਮਰਥਨ ਵਿੱਚ ਲਗਾਈ ਜਾਣ ਵਾਲੀ ਸਾਰੀ ਜਾਣਕਾਰੀ ਪੈਰੋਲ ਬੋਰਡ ਨੂੰ ਨਹੀਂ ਭੇਜੀ ਗਈ ਸੀ
- ਪੈਰੋਲ ਲਈ ਕੀਤੀਆਂ ਜਾਣ ਵਾਲੀਆਂ ਬੇਨਤੀਆਂ ਸੰਬੰਧੀ ਪ੍ਰਕਿਰਿਆਵਾਂ (ਕੰਮ ਕਿਵੇਂ ਕੀਤੇ ਜਾਣੇ ਚਾਹੀਦੇ ਹਨ) ਦੀ ਪਾਲਣਾ ਠੀਕ ਤਰ੍ਹਾਂ ਨਾਲ ਨਹੀਂ ਕੀਤੀ ਗਈ ਸੀ।

ਜੇ ਤੁਸੀਂ ਮਹਿਸੂਸ ਕਰਦੇ ਹੋ ਕਿ ਫ਼ੈਸਲਾ ਗ਼ਲਤ ਸੀ ਤਾਂ ਤੁਹਾਨੂੰ ਕਿਸੇ ਵਕੀਲ ਨਾਲ ਗੱਲ ਕਰਨੀ ਚਾਹੀਦੀ ਹੈ।

### ਪੈਰੋਲ ਦੇਣ ਤੋਂ ਇਨਕਾਰ ਕੀਤੇ ਜਾਣ ਬਾਰੇ ਹੋਰ ਜਾਣਕਾਰੀ

ਜੇਕਰ ਤੁਹਾਨੂੰ ਪੈਰੋਲ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ, ਤਾਂ ਤੁਸੀਂ ਸ਼ਾਇਦ ਹਰੇਕ ਸਾਲ ਆਪਣੀ ਕੇਸ ਦੀ ਸਮੀਖਿਆ ਕਰਨ ਲਈ ਕਹਿ ਸਕਦੇ ਹੋ। ਇਹ ਅਜਿਹੀਆਂ ਗੱਲਾਂ 'ਤੇ ਨਿਰਭਰ ਕਰੇਗਾ ਜਿਵੇਂ ਕਿ ਤੁਹਾਡੀ ਨਾਨ-ਪੈਰੋਲ ਡੇਟ (NPD) ਤੋਂ ਪਹਿਲਾਂ ਤੁਹਾਡੀ ਸਜ਼ਾ ਦੀ ਕਿੰਨੀ ਮਿਆਦ ਬਾਕੀ ਰਹਿੰਦੀ ਹੈ।

ਤੁਹਾਨੂੰ ਇੱਕ ਛੇਤੀ ਜਾਂ ਵਿਸ਼ੇਸ਼ ਸਮੀਖਿਆ ਵੀ ਦਿੱਤੀ ਜਾ ਸਕਦੀ ਹੈ। ਇਸਦਾ ਅਰਥ ਹੈ ਕਿ ਪੈਰੋਲ ਲਈ ਤੁਹਾਡੀ ਬੇਨਤੀ 'ਤੇ ਕਿਧਰੇ ਛੇਤੀ ਦੋਬਾਰਾ ਗੌਰ ਕੀਤਾ ਜਾਵੇਗਾ।

- ਛੇਤੀ ਜਾਂ ਵਿਸ਼ੇਸ਼ ਸਮੀਖਿਆਵਾਂ ਜ਼ਿਆਦਾ ਨਹੀਂ ਦਿੱਤੀਆਂ ਜਾਂਦੀਆਂ।
- ਉਹਨਾਂ ਦਾ ਇਸਤੇਮਾਲ ਜ਼ਿਆਦਾਤਰ ਇਹ ਪਰਖਣ ਲਈ ਕੀਤਾ ਜਾਂਦਾ ਹੈ ਕਿ ਤੁਸੀਂ ਰੁਜ਼ਗਾਰ, ਨਸ਼ਿਆਂ ਸੰਬੰਧੀ ਮੁੜਵਸੇਵੇਂ ਅਤੇ ਅਜਿਹੇ ਦੂਸਰੇ ਕੋਰਸਾਂ 'ਤੇ ਕਿਸ ਤਰ੍ਹਾਂ ਦੀ ਕਾਰਗੁਜ਼ਾਰੀ ਦਿਖਾ ਰਹੇ ਹੋ।
- ਤੁਹਾਨੂੰ ਤਾਂ ਵੀ ਇੱਕ ਵਿਸ਼ੇਸ਼ ਸਮੀਖਿਆ ਦਿੱਤੀ ਜਾ ਸਕਦੀ ਹੈ ਜੇਕਰ ਤੁਹਾਡੀ ਸਜ਼ਾ ਦੇ ਖ਼ਤਮ ਹੋਣ ਤੋਂ ਪਹਿਲਾਂ, ਤੁਹਾਡੇ ਵੱਲੋਂ ਪੈਰੋਲ ਲਈ ਕੀਤੀ ਗਈ ਬੇਨਤੀ ਦੀ ਸਮੀਖਿਆ ਕਰਨ ਲਈ ਕਾਫੀ ਸਮਾਂ ਨਹੀਂ ਸੀ।

## ਪੈਰੋਲ ਅਤੇ ਵਿਦੇਸ਼ੀ ਨਾਗਰਿਕ ਕੈਦੀ

ਵਿਦੇਸ਼ੀ ਨਾਗਰਿਕ ਕੈਦੀਆਂ ਨੂੰ ਪੈਰੋਲ ਦਿੱਤੇ ਜਾਣ ਦੇ ਸੰਬੰਧ ਵਿੱਚ 2 ਵੱਡੇ ਅੰਤਰ ਹਨ

- ਜੇਕਰ ਤੁਸੀਂ ਪੈਰੋਲ ਲਈ ਯੋਗਤਾ ਪੂਰੀ ਕਰਦੇ ਹੋ ਤਾਂ ਤੁਹਾਨੂੰ ਆਪਣੇ ਆਪ ਹੀ ਇਸ ਲਈ ਵਿਚਾਰ ਲਿਆ ਜਾਵੇਗਾ। ਤੁਹਾਨੂੰ ਇਸ ਲਈ ਕੋਈ ਚੋਣ ਨਹੀਂ ਦਿੱਤੀ ਜਾਂਦੀ।

- ਤੁਹਾਡੇ ਪੈਰੋਲ ਬਾਰੇ ਫ਼ੈਸਲੇ ਜੇਲ੍ਹ ਦੇ ਗਵਰਨਰ ਵਲੋਂ ਲਏ ਜਾਂਦੇ ਹਨ ਜਦੋਂ ਤਕ ਕਿ ਤੁਹਾਡੇ 'ਤੇ ਕਿਸੇ ਯੌਨ ਜਾਂ ਹਿੰਸਕ ਅਪਰਾਧ ਦੇ ਦੋਸ਼ ਨਾ ਸਿੱਧ ਹੋਏ ਹਨ, ਜਿੱਥੇ ਇਹ ਫ਼ੈਸਲਾ ਨਿਆਂ ਮੰਤਰਾਲਾ ਕਰੇਗਾ।

ਜੇਕਰ ਤੁਸੀਂ ਕੋਈ ਵਿਦੇਸ਼ੀ ਨਾਗਰਿਕ ਕੈਦੀ ਹੋ ਤਾਂ ਤੁਹਾਨੂੰ ਛੇਤੀ ਕੱਢੋ ਸਕੀਮ ਅਧੀਨ ਤੁਹਾਨੂੰ ਤੁਹਾਡੇ ਦੇਸ਼ ਛੇਤੀ ਵਾਪਸ ਭੇਜਿਆ ਜਾ ਸਕਦਾ ਹੈ। **ਪੰਨਾ 151 ਦੇਖੋ।**

## ਨੌਜੁਆਨ ਅਪਰਾਧੀਆਂ ਸੰਬੰਧੀ ਸੰਸਥਾ ਦੀ ਨਿਗਰਾਨੀ-ਪੰਨਾ 159 ਵੇਖੋ

ਜੇਕਰ ਤੁਹਾਨੂੰ 12 ਮਹੀਨਿਆਂ ਤੋਂ ਘੱਟ ਸਮੇਂ ਦੀ ਸਜ਼ਾ ਮਿਲਦੀ ਹੈ ਤਾਂ ਰਿਹਾ ਹੋਣ 'ਤੇ ਤੁਸੀਂ ਘੱਟੋ-ਘੱਟ 3 ਮਹੀਨਿਆਂ ਲਈ ਨਿਗਰਾਨੀ ਹੇਠ ਰਹੋਗੇ, ਭਾਵੇਂ ਤੁਹਾਡੀ ਸਜ਼ਾ ਕਿੰਨੀ ਵੀ ਛੋਟੀ ਸੀ

- ਤੁਹਾਨੂੰ ਨਿਯਮਿਤ ਤੌਰ 'ਤੇ ਆਪਣੇ ਪ੍ਰੋਬੇਸ਼ਨ ਅਪਰਾਧ ਪ੍ਰਬੰਧਕ ਕੋਲ ਪੇਸ਼ ਹੋਣਾ ਪਵੇਗਾ
- ਨਿਗਰਾਨੀ 3 ਮਹੀਨਿਆਂ ਦੀ ਸਮਾਪਤੀ ਜਾਂ ਤੁਹਾਡੇ ਦੁਆਰਾ ਆਪਣੇ 22ਵੇਂ ਜਨਮ ਦਿਨ 'ਤੇ ਪਹੁੰਚਣ 'ਤੇ ਖ਼ਤਮ ਹੋਵੇਗੀ, ਜੋ ਵੀ ਪਹਿਲਾਂ ਆਉਂਦਾ ਹੋਵੇ।
- ਜੇ ਤੁਸੀਂ ਆਪਣੀ ਨਿਗਰਾਨੀ ਦੀਆਂ ਸ਼ਰਤਾਂ ਤੋੜਦੇ ਹੋ, ਤਾਂ ਤੁਹਾਨੂੰ ਜੁਰਮਾਨਾ ਕੀਤਾ ਜਾ ਸਕਦਾ ਹੈ ਜਾਂ ਫਿਰ ਜੇਲ੍ਹ ਵਿੱਚ 30 ਦਿਨ ਹੋਰ ਰਹਿਣ ਦੀ ਸਜ਼ਾ ਸੁਣਾਈ ਜਾ ਸਕਦੀ ਹੈ।

## 12 ਮਹੀਨਿਆਂ ਤਕ ਦੀਆਂ ਬਾਲਗ ਸਜ਼ਾਵਾਂ

ਤੁਹਾਡੀ ਰਿਹਾਈ ਬਿਨਾਂ ਸ਼ਰਤ ਹੋਵੇਗੀ (AUR)
ਤੁਹਾਡੀ ਨਿਗਰਾਨੀ ਕਿਸੇ ਅਪਰਾਧ ਪ੍ਰਬੰਧਕ (ਓਫ਼ੈਂਡਰ ਮੈਨੇਜਰ) ਦੁਆਰਾ ਨਹੀਂ ਕੀਤੀ ਜਾਵੇਗੀ।
ਤੁਹਾਨੂੰ ਨੋਟਿਸ ਅਖਵਾਉਣ ਵਾਲੀ ਜਾਣਕਾਰੀ ਦਿੱਤੀ ਜਾਵੇਗੀ ਨੋਟਿਸ ਦੱਸੇਗਾ ਕਿ ਇਸਦਾ ਕੀ ਅਰਥ ਹੈ ਅਤੇ ਤੁਹਾਨੂੰ ਇਸ 'ਤੇ ਦਸਤਖਤ ਕਰਨੇ ਪੈਣਗੇ।

- **ਜੇਕਰ ਤੁਸੀਂ ਆਪਣਾ ਅਪਰਾਧ 4 ਅਪ੍ਰੈਲ 2005 ਤੋਂ ਪਹਿਲਾਂ ਕੀਤਾ ਸੀ ਤਾਂ ਉਸ ਸੈਕਸ਼ਨ ਨੂੰ ਪੜ੍ਹੋ ਜੋ ਪੰਨਾ 146 'ਤੇ ਸ਼ੁਰੂ ਹੁੰਦਾ ਹੈ।**
- **ਜੇਕਰ ਤੁਸੀਂ ਆਪਣਾ ਅਪਰਾਧ 4 ਅਪ੍ਰੈਲ 2005 ਨੂੰ ਜਾਂ ਇਸ ਤੋਂ ਬਾਅਦ ਕੀਤਾ ਸੀ ਤਾਂ ਇਸ ਸੈਕਸ਼ਨ ਨੂੰ ਪੜ੍ਹੋ ਜੋ ਪੰਨਾ 148 'ਤੇ ਸ਼ੁਰੂ ਹੁੰਦਾ ਹੈ।**

## ➢ 4 ਅਪ੍ਰੈਲ 2005 ਤੋਂ ਪਹਿਲਾਂ ਕੀਤੇ ਗਏ ਅਪਰਾਧ

### ਮੁੱਖ ਗੱਲਾਂ

| ਸਜ਼ਾ ਦੀ ਮਿਆਦ | ਰਿਹਾਈ ਦੀ ਕਿਸਮ |
|---|---|
| 12 ਮਹੀਨਿਆਂ ਤੋਂ ਲੈ ਕੇ 4 ਸਾਲਾਂ ਤਕ | ਆਪਣੇ ਆਪ ਸ਼ਰਤ ਸਹਿਤ ਰਿਹਾਈ<br>ARC (ਏ.ਆਰ.ਸੀ.) |
| 4 ਸਾਲ ਅਤੇ ਇਸ ਤੋਂ ਉੱਪਰ | ਸਜ਼ਾ ਜਾਂ ਪੈਰੋਲ ਦੀ ਸਮਾਪਤੀ |
| ਵਧਾਈ ਗਈ ਸਜ਼ਾ | ਸਜ਼ਾ ਜਾਂ ਪੈਰੋਲ ਦੀ ਸਮਾਪਤੀ ਪਰ ਲਾਇਸੈਂਸ 'ਤੇ ਇਹ ਵਧੇਰੇ ਲੰਮੀ ਹੋਵੇਗੀ |

### 12 ਮਹੀਨਿਆਂ ਤੋਂ ਵੱਧ ਪਰ 4 ਸਾਲਾਂ ਤੋਂ ਘੱਟ (4 ਅਪ੍ਰੈਲ 2005 ਤੋਂ ਪਹਿਲਾਂ)

- ਲਾਇਸੈਂਸ ਅਤੇ ਨਿਗਰਾਨੀ ਉਸ ਸਮੇਂ ਤਕ ਚੱਲਣਗੇ ਜਦੋਂ ਤਕ ਤੁਸੀਂ ਆਪਣੀ ਸਜ਼ਾ ਲਗਭਗ ਖ਼ਤਮ ਨਹੀਂ ਕਰ ਲੈਂਦੇ-3 ਚੌਥਾਈ ਹਿੱਸਾ ਪਾਰ ਕਰ ਲੈਣ ਤਕ।

- ਸੈਕਸ ਸੰਬੰਧੀ ਅਪਰਾਧਾਂ ਦੇ ਦੋਸ਼ ਸਿੱਧ ਕੁਝ ਕੈਦੀਆਂ 'ਤੇ ਉਹਨਾਂ ਦੀ ਸਜ਼ਾ ਖ਼ਤਮ ਹੋਣ ਤਕ ਨਿਗਰਾਨੀ ਰੱਖੀ ਜਾਂਦੀ ਹੈ।

- ਕਿਸੇ ਸੁਣਵਾਈ 'ਤੇ ਦਿੱਤੇ ਜਾਣ ਵਾਲੇ ਕੋਈ ਐਡੀਸ਼ਨਲ ਡੇਜ਼ ਐਵਿੱਡ (ADAs) ਵਿੱਚ ਜੋੜ ਦਿੱਤੇ ਜਾਣਗੇ। **ਪੰਨਾ 89** ਦੇਖੋ।

- ਤੁਹਾਡਾ ਲਾਇਸੈਂਸ ਖ਼ਤਮ ਹੋਣ ਦੀ ਮਿਤੀ ਨੂੰ ਤੁਹਾਡੇ ਲਾਇਸੈਂਸ ਦੀ ਮਿਆਦ ਪੁੱਗਣ ਦੀ ਮਿਤੀ ਕਿਹਾ ਜਾਂਦਾ ਹੈ।

- ਜੇ ਤੁਸੀਂ ਆਪਣੇ ਲਾਇਸੈਂਸ ਦੀਆਂ ਸ਼ਰਤਾਂ ਦੀ ਪਾਲਣਾ ਨਹੀਂ ਕਰਦੇ ਤਾਂ ਤੁਹਾਨੂੰ ਜੇਲ੍ਹ ਵਿੱਚ ਵਾਪਸ ਬੁਲਾਇਆ ਜਾ ਸਕਦਾ ਹੈ।

- ਜੇ ਤੁਸੀਂ ਆਪਣੀ ਸਜ਼ਾ ਦੀ ਮਿਆਦ ਪੁੱਗਣ ਦੀ ਤਾਰੀਖ਼ ਤੋਂ ਪਹਿਲਾਂ ਕੋਈ ਦੂਸਰਾ ਅਪਰਾਧ ਕਰ ਬੈਠਦੇ ਹੋ ਤਾਂ ਅਦਾਲਤ ਸ਼ਾਇਦ ਤੁਹਾਨੂੰ ਦੋਬਾਰਾ ਜੇਲ੍ਹ ਵਿੱਚ ਭੇਜ ਸਕਦੀ ਹੈ।

ਤੁਹਾਡੀ ਰਿਹਾਈ ਤੋਂ ਤੁਰੰਤ ਪਹਿਲਾਂ ਤੁਹਾਨੂੰ ਤੁਹਾਡੀ ਆਪਣੇ ਆਪ ਸ਼ਰਤ ਸਹਿਤ ਰਿਹਾਈ ਦਾ ਲਾਇਸੈਂਸ ਦਿੱਤਾ ਜਾਵੇਗਾ।

ਇਸ ਵਿੱਚ ਤੁਹਾਡੇ ਲਾਇਸੈਂਸ ਦੀਆਂ ਸ਼ਰਤਾਂ ਦਾ ਵਰਣਨ ਹੁੰਦਾ ਹੈ ਅਤੇ ਤੁਹਾਡੇ ਨਿਗਰਾਨ ਅਧਿਕਾਰੀ ਦਾ ਨਾਮ ਅਤੇ ਪਤਾ ਦਿੱਤਾ ਗਿਆ ਹੁੰਦਾ ਹੈ।

ਸ਼ਰਤਾਂ ਇਹ ਹੋਣਗੀਆਂ

- ਆਪਣੇ ਅਪਰਾਧ ਪ੍ਰਬੰਧਕ ਕੋਲ ਨਿਯਮਿਤ ਤੌਰ 'ਤੇ ਪੇਸ਼ ਹੋਣਾ
- ਕਿਸੇ ਪ੍ਰਵਾਨਿਤ ਪਤੇ 'ਤੇ ਰਹਿਣਾ
- ਆਪਣੇ ਅਪਰਾਧ ਪ੍ਰਬੰਧਕ ਵਲੋਂ ਮੁਲਾਕਾਤਾਂ ਪ੍ਰਾਪਤ ਕਰਨਾ
- ਪਰੇਸ਼ਾਨੀ ਤੋਂ ਬਾਹਰ ਰਹਿਣਾ

ਤੁਸੀਂ ਆਪਣੇ ਲਾਇਸੈਂਸ ਦੀਆਂ ਸ਼ਰਤਾਂ ਤੋੜਦੇ ਹੋ, ਤਾਂ ਤੁਹਾਨੂੰ ਦੋਬਾਰਾ ਜੇਲ੍ਹ ਵਿੱਚ ਬੁਲਾਇਆ ਜਾ ਸਕਦਾ ਹੈ

ਜੇ ਤੁਸੀਂ ਉਹ ਅਪਰਾਧ 1 ਜਨਵਰੀ 1999 ਤੋਂ ਪਹਿਲਾਂ ਕੀਤਾ ਸੀ ਜਿਸ ਲਈ ਤੁਹਾਨੂੰ ਜੇਲ੍ਹ ਭੇਜਿਆ ਗਿਆ ਅਤੇ ਤੁਸੀਂ ਆਪਣੇ ਲਾਇਸੈਂਸ ਦੀਆਂ ਸ਼ਰਤਾਂ ਤੋੜਦੇ ਹੋ, ਤਾਂ ਇਸਦਾ ਹੱਲ ਅਦਾਲਤਾਂ ਦੁਆਰਾ ਕੀਤਾ ਜਾਵੇਗਾ।

ਜੇ ਤੁਸੀਂ ਉਹ ਅਪਰਾਧ 1 ਜਨਵਰੀ 1999 ਤੋਂ ਬਾਅਦ ਕੀਤਾ ਸੀ, ਜਿਸ ਲਈ ਤੁਹਾਨੂੰ ਜੇਲ੍ਹ ਭੇਜਿਆ ਗਿਆ ਅਤੇ ਤੁਸੀਂ ਆਪਣੇ ਲਾਇਸੈਂਸ ਦੇ ਸਮਝੌਤੇ ਦੀਆਂ ਸ਼ਰਤਾਂ ਤੋੜਦੇ ਹੋ, ਤਾਂ ਪ੍ਰੋਬੇਸ਼ਨ ਸੇਵਾ ਨੂੰ ਤੁਹਾਨੂੰ ਵਾਪਸ ਬੁਲਾਉਣ ਲਈ ਨਿਆਂ-ਮੰਤਰਾਲੇ ਕੋਲ ਆਵੇਦਨ ਕਰਨਾ ਪਵੇਗਾ।

## 4 ਸਾਲ ਅਤੇ ਇਸ ਤੋਂ ਉੱਪਰ (4 ਅਪ੍ਰੈਲ 2005 ਤੋਂ ਪਹਿਲਾਂ)

- ਜਦੋਂ ਤੁਹਾਨੂੰ ਪੈਰੋਲ 'ਤੇ ਜਾਂ ਤੁਹਾਡੀ ਨਾਨ-ਪੈਰੋਲ ਮਿਤੀ 'ਤੇ ਰਿਹਾ ਕੀਤਾ ਜਾਂਦਾ ਹੈ ਤਾਂ ਲਾਇਸੈਂਸ ਅਤੇ ਨਿਗਰਾਨੀ ਉਸ ਸਮੇਂ ਤਕ ਚੱਲਣਗੇ ਜਦੋਂ ਤਕ ਤੁਸੀਂ ਆਪਣੀ ਸਜ਼ਾ ਲਗਭਗ ਪੂਰੀ ਨਹੀਂ ਕਰ ਲੈਂਦੇ 3 ਚੌਥਾਈ ਹਿੱਸਾ ਪਾਰ ਹੋਣ ਤਕ।

- ਕੁਝ ਸੈਕਸ ਸੰਬੰਧੀ ਅਪਰਾਧੀਆਂ ਦੇ ਮਾਮਲੇ ਵਿੱਚ ਲਾਇਸੈਂਸ ਅਤੇ ਨਿਗਰਾਨੀ ਤੁਹਾਡੀ ਸਜ਼ਾ ਦੇ ਖ਼ਤਮ ਹੋਣ ਤਕ ਚੱਲਦੇ ਹਨ।

- ਤੁਸੀਂ ਆਪਣੀ ਸਜ਼ਾ ਦੀ ਮਿਆਦ ਪੁੱਗਣ ਦੀ ਮਿਤੀ ਤਕ ਜੋਖ਼ਿਮ 'ਤੇ ਰਹੋਗੇ।

### ਵਧਾਈ ਗਈ ਸਜ਼ਾ (4 ਅਪ੍ਰੈਲ 2005 ਤੋਂ ਪਹਿਲਾਂ ਕੀਤੇ ਗਏ ਅਪਰਾਧਾਂ ਲਈ)

ਇੱਕ ਵਧਾਈ ਗਈ ਸਜ਼ਾ ਦੇ 2 ਹਿੱਸੇ ਹੁੰਦੇ ਹਨ

- ਜੇਲ੍ਹ ਵਿੱਚ ਬਿਤਾਇਆ ਜਾਣ ਵਾਲਾ ਸਮਾਂ
- ਲਾਇਸੈਂਸ 'ਤੇ ਬਿਤਾਇਆ ਜਾਣ ਵਾਲਾ ਸਮਾਂ

ਉਦਾਹਰਨ ਲਈ

ਜੇਕਰ ਤੁਹਾਡੀ ਸਜ਼ਾ 4 ਸਾਲ ਹੈ, ਜਿਸ ਵਿੱਚ 2 ਸਾਲਾਂ ਦੀ ਜੇਲ੍ਹ ਅਤੇ 2 ਸਾਲ ਲਾਇਸੈਂਸ 'ਤੇ ਰਹਿਣਾ ਸ਼ਾਮਲ ਹੁੰਦਾ ਹੈ।

ਤੁਸੀਂ 2 ਸਾਲਾਂ ਦਾ ਅੱਧਾ ਸਮਾਂ - ਇਹ 1 ਸਾਲ ਬਣਦਾ ਹੈ - ਜੇਲ੍ਹ ਵਿੱਚ ਬਿਤਾਓਗੇ। ਉਸ ਤੋਂ ਬਾਅਦ ਤੁਹਾਨੂੰ ਲਾਇਸੈਂਸ 'ਤੇ 6 ਮਹੀਨੇ ਬਿਤਾਉਣੇ ਪੈਂਦੇ ਹਨ, ਜੋ ਕਿ ਜੇਲ੍ਹ ਵਿੱਚ ਸਮੇਂ ਦੀ ਇਸ ਮਿਆਦ ਲਈ ਆਮ ਹੈ, ਨਾਲ ਹੀ 2 ਵਾਧੂ ਸਾਲ ਲਾਇਸੈਂਸ 'ਤੇ ਬਿਤਾਉਣੇ ਪੈਣਗੇ। ਤੁਹਾਡੀ ਸਜ਼ਾ 4 ਸਾਲਾਂ 'ਤੇ ਖ਼ਤਮ ਹੁੰਦੀ ਹੈ।

ਛੇਤੀ ਰਿਹਾ ਕਰਨ ਦਾ ਫ਼ੈਸਲਾ ਪੈਰੋਲ ਬੋਰਡ ਦੁਆਰਾ ਲਿਆ ਜਾਵੇਗਾ ਜੇਕਰ ਤੁਹਾਡੀ ਸਜ਼ਾ 4 ਸਾਲ ਜਾਂ ਇਸ ਤੋਂ ਵੱਧ ਹੈ ਅਤੇ ਇਹ ਤੁਹਾਡੇ ਦੁਆਰਾ ਆਪਣੀ ਅੱਧੀ ਸਜ਼ਾ ਭੁਗਤ ਲੈਣ ਤੋਂ ਬਾਅਦ ਕਿਸੇ ਵੀ ਸਮੇਂ 'ਤੇ ਹੋ ਸਕਦੀ ਹੈ।

ਜੇ ਤੁਸੀਂ ਆਪਣੀ ਲਾਇਸੈਂਸ ਦੀਆਂ ਸ਼ਰਤਾਂ ਤੋੜਦੇ ਹੋ, ਤਾਂ ਤੁਹਾਡਾ ਅਪਰਾਧ ਪ੍ਰਬੰਧਕ ਤੁਹਾਨੂੰ ਵਾਪਸ ਜੇਲ੍ਹ ਵਿੱਚ ਬੁਲਾਏ ਜਾਣ ਲਈ ਆਵੇਦਨ ਕਰ ਸਕਦਾ ਹੈ।

## ➢ 4 ਅਪ੍ਰੈਲ 2005 ਨੂੰ ਜਾਂ ਇਸ ਤੋਂ ਬਾਅਦ ਕੀਤੇ ਗਏ ਅਪਰਾਧ

### 12 ਮਹੀਨਿਆਂ ਜਾਂ ਇਸ ਤੋਂ ਵੱਧ ਪਰ 4 ਸਾਲਾਂ ਤੋਂ ਘੱਟ ਸਮੇਂ ਦੀਆਂ ਮਾਣਕ ਸਜਾਵਾਂ (4 ਅਪ੍ਰੈਲ 2005 ਨੂੰ ਜਾਂ ਇਸ ਤੋਂ ਬਾਅਦ ਕੀਤੇ ਗਏ ਅਪਰਾਧਾਂ ਲਈ)

ਤੁਹਾਨੂੰ ਇੱਕ ਆਲ ਪਰਪਜ਼ ਲਾਇਸੈਂਸ 'ਤੇ ਰਿਹਾ ਕਰ ਦਿੱਤਾ ਜਾਵੇਗਾ। ਤੁਸੀਂ ਆਪਣੀ ਸਜ਼ਾ ਦੇ ਖ਼ਤਮ ਹੋਣ ਤਕ ਲਾਇਸੈਂਸ 'ਤੇ ਅਤੇ ਨਿਗਰਾਨੀ (SLED) ਹੇਠ ਰਹੋਗੇ।

ਤੁਹਾਡੀ ਰਿਹਾਈ ਤੋਂ ਤੁਰੰਤ ਪਹਿਲਾਂ ਤੁਹਾਨੂੰ ਤੁਹਾਡਾ ਸਾਰੇ ਮਕਸਦਾਂ ਵਾਲਾ (ਆਲ ਪਰਪਜ਼) ਲਾਇਸੈਂਸ ਦੇ ਦਿੱਤਾ ਜਾਵੇਗਾ। ਇਹ ਤੁਹਾਨੂੰ, ਤੁਹਾਡੇ ਲਾਇਸੈਂਸ ਦੀਆਂ ਸ਼ਰਤਾਂ ਬਾਰੇ ਦੱਸਦਾ ਹੈ ਅਤੇ ਤੁਹਾਨੂੰ, ਤੁਹਾਡੇ ਨਿਗਰਾਨ ਅਧਿਕਾਰੀ ਦਾ ਨਾਮ ਅਤੇ ਪਤਾ ਦੱਸਦਾ ਹੈ।

**12 ਮਹੀਨਿਆਂ ਤੋਂ ਵੱਧ ਪਰ 4 ਸਾਲ ਤੋਂ ਘੱਟ ਸਮੇਂ ਦੀਆਂ ਮਾਣਕ ਸਜ਼ਾਵਾਂ ਲਈ ਸ਼ਰਤਾਂ ਇਹ ਹੋਣਗੀਆਂ।**

- ਆਪਣੇ ਅਪਰਾਧ ਪ੍ਰਬੰਧਕ ਕੋਲ ਨਿਯਮਿਤ ਤੌਰ 'ਤੇ ਪੇਸ਼ ਹੋਣਾ
- ਕਿਸੇ ਪ੍ਰਵਾਨਿਤ ਪਤੇ 'ਤੇ ਰਹਿਣਾ
- ਆਪਣੇ ਅਪਰਾਧ ਪ੍ਰਬੰਧਕ ਵਲੋਂ ਮੁਲਾਕਾਤਾਂ ਪ੍ਰਾਪਤ ਕਰਨਾ
- ਪਰੇਸ਼ਾਨੀ ਤੋਂ ਬਾਹਰ ਰਹਿਣਾ

ਜੇ ਤੁਸੀਂ ਆਪਣੇ ਲਾਇਸੈਂਸ ਦੀਆਂ ਸ਼ਰਤਾਂ ਤੋੜਦੇ ਹੋ, ਤਾਂ ਤੁਹਾਨੂੰ ਜੁਰਮਾਨਾ ਕੀਤਾ ਜਾ ਸਕਦਾ ਹੈ ਜਾਂ ਜੇਲ੍ਹ ਵਿੱਚ ਵਾਪਸ ਬੁਲਾਇਆ ਜਾ ਸਕਦਾ ਹੈ।

## ਵਧਾਈਆਂ ਗਈਆਂ ਸਜ਼ਾਵਾਂ (4 ਅਪ੍ਰੈਲ 2005 ਨੂੰ ਜਾਂ ਇਸ ਤੋਂ ਬਾਅਦ ਕੀਤੇ ਗਏ ਅਪਰਾਧਾਂ ਲਈ)

ਇੱਕ ਵਧਾਈ ਗਈ ਸਜ਼ਾ ਦੇ 2 ਹਿੱਸੇ ਹੁੰਦੇ ਹਨ

- ਜੇਲ੍ਹ ਵਿੱਚ ਬਿਤਾਇਆ ਜਾਣ ਵਾਲਾ ਸਮਾਂ
- ਲਾਇਸੈਂਸ 'ਤੇ ਬਿਤਾਇਆ ਜਾਣ ਵਾਲਾ ਸਮਾਂ

ਉਦਾਹਰਨ ਲਈ ਜੇ ਤੁਹਾਡੀ ਸਜ਼ਾ 8 ਸਾਲਾਂ ਦੀ ਹੈ ਅਤੇ ਇਸ ਵਿੱਚ ਜੇਲ੍ਹ ਵਿੱਚ 3 ਸਾਲ ਅਤੇ ਲਾਇਸੈਂਸ 'ਤੇ 5 ਸਾਲ ਬਿਤਾਉਣਾ ਸ਼ਾਮਲ ਹੈ। ਤੁਹਾਡੇ ਦੁਆਰਾ ਜੇਲ੍ਹ ਵਿੱਚ ਬਿਤਾਏ ਜਾਣ ਵਾਲੇ ਸਮੇਂ ਦੇ ਅੱਧ ਬਿੰਦੂ (1 ਸਾਲ) 'ਤੇ ਪੈਰੋਲ ਬੋਰਡ ਫ਼ੈਸਲਾ ਲਵੇਗਾ ਕਿ ਕੀ ਤੁਹਾਨੂੰ ਰਿਹਾ ਕੀਤਾ ਜਾ ਸਕਦਾ ਹੈ।
ਜੇ ਤੁਹਾਨੂੰ ਰਿਹਾ ਨਹੀਂ ਕੀਤਾ ਜਾਂਦਾ ਤਾਂ ਤੁਸੀਂ ਜੇਲ੍ਹ ਵਿੱਚ ਬਿਤਾਏ ਜਾਣ ਵਾਲੇ ਉਸ ਸਮੇਂ ਦੇ ਅੰਤ ਤਕ ਜੇਲ੍ਹ ਵਿੱਚ ਰਹੋ ਜੋ ਅਦਾਲਤ ਦੇ ਕਹੇ ਅਨੁਸਾਰ ਤੁਹਾਨੂੰ ਜੇਲ੍ਹ ਵਿੱਚ ਬਿਤਾਉਣਾ ਚਾਹੀਦਾ ਹੈ।

ਜਦੋਂ ਤੁਹਾਨੂੰ ਰਿਹਾ ਕੀਤਾ ਜਾਂਦਾ ਹੈ ਤਾਂ ਤੁਸੀਂ ਆਪਣੀ ਬਾਕੀ ਰਹਿੰਦੀ ਸਾਰੀ ਸਜ਼ਾ ਪੂਰੀ ਹੋਣ ਤਕ ਲਾਇਸੈਂਸ 'ਤੇ ਰਹਿੰਦੇ ਹੋ।

## ਦੋਬਾਰਾ ਬੁਲਾਉਣਾ ਜਾਂ ਲਾਇਸੈਂਸ

ਜੇਕਰ ਤੁਹਾਨੂੰ ਜੇਲ੍ਹ ਵਿੱਚ ਵਾਪਸ ਬੁਲਾਇਆ ਜਾਂਦਾ ਹੈ ਤਾਂ ਤੁਹਾਨੂੰ ਇੱਕ ਪੈਕ ਭੇਜਿਆ ਜਾਵੇਗਾ ਜਿਸਨੂੰ ਪ੍ਰਤਿਨਿਧਤਾ ਪੈਕ ਕਿਹਾ ਜਾਂਦਾ ਹੈ। ਇਹ ਪੈਕ ਤੁਹਾਨੂੰ ਜੇਲ੍ਹ ਵਿੱਚ ਵਾਪਸ ਬੁਲਾਏ ਜਾਣ ਵਿਰੁੱਧ ਅਪੀਲ ਕਰਨ ਵਿੱਚ ਮਦਦ ਦੇਣ ਲਈ ਹੁੰਦਾ ਹੈ।

ਪੈਰੋਲ ਬੋਰਡ ਜੇਲ੍ਹ ਵੱਲ ਮੁੜ ਵਾਪਸੀਆਂ 'ਤੇ ਗੌਰ ਕਰਦਾ ਹੈ। ਉਹ ਤੁਹਾਨੂੰ ਜੇਲ੍ਹ ਵਿੱਚ ਵਾਪਸ ਬੁਲਾਏ ਜਾਣ ਦੀ ਮਿਤੀ ਤੋਂ 28 ਦਿਨਾਂ ਅੰਦਰ ਤੁਹਾਡੇ ਕੇਸ 'ਤੇ ਨਜ਼ਰਸਾਨੀ ਕਰਦੇ ਹਨ। ਪੈਰੋਲ ਬੋਰਡ ਇਸ ਗੱਲ ਦਾ ਫ਼ੈਸਲਾ ਕਰਦਾ ਹੈ ਕਿ ਕੀ ਤੁਹਾਨੂੰ ਜੇਲ੍ਹ ਵਿੱਚ ਵਾਪਸ ਬੁਲਾਇਆ ਜਾਣਾ ਠੀਕ ਹੈ ਜਾਂ ਨਹੀਂ।

ਜੇ ਤੁਸੀਂ ਅਪੀਲ ਕਰਨੀ ਚਾਹੁੰਦੇ ਹੋ ਤਾਂ ਤੇਜ਼ੀ ਨਾਲ ਕਰੋ। ਤੁਸੀਂ ਪੈਰੋਲ ਬੋਰਡ ਨੂੰ ਲਿਖ ਸਕਦੇ ਹੋ ਅਤੇ ਤੁਹਾਨੂੰ ਉਹਨਾਂ ਕੋਲ ਜਾਣ ਅਤੇ ਉਹਨਾਂ ਨਾਲ ਗੱਲ ਕਰਨ ਲਈ ਵੀ ਕਿਹਾ ਜਾ ਸਕਦਾ ਹੈ।

## ਵਾਪਸ ਬੁਲਾਉਣ ਬਾਰੇ ਹੋਰ ਜਾਣਕਾਰੀ

ਜੇਕਰ ਤੁਹਾਨੂੰ ਸ਼ਰਤਾਂ 'ਤੇ ਜਾਂ ਕਿਸੇ ਲਾਇਸੈਂਸ 'ਤੇ ਜੇਲ੍ਹ ਤੋਂ ਰਿਹਾ ਕੀਤਾ ਗਿਆ ਹੈ ਜੋ ਦੱਸਦਾ ਹੈ ਕਿ ਤੁਹਾਨੂੰ ਕੀ ਕਰਨਾ ਚਾਹੀਦਾ ਹੈ ਤਾਂ ਨਿਯਮਾਂ ਦੀ ਪਾਲਣਾ ਨਾ ਕਰਨ 'ਤੇ ਤੁਹਾਨੂੰ ਜੇਲ੍ਹ ਵਿੱਚ ਵਾਪਸ ਬੁਲਾਇਆ ਜਾ ਸਕਦਾ ਹੈ। ਅਜਿਹਾ ਇਸ ਲਈ ਕੀਤਾ ਜਾ ਸਕਦਾ ਹੈ ਕਿਉਂਕਿ ਤੁਸੀਂ ਦੋਬਾਰਾ ਅਪਰਾਧ ਕਰਦੇ ਹੋ ਜਾਂ ਕੁਝ ਦੂਸਰੇ ਨਿਯਮ ਤੋੜਦੇ ਹੋ। ਇਸ ਨੂੰ ਲਾਇਸੈਂਸ ਉਲੰਘਣਾ ਵੀ ਕਿਹਾ ਜਾਂਦਾ ਹੈ।

ਜੇਕਰ ਤੁਸੀਂ ਆਪਣੀਆਂ ਸ਼ਰਤਾਂ ਜਾਂ ਲਾਇਸੈਂਸ 'ਤੇ ਖਰੇ ਨਹੀਂ ਉਤਰਦੇ ਤਾਂ ਇਹ ਸਭ ਹੋਵੇਗਾ

- ਤੁਸੀਂ ਜਿਸ ਕਿਸਮ ਦੇ ਵੀ ਲਾਇਸੈਂਸ 'ਤੇ ਸੀ, ਉਸਨੂੰ ਤੁਰੰਤ ਖਾਰਿਜ (ਰੱਦ) ਕਰ ਦਿੱਤਾ ਜਾਵੇਗਾ।
- ਪੁਲੀਸ (ਸਥਾਨਕ ਅਤੇ ਰਾਸ਼ਟਰੀ ਦੋਵੇਂ) ਦੇ ਨਾਲ ਨਾਲ ਪ੍ਰੋਬੇਸ਼ਨ ਸੇਵਾ ਅਤੇ ਉਸ ਜੇਲ੍ਹ ਨੂੰ ਵੀ ਸੂਚਿਤ ਕਰ ਦਿੱਤਾ ਜਾਵੇਗਾ ਜਿਸ ਵਿੱਚ ਤੁਸੀਂ ਆਖਰੀ ਸਮੇਂ ਸੀ।
- ਤੁਹਾਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ ਅਤੇ ਸਭ ਤੋਂ ਨੇੜਲੀ ਜੇਲ੍ਹ ਵਿੱਚ ਭੇਜ ਦਿੱਤਾ ਜਾਵੇਗਾ।
- ਉਹ ਜੇਲ੍ਹ ਜਿਸ ਵਿੱਚ ਤੁਹਾਨੂੰ ਰੱਖਿਆ ਜਾ ਰਿਹਾ ਹੈ ਅਤੇ ਪ੍ਰੋਬੇਸ਼ਨ ਸੇਵਾ, ਹੈਡਕੁਆਟਰਾਂ ਵਿੱਚ ਬੈਠੇ ਵਿਅਕਤੀਆਂ ਨੂੰ ਤੁਹਾਡੀ ਜੇਲ੍ਹ ਵਾਪਸੀ ਬਾਰੇ ਦੱਸ ਦੇਣਗੇ।
- ਤੁਹਾਨੂੰ ਇੱਕ ਪ੍ਰਤੀਨਿਧਤਾਵਾਂ ਪੈਕ ਭੇਜ ਕੇ ਪੁੱਛਿਆ ਜਾਵੇਗਾ ਕਿ ਕੀ ਤੁਸੀਂ, ਤੁਹਾਨੂੰ ਜੇ ਵਿੱਚ ਵਾਪਸ ਬੁਲਾਏ ਜਾਣ ਦੇ ਫ਼ੈਸਲੇ ਵਿਰੁੱਧ ਅਪੀਲ ਕਰਨ ਦੇ ਇੱਛੁਕ ਹੋ
- ਪੈਰੋਲ ਬੋਰਡ ਨੂੰ ਤੁਹਾਡੀ ਅਪੀਲ ਨਾਲ ਜਾਂ ਇਸ ਤੋਂ ਬਿਨਾਂ, ਤੁਹਾਡੀ ਵਾਪਸੀ ਤੋਂ 28 ਦਿਨਾਂ ਅੰਦਰ ਤੁਹਾਡੇ ਕੇਸ ਨੂੰ ਦੇਖਣਾ ਚਾਹੀਦਾ ਹੈ। ਉਹ ਤੁਹਾਨੂੰ ਵਾਪਸ ਬੁਲਾਏ ਜਾਣ ਦੇ ਫ਼ੈਸਲੇ ਨੂੰ ਠੁਕਰਾ ਦੇਣਗੇ ਜਾਂ ਇਸ ਨਾਲ ਸਹਿਮਤ ਹੋ ਜਾਣਗੇ, ਤੁਹਾਡੀ ਮੁੜ-ਰਿਹਾਈ ਲਈ ਕੋਈ ਤਾਰੀਖ਼ ਨਿਸ਼ਚਿਤ ਕਰ ਦੇਣਗੇ, ਜਾਂ ਫਿਰ ਤੁਹਾਡੀ ਵਾਪਸੀ 'ਤੇ ਦੋਬਾਰਾ ਗੌਰ ਕੀਤੇ ਜਾ ਲਈ ਭਵਿੱਖ ਦੀ ਕੋਈ ਤਾਰੀਖ਼ ਨਿਸ਼ਚਿਤ ਕਰ ਦੇਣਗੇ।
- ਜੇਕਰ ਤੁਹਾਨੂੰ ਇਸ ਕੰਮ ਵਿੱਚ ਮਦਦ ਦੀ ਲੋੜ ਹੈ ਤਾਂ ਤੁਸੀਂ ਕਿਸੇ ਵਕੀਲ ਨਾਲ ਗੱਲ ਕਰ ਸਕਦੇ ਹੋ।

## ਵਿਦੇਸ਼ੀ ਨਾਗਰਿਕ ਕੈਦੀ

### ਵਿਦੇਸ਼ੀ ਨਾਗਰਿਕ ਕੈਦੀਆਂ ਲਈ ਅਰਲੀ ਰਿਮੂਵਲ (ਛੇਤੀ ਕੱਢੋ) ਸਕੀਮ (ERS)

ਇਸ ਸਕੀਮ ਨਾਲ ਉਹ ਕੈਦੀ ਜੋ ਵਿਦੇਸ਼ੀ ਨਾਗਰਿਕ ਹੋਣ ਆਪਣੀ ਸਜ਼ਾ ਖ਼ਤਮ ਹੋਣ ਤੋਂ ਪਹਿਲਾਂ ਯੂਕੇ ਛੱਡ ਕੇ ਜਾ ਸਕਦੇ ਹਨ। ਬਾਰਡਰਜ਼ ਐਂਡ ਇਮੀਗ੍ਰੇਸ਼ਨ ਏਜੰਸੀ ਨੂੰ ਤੁਹਾਡੇ ਬਾਰੇ ਜਾਣਕਾਰੀ ਭੇਜ ਦਿੱਤੀ ਜਾਵੇਗੀ।
ਬਾਰਡਰਜ਼ ਐਂਡ ਇਮੀਗ੍ਰੇਸ਼ਨ ਏਜੰਸੀ ਤੁਹਾਨੂੰ ਦੱਸ ਦੇਵੇਗੀ ਕਿ ਕੀ ਤੁਸੀਂ ਯੂਕੇ ਛੱਡ ਕੇ ਜਾ ਰਹੇ ਹੋ ਅਤੇ ਤੁਹਾਡੇ ਆਪਣੇ ਦੇਸ਼ ਵੱਲ ਤੁਹਾਡੀ ਵਾਪਸੀ ਯਾਤਰਾ ਦਾ ਮਾਮਲਾ ਹੱਲ ਕਰ ਦੇਵੇਗੀ।

ਵਾਪਸ ਜਾਣ ਤੋਂ ਪਹਿਲਾਂ ਤੁਸੀਂ ਯੂਕੇ ਵਿਚਲੀ ਜੇਲ੍ਹ ਵਿੱਚ ਇੱਕ ਨਿਊਨਤਮ ਅਵਧੀ ਕੱਟੋਗੇ।
ERS ਲਈ ਸਮੇਂ ਦੀ ਸਭ ਤੋਂ ਲੰਮੀ ਮਿਆਦ 270 ਦਿਨਾਂ ਤਕ ਦੀ ਹੁੰਦੀ ਹੈ। ਕੁਝ ਕੈਦੀਆਂ ਨੂੰ ERS ਦੀ ਮੰਜ਼ੂਰੀ ਨਹੀਂ ਦਿੱਤੀ ਜਾਵੇਗੀ। ਉਦਾਹਰਨ ਲਈ

- ਉਹ ਕੈਦੀ ਜਿਨ੍ਹਾਂ ਨੂੰ ਸੈਕਸ ਸੰਬੰਧੀ ਅਪਰਾਧੀਆਂ ਲਈ ਲਗਾਏ ਗਏ ਰਜਿਸਟਰ 'ਤੇ ਦਸਤਖਤ ਕਰਨੇ ਪੈਂਦੇ ਹਨ।
- ਹਿੰਸਕ ਅਤੇ ਸੈਕਸ ਸੰਬੰਧੀ ਅਪਰਾਧੀ ਜੋ ਇਸ ਸਮੇਂ ਇੱਕ ਵਧਾਈ ਗਈ ਸਜ਼ਾ 'ਤੇ ਹੋਣ।
- ਉਹ ਕੈਦੀ ਜੋ ਅਸਥਾਈ ਲਾਇਸੈਂਸ 'ਤੇ ਕੀਤੀ ਗਈ ਰਿਹਾਈ ਤੋਂ ਬਾਅਦ ਵਾਪਸ ਨਾ ਪਰਤਣ ਲਈ ਕੋਈ ਸਜ਼ਾ ਭੁਗਤ ਰਹੇ ਹਨ।
- ਉਹ ਕੈਦੀ ਜੋ ਕਿਸੇ ਹਸਪਤਾਲ ਆਦੇਸ਼, ਹਸਪਤਾਲ ਨਿਰਦੇਸ਼ ਜਾਂ ਤਬਾਦਲਾ ਨਿਰਦੇਸ਼ 'ਤੇ ਜੇਲ੍ਹ ਵਿੱਚ ਰੱਖੇ ਗਏ ਹੋਣ।
- ਉਹ ਕੈਦੀ ਜੋ ਕਿਸੇ ਕਰਫ਼ਿਊ ਆਦੇਸ਼ ਦੀ ਪਾਲਣਾ ਨਾ ਕਰਨ ਕਰਦੇ ਸਜ਼ਾ ਭੁਗਤ ਰਹੇ ਹੋਣ।
- ਉਹ ਕੈਦੀ ਜਿਨ੍ਹਾਂ ਨੂੰ HDC ਕਰਫ਼ਿਊ ਦੀਆਂ ਸ਼ਰਤਾਂ ਦੀ ਪਾਲਣਾ ਨਾ ਕਰਨ ਲਈ ਕਿਸੇ ਸਮੇਂ 'ਤੇ ਜੇਲ੍ਹ ਵਿੱਚ ਵਾਪਸ ਬੁਲਾਇਆ ਗਿਆ ਹੈ।
- ਉਹ ਕੈਦੀ ਜਿਨ੍ਹਾਂ ਨੂੰ ਉਹਨਾਂ ਦੀ ਮੌਜੂਦਾ ਸਜ਼ਾ ਦੌਰਾਨ, HDC 'ਤੇ ਰਿਹਾ ਕੀਤਾ ਗਿਆ ਹੈ ਜਾਂ ਤਰਸ ਦੇ ਆਧਾਰ 'ਤੇ ਜਲਦੀ ਰਿਹਾ ਕੀਤਾ ਗਿਆ ਹੈ ਅਤੇ ਦੋਬਾਰਾ ਜੇਲ੍ਹ ਵਿੱਚ ਬੁਲਾਇਆ ਗਿਆ ਹੈ।
- ਉਹ ਕੈਦੀ ਜਿਨ੍ਹਾਂ ਨੂੰ ਉਹਨਾਂ ਦੀ ਸਜ਼ਾ ਦੀ ਜੋਖ਼ਿਮ 'ਤੇ ਅਵਧੀ ਖ਼ਤਮ ਹੋਣ ਤੋਂ ਪਹਿਲਾਂ ਕੋਈ ਅਪਰਾਧ ਕਰਨ ਲਈ ਕਿਸੇ ਸਮੇਂ ਤੇ, ਜੇਲ੍ਹ ਵਿੱਚ ਵਾਪਸ ਬੁਲਾਇਆ ਗਿਆ ਹੈ।
- ਉਹ ਕੈਦੀ ਜਿਨ੍ਹਾਂ ਕੋਲ ਸਜ਼ਾ ਸੁਣਾਏ ਜਾਣ ਦੇ ਸਮੇਂ 'ਤੇ ਉਹਨਾਂ ਦੀ ਸਜ਼ਾ ਦੇ ਅੱਧ ਬਿੰਦੂ ਤੋਂ ਪਹਿਲਾਂ 14 ਦਿਨਾਂ ਤੋਂ ਘੱਟ ਸਮਾਂ ਬਾਕੀ ਰਹਿੰਦਾ ਹੈ।
- ਉਹ ਕੈਦੀ ਜਿਨ੍ਹਾਂ ਨੇ ਕੋਈ ਜੁਰਮਾਨਾ ਨਾ ਭਰਿਆ ਹੋਵੇ ਜਾਂ ਉਹ ਸਭ ਨਾ ਕੀਤਾ ਹੋਵੇ ਜੋ ਅਦਾਲਤ ਨੇ ਉਹਨਾਂ ਨੂੰ ਕਰਨ ਲਈ ਕਿਹਾ ਸੀ (ਅਦਾਲਤ ਦੀ ਮਾਨਹਾਨੀ)

ਜੇਕਰ ਤੁਹਾਨੂੰ ERS ਅਧੀਨ ਨਹੀਂ ਕੱਢਿਆ ਜਾਂਦਾ ਤਾਂ ਤੁਸੀਂ ਆਪਣੀ ਸਜ਼ਾ ਭੁਗਤਣੀ ਜਾਰੀ ਰੱਖੋਗੇ।

## ਦੇਸ਼-ਨਿਕਾਲਾ

ਬਾਰਡਰਜ਼ ਐਂਡ ਇਮੀਗ੍ਰੇਸ਼ਨ ਏਜੰਸੀ ਤੁਹਾਨੂੰ ਦੱਸੇਗੀ ਕਿ ਕੀ ਤੁਹਾਨੂੰ ਤੁਹਾਡੀ ਸਜ਼ਾ ਖ਼ਤਮ ਹੋਣ 'ਤੇ ਤੁਹਾਡੇ ਦੇਸ਼ ਵਾਪਸ ਭੇਜਿਆ ਜਾਣਾ ਹੈ।

ਉਹ ਜੇਲ੍ਹ ਨੂੰ ਇੱਕ ਇਮੀਗ੍ਰੇਸ਼ਨ ਡਿਟੈਨਸ਼ਨ ਆਰਡਰ ਭੇਜਣਗੇ।

ਆਪਣੀ ਸਜ਼ਾ ਪੂਰੀ ਹੋਣ ਤੋਂ ਬਾਅਦ ਯੂਕੇ ਤੋਂ ਆਪਣੇ ਦੇਸ਼ ਭੇਜੇ ਜਾਣ (ਕੱਢੇ ਜਾਣ) ਤਕ ਤੁਹਾਨੂੰ ਜਾਂ ਤਾਂ ਜੇਲ੍ਹ ਵਿੱਚ ਹੀ ਰੱਖਿਆ ਜਾਵੇਗਾ ਜਾਂ ਫਿਰ ਕਿਸੇ ਇਮੀਗ੍ਰੇਸ਼ਨ ਡਿਟੈਨਸ਼ਨ ਕੇਂਦਰ ਵਿੱਚ ਭੇਜ ਦਿੱਤਾ ਜਾਵੇਗਾ।

ਜੇ ਤੁਸੀਂ ਆਪਣੇ ਦੇਸ਼ ਨਹੀਂ ਭੇਜਿਆ ਜਾਣਾ ਚਾਹੁੰਦੇ ਹੋ ਤਾਂ ਤੁਹਾਨੂੰ ਇਹ ਪਤਾ ਲਗਾਉਣ ਲਈ ਕਿਸੇ ਵਕੀਲ ਨਾਲ ਗੱਲ ਕਰਨੀ ਪਵੇਗੀ ਕਿ ਕੀ ਤੁਸੀਂ ਅਪੀਲ ਕਰ ਸਕਦੇ ਹੋ।

ਤੁਸੀਂ ਵਧੇਰੇ ਜਾਣਕਾਰੀ **ਪ੍ਰਿਜ਼ਨ ਸਰਵਿਸ ਆਰਡਰ 4630** ਵਿੱਚ ਦੇਖ ਸਕਦੇ ਹੋ।

## ਵਤਨ ਵਾਪਸੀ

ਯੂਕੇ ਦੀਆਂ ਕੁਝ ਦੇਸ਼ਾਂ ਨਾਲ ਵਤਨ ਵਾਪਸੀ ਸੰਬੰਧੀ ਸੰਧੀਆਂ ਹਨ। ਇਸਦਾ ਅਰਥ ਹੈ ਕਿ ਕੁਝ ਕੈਦੀ ਆਪਣੇ ਖ਼ੁਦ ਦੇ ਦੇਸ਼ ਵਿੱਚ ਜੇਲ੍ਹ ਵਿੱਚ ਵਾਪਸ ਜਾ ਸਕਦੇ ਹਨ।

ਤੁਹਾਨੂੰ ਵਾਪਸ ਭੇਜਿਆ ਜਾ ਸਕਦਾ ਹੈ ਜੇਕਰ

- ਤੁਸੀਂ ਉਸ ਦੇਸ਼ ਦੇ ਨਾਗਰਿਕ ਹੋ ਜਿੱਥੇ ਤੁਸੀਂ ਜਾਣਾ ਚਾਹੁੰਦੇ ਹੋ
- ਤੁਹਾਡੀ ਸਜ਼ਾ ਆਖ਼ਰੀ ਹੈ ਅਤੇ ਕੋਈ ਅਪੀਲ ਬਾਕੀ ਨਹੀਂ ਹੈ।
- ਤੁਹਾਡੇ ਦੁਆਰਾ ਕੀਤਾ ਗਿਆ ਅਪਰਾਧ ਕੋਈ ਅਜਿਹਾ ਅਪਰਾਧ ਹੈ ਜੋ ਕਿਸੇ ਦੂਸਰੇ ਦੇਸ਼ ਦੀ ਜੇਲ੍ਹ ਦੁਆਰਾ ਵੀ ਸਜ਼ਾਯੋਗ ਹੋਵੇਗਾ।
- ਤੁਹਾਡੇ ਕੋਲ ਆਪਣੀ ਅਰਜ਼ੀ ਦੇਣ ਦੇ ਸਮੇਂ ਤੇ, ਆਪਣੀ ਰਿਹਾਈ ਤੋਂ ਪਹਿਲਾਂ, ਭੁਗਤਣ ਲਈ ਆਪਣੀ ਸਜ਼ਾ ਦੇ ਘੱਟੋ-ਘੱਟ 6 ਮਹੀਨੇ ਬਾਕੀ ਰਹਿੰਦੇ ਹਨ।

ਜੇਲ੍ਹ ਦਾ ਸਟਾਫ਼ ਇਹ ਦੇਖ ਸਕਦਾ ਹੈ ਕਿ ਤੁਹਾਡੇ ਦੇਸ਼ ਨਾਲ ਯੂਕੇ ਦੀ ਇੱਕ ਵਤਨ ਵਾਪਸੀ ਦੀ ਸੰਧੀ ਹੈ।

ਤੁਹਾਨੂੰ ਇਹ ਦੇਖਣ ਲਈ ਕਿ ਕੀ ਤੁਹਾਨੂੰ ਤੁਹਾਡੇ ਦੇਸ਼ ਵਿੱਚ ਭੇਜਿਆ ਜਾ ਸਕਦਾ ਹੈ, ਅਮਲ ਸ਼ੁਰੂ ਕਰਨ ਲਈ ਜੇਲ੍ਹ ਦੀ ਬੇਨਤੀ/ਸ਼ਿਕਾਇਤਾਂ ਸੰਬੰਧੀ ਪ੍ਰਕਿਰਿਆ ਦਾ ਇਸਤੇਮਾਲ ਕਰਨਾ ਪਵੇਗਾ।
ਯੂਕੇ ਅਤੇ ਤੁਹਾਡੇ ਦੇਸ਼ ਨੂੰ ਵਤਨ ਵਾਪਸੀ ਲਈ ਇੱਕ ਅਧਿਕਾਰਿਕ ਬੇਨਤੀ ਕਰਨੀ ਪੈਂਦੀ ਹੈ।

ਤੁਸੀਂ ਆਪਣੇ ਦੇਸ਼ ਦੀ ਐਮਬੈਸੀ (ਦੂਤਾਵਾਸ) ਵਿਖ ਕੰਮ ਕਰਨ ਵਾਲੇ ਦਫ਼ਤਰੀ ਸਟਾਫ਼ ਨੂੰ ਵੀ ਆਪਣੇ ਲਈ ਇੱਕ ਅਰਜ਼ੀ ਦੇਣ ਲਈ ਨਿਵੇਦਨ ਕਰ ਸਕਦੇ ਹੋ।

ਤੁਸੀਂ ਐਂਬੈਸੀਆਂ ਦੀ ਇੱਕ ਸੂਚੀ ਜੇਲ੍ਹ ਪ੍ਰਬੰਧਨ ਦੀ ਨਿਯਮਾਵਲੀ 4630 ਵਿੱਚ ਦੇਖ ਸਕਦੇ ਹੋ।

ਵਤਨ ਵਾਪਸੀ ਲਈ ਕੀਤੀਆਂ ਗਈਆਂ ਬੇਨਤੀਆਂ 'ਤੇ ਫ਼ੈਸਲੇ ਲੈਣ ਵਿੱਚ ਇੱਕ ਲੰਮਾ ਸਮਾਂ ਲੱਗ ਸਕਦਾ ਹੈ, ਕਈ ਵਾਰੀ 2 ਸਾਲਾਂ ਤਕ ਦਾ ਸਮਾਂ ਲੱਗ ਜਾਂਦਾ ਹੈ।

ਯੂਕੇ ਆਮ ਤੌਰ 'ਤੇ ਸਿਰਫ਼ ਤਾਂ ਹੀ ਵਤਨ ਵਾਪਸੀ ਲਈ ਕੀਤੀਆਂ ਗਈਆਂ ਬੇਨਤੀਆਂ ਨੂੰ ਠੁਕਰਾਏਗਾ ਜੇਕਰ

- ਵਿਦੇਸ਼ ਵਿੱਚ ਤਬਦੀਲ ਕੀਤੇ ਜਾਣ 'ਤੇ ਤੁਸੀਂ ਜੇਲ੍ਹ ਵਿੱਚ ਘੱਟ ਸਮਾਂ ਬਿਤਾਓਗੇ।

- ਤੁਹਾਡੇ ਵੱਲ ਕੋਈ ਜੁਰਮਾਨਾ ਜਾਂ ਨਿਆਇਕ ਆਦੇਸ਼ ਬਾਕੀ ਹੈ।

ਜੇ ਤੁਹਾਨੂੰ ਵਾਪਸ ਤੁਹਾਡੇ ਵਤਨ ਭੇਜਿਆ ਜਾਂਦਾ ਹੈ, ਤਾਂ ਤੁਹਾਨੂੰ ਯੂਕੇ ਵਿੱਚ ਦਿੱਤੀ ਗਈ ਸਜ਼ਾ ਤਹਿਤ ਭੁਗਤਣ ਲਈ ਬਚੀ ਸਮਾਂ ਅਵਧੀ ਜ਼ਰੂਰ ਭੁਗਤਣੀ ਚਾਹੀਦੀ ਹੈ।

ਸਜ਼ਾ ਦੀ ਸਮੀਖਿਆ, ਰਿਹਾਈ ਅਤੇ ਨਿਗਰਾਨੀ ਦੇ ਸੰਬੰਧ ਵਿੱਚ ਤੁਹਾਨੂੰ ਉਸ ਦੇਸ਼ ਦੇ ਨਿਯਮਾ ਦੀ ਪਾਲਣਾ ਕਰਨੀ ਪਵੇਗੀ ਜਿਸ ਵਿੱਚ ਤੁਸੀਂ ਜਾਓਗੇ।

ਤੁਹਾਡੇ ਦੁਆਰਾ ਆਪਣੀ ਵਤਨ ਵਾਪਸੀ ਦੀ ਸੰਧੀ 'ਤੇ ਦਸਤਖ਼ਤ ਕੀਤੇ ਜਾਣ ਤੋਂ ਪਹਿਲਾ ਤੁਹਾਨੂੰ ਇਸ ਵਿੱਚ ਆਈਆਂ ਕਿਸੇ ਤਬਦੀਲੀਆਂ ਬਾਰੇ ਦੱਸਿਆ ਜਾਵੇਗਾ।

ਅਸੀਂ ਜੇਲ੍ਹ ਦੀ ਲਾਇਬ੍ਰੇਰੀ ਵਿੱਚ ਉਪਲਬਧ ਕੈਦੀਆਂ ਦੀ ਵਤਨ ਵਾਪਸੀ ਸੰਬੰਧੀ ਕਾਨੂੰਨ 1984 ਵਿਦੇਸ਼ੀ ਕੈਦੀਆਂ ਲਈ ਜਾਣਕਾਰੀ ਵਿੱਚੋਂ ਹੋਰ ਜਾਣਕਾਰੀ ਲੈ ਸਕਦੇ ਹੋ।

ਇਹ ਜਾਣਕਾਰੀ ਡੈਨਿਸ਼, ਡੱਚ, ਅੰਗਰੇਜ਼ੀ, ਫਿਨਿਸ਼, ਫਰੈਂਚ, ਜਰਮਨ, ਗ੍ਰੀਕ, ਇਟਾਲੀਅਨ, ਪੁਤਰਗਾਲੀ, ਸਪੇਨਿਸ਼, ਸਵੀਡਿਸ਼ ਅਤੇ ਤੁਰਕੀ ਭਾਸ਼ਾਵਾਂ ਵਿੱਚ ਉਪਲਬਧ ਹੈ।

## ਸਕੌਟਲੈਂਡ, ਨੋਰਦਰਨ ਆਇਰਲੈਂਡ, ਚੈਨਲ ਆਇਲੈਂਡ ਜਾਂ ਆਈਜ਼ਲ ਆਫ਼ ਮੈਨ ਵਿਚਲੀਆਂ ਜੇਲ੍ਹਾਂ ਵਿੱਚ ਤਬਾਦਲੇ

ਇੰਗਲੈਂਡ ਜਾਂ ਵੈਲਜ਼ ਦੀਆਂ ਜੇਲ੍ਹਾਂ ਵਿੱਚੋਂ ਇਹਨਾਂ ਦੇਸ਼ਾਂ ਦੀਆਂ ਜੇਲ੍ਹਾਂ ਵੱਲ ਕੀਤੇ ਜਾਣ ਵਾਲੇ ਤਬਾਦਲਿਆਂ ਨੂੰ ਦੂਸਰੇ ਅਧਿਕਾਰ ਖੇਤਰ ਵੱਲ ਕੀਤੇ ਜਾਣ ਵਾਲੇ ਤਬਾਦਲੇ ਕਿਹਾ ਜਾਂਦਾ ਹੈ।

ਤੁਸੀਂ ਇੱਕ ਸਥਾਈ ਤਬਾਦਲੇ ਲਈ ਨਿਵੇਦਨ ਕਰ ਸਕਦੇ ਹੋ ਤਾਂ ਜੋ ਤੁਹਾਡਾ ਪਰਿਵਾਰ ਅਤੇ ਮਿੱਤਰ ਤੁਹਾਡੇ ਨਾਲ ਮੁਲਾਕਾਤਾਂ ਕਰ ਸਕਣ।
ਦੋਵੇਂ ਦੇਸ਼ਾਂ ਵਿਚਲੇ ਜੇਲ੍ਹ ਪ੍ਰਬੰਧਨਾਂ ਨੂੰ ਤਬਾਦਲੇ 'ਤੇ ਸਹਿਮਤ ਹੋਣਾ ਚਾਹੀਦਾ ਹੈ।

ਤਬਾਦਲੇ 2 ਕਿਸਮਾਂ ਦੇ ਹੁੰਦੇ ਹਨਂ

- ਗੈਰ ਪ੍ਰਤੀਬੰਧਿਤ - ਤੁਹਾਡੀ ਸਜ਼ਾ ਦਾ ਸੰਚਾਲਨ ਪੂਰੀ ਤਰ੍ਹਾਂ ਨਾਲ ਉਸ ਖੇਤਰ ਦੁਆਰਾ ਕੀਤਾ ਜਾਵੇਗਾ ਜਿਸ ਵਿੱਚ ਤੁਸੀਂ ਜਾਂਦੇ ਹੋ ਅਤੇ ਤੁਸੀਂ ਰਿਹਾਈ ਅਤੇ ਰਿਹਾ ਹੋਣ 'ਤੇ ਨਿਗਰਾਨੀ ਸੰਬੰਧੀ ਉਹਨਾਂ ਦੇ ਹੀ ਨਿਯਮਾਂ ਦੀ ਪਾਲਣਾ ਕਰੋਗੇ।

- ਪ੍ਰਤੀਬੰਧਿਤ - ਇੰਗਲੈਂਡ ਅਤੇ ਵੇਲਜ਼ ਤੁਹਾਡੇ ਤਬਾਦਲੇ ਦੀਆਂ ਸ਼ਰਤਾਂ ਨਿਰਧਾਰਿਤ ਕਰਨਗੇ। ਇਹ ਸ਼ਰਤਾਂ ਰਿਹਾਈ ਬਾਰੇ, ਰਿਹਾ ਹੋਣ 'ਤੇ ਨਿਗਰਾਨੀ ਬਾਰੇ ਜਾਂ ਵਾਪਸ ਬੁਲਾਏ ਜਾਣ ਬਾਰੇ ਹੋ ਸਕਦੀਆਂ ਹਨ।

**ਤਬਾਦਲਿਆਂ ਬਾਰੇ ਹੋਰ ਜਾਣਕਾਰੀ**

ਤਬਾਦਲੇ ਲਈ ਕੀਤੀ ਗਈ ਬੇਨਤੀ 'ਤੇ ਸਹਿਮਤੀ ਮਿਲਣ ਦੀ ਇੱਕ ਚੰਗੀ ਸੰਭਾਵਨਾ ਬਣਾਉਣ ਲਈ,

- ਤੁਹਾਡੀ ਰਿਹਾਈ ਦੀ ਮਿਤੀ ਤੋਂ ਪਹਿਲਾਂ ਤੁਹਾਡੇ ਭੁਗਤਣ ਲਈ ਘੱਟੋ-ਘੱਟ 6 ਮਹੀਨਿਆਂ ਦੀ ਸਜ਼ਾ ਬਾਕੀ ਰਹਿੰਦੀ ਹੋਣੀ ਚਾਹੀਦੀ ਹੈ।
- ਦੋਸ਼-ਸਿੱਧੀ ਜਾਂ ਸਜ਼ਾ ਸੁਣਾਏ ਜਾਣ ਵਿਰੁੱਧ ਤੁਹਾਡੇ ਵੱਲੋਂ ਕੋਈ ਅਪੀਲ ਬਾਕੀ ਨਹੀਂ ਹੋਣੀ ਚਾਹੀਦੀ।
- ਤੁਹਾਨੂੰ ਹਰਗਿਜ਼ ਅਦਾਲਤ ਵਿੱਚ ਵਾਪਸ ਜਾਂਦਿਆਂ ਨਹੀਂ ਹੋਣਾ ਚਾਹੀਦਾ।

ਉਹ ਚੀਜ਼ਾਂ ਜਿਨ੍ਹਾਂ 'ਤੇ ਤਬਾਦਲੇ ਲਈ ਤੁਹਾਡੀ ਅਰਜ਼ੀ ਦੇ ਹਿੱਸੇ ਵਜੋਂ ਨਜ਼ਰ ਮਾਰੀ ਜਾਵੇਗੀ ਇਹ ਹਨ

- ਤੁਸੀਂ ਤਬਾਦਲਾ ਕਿਉਂ ਕਰਵਾਉਣਾ ਚਾਹੁੰਦੇ ਹੋ।
- ਕੀ ਤੁਸੀਂ ਜ਼ਿਆਦਾਤਰ ਸਮੇਂ ਲਈ ਉਸ ਦੇਸ਼ ਵਿੱਚ ਰਹਿ ਰਹੇ ਸੀ ਜਿਸ ਵਿੱਚ ਤੁਸੀਂ ਵਾਪਸ ਜਾਣਾ ਚਾਹੁੰਦੇ ਹੋ।
- ਜੇਕਰ ਤੁਹਾਡੇ ਨਜ਼ਦੀਕੀ ਪਰਿਵਾਰ ਅਤੇ ਮਿੱਤਰ ਉੱਥੇ ਰਹਿੰਦੇ ਹਨ।
- ਜੇਕਰ ਤੁਸੀਂ ਇਹ ਦਿਖਾ ਚੁੱਕੇ ਚੁੱਕੇ ਹੋ ਕਿ ਤੁਸੀਂ ਰਿਹਾ ਹੋਣ ਤੋਂ ਬਾਅਦ ਉੱਥੇ ਰਹਿਣ ਦੀ ਯੋਜਨਾ ਰੱਖਦੇ ਹੋ।

ਤੁਸੀਂ ਇਹ ਵੀ ਬੇਨਤੀ ਕਰ ਸਕਦੇ ਹੋ ਕਿ ਤੁਹਾਡੇ ਲਾਇਸੈਂਸ ਦੀ ਨਿਗਰਾਨੀ ਸਕੌਟਲੈਂਡ, ਉੱਤਰੀ ਆਇਰਲੈਂਡ, ਚੈਨਲ ਆਇਲੈਂਡਜ਼ ਜਾਂ ਆਈਜ਼ਲ ਆਫ਼ ਮੈਨ ਵਿੱਚ ਕੀਤੀ ਜਾਵੇ। ਆਪਣੇ ਅਪਰਾਧ ਪ੍ਰਬੰਧਕ ਨੂੰ ਪੁੱਛੋ ਕਿ ਅਜਿਹਾ ਕਿਵੇਂ ਕਰਨਾ ਹੈ।

# ਨੌਜਵਾਨ ਕੈਦੀ ਅਤੇ ਨੌਜਵਾਨ ਕੈਦੀਆਂ ਦੀਆਂ ਸੰਸਥਾਵਾਂ

ਇਹ ਹਿੱਸਾ 18 ਤੋਂ 21 ਸਾਲ ਉਮਰ ਦੇ ਨੌਜਵਾਨ ਅਪਰਾਧੀਆਂ ਲਈ ਹੈ। ਇਹ ਤੁਹਾਨੂੰ ਉਹਨਾਂ ਢੰਗਾਂ ਵਿੱਚੋਂ ਕੁਝ ਬਾਰੇ ਦੱਸਦਾ ਹੈ ਜਿਨ੍ਹਾਂ ਵਿੱਚ ਨੌਜਵਾਨ ਅਪਰਾਧੀਆਂ ਲਈ ਬਣਾਈਆਂ ਗਈਆਂ ਸੰਸਥਾਵਾਂ ਦੂਸਰੀਆਂ ਜੇਲ੍ਹਾਂ ਨਾਲੋਂ ਵੱਖਰੀਆਂ ਹੁੰਦੀਆਂ ਹਨ।

- ਤੁਹਾਨੂੰ ਅਜੇ ਵੀ ਜ਼ਿਆਦਾਤਰ ਚੀਜ਼ਾਂ ਜਾਣਨ ਦੀ ਲੋੜ ਹੋਵੇਗੀ ਜਿਨ੍ਹਾਂ ਬਾਰੇ ਇਸ ਕਿਤਾਬ ਦੇ ਬਾਕੀ ਹਿੱਸੇ ਵਿੱਚ ਗੱਲ ਕੀਤੀ ਗਈ ਹੈ।
- ਯੰਗ ਓਫੈਂਡਰ ਇਨਸਟੀਚਿਊਸ਼ਨਾਂ (ਨੌਜੁਆਨ ਅਪਰਾਧੀਆਂ ਲਈ ਸੰਸਥਾਵਾਂ) ਨੂੰ ਸੰਖੇਪ ਵਿੱਚ **YOIs** ਕਿਹਾ ਜਾਂਦਾ ਹੈ।

ਤੁਹਾਡੇ YOIs ਵਿੱਚ ਹੋਣ ਸਮੇਂ ਸਟਾਫ਼ ਦਾ ਇੱਕ ਮੈਂਬਰ ਜਿਸਨੂੰ ਇੱਕ **ਨਿੱਜੀ ਅਧਿਕਾਰੀ** ਕਿਹਾ ਜਾਂਦਾ ਹੈ, ਤੁਹਾਡੀ ਮਦਦ ਕਰਨ ਲਈ ਉੱਥੇ ਮੌਜੂਦ ਰਹੇਗਾ। ਜੇ ਤੁਹਾਡੇ ਕੋਈ ਪ੍ਰਸ਼ਨ ਹਨ ਜਾਂ ਜੇਕਰ ਤੁਹਾਨੂੰ ਕਿਸੇ ਮਦਦ ਦੀ ਲੋੜ ਹੈ ਤਾਂ ਉਸ ਨਾਲ ਗੱਲ ਕਰੋ।

## ਤੁਸੀਂ ਆਪਣੀ ਸਜ਼ਾ ਕਿੱਥੇ ਭੁਗਤੋਗੇ

- ਤੁਸੀਂ ਆਪਣੀ ਸਜ਼ਾ ਇੱਕ ਯੰਗ ਓਫੈਂਡਰ ਇਨਸਟੀਚਿਊਸ਼ਨ **(YOI)** ਵਿੱਚ ਭੁਗਤੋਗੇ। ਤੁਹਾਡੀ **YOI** ਆਪਣੇ ਆਪ ਵਿੱਚ ਇੱਕ ਸੰਸਥਾ ਜਾਂ ਕਿਸੇ ਵੱਡੀ ਜੇਲ੍ਹ ਦਾ ਹਿੱਸਾ ਹੋ ਸਕਦੀ ਹੈ।
- ਜੇ ਤੁਸੀਂ ਰਿਮਾਂਡ 'ਤੇ ਹੋ, ਤਾਂ ਆਪਣੇ ਮੁਕੱਦਮੇ ਦਾ ਸਿੱਟਾ ਨਿਕਲਣ ਤਕ ਤੁਹਾਨੂੰ ਕਿਸੇ YOI ਦੇ ਰਿਮਾਂਡ ਕੇਂਦਰ ਜਾਂ ਬਾਲਗਾਂ ਲਈ ਬਣਾਈ ਗਈ ਕਿਸੇ ਸਥਾਨਕ ਜੇਲ੍ਹ ਵਿੱਚ ਰੱਖਿਆ ਜਾ ਸਕਦਾ ਹੈ।

## ਕੌਣ ਫ਼ੈਸਲਾ ਕਰਦਾ ਹੈ ਕਿ ਤੁਸੀਂ ਆਪਣੀ ਸਜ਼ਾ ਕਿੱਥੇ ਭੁਗਤੋਗੇ

**ਜੇਕਰ ਤੁਹਾਨੂੰ ਕਿਸੇ ਕਿਸਮ ਦੀ ਉਮਰ ਕੈਦ ਮਿਲੀ ਹੈ**

(ਆਜੀਵਨ, ਕਾਰਾਵਾਸ, ਆਜੀਵਨ ਨਜ਼ਰਬੰਦੀ, ਮਹਾਰਾਣੀ ਦੀ ਦਿਆ 'ਤੇ)

- ਉਸ YOI ਦੇ ਸਟਾਫ਼ ਨੂੰ ਜਿੱਥੇ ਤੁਹਾਨੂੰ ਦੋਸ਼ ਸਿੱਧ ਹੋਣ ਤੋਂ ਬਾਅਦ ਪਹਿਲੀ ਵਾਰੀ ਪਹਿਲਾਂ ਭੇਜਿਆ ਜਾਂਦਾ ਹੈ, ਤੁਹਾਡੇ ਬਾਰੇ ਬਹੁਤ ਸਾਰੀਆਂ ਰਿਪੋਰਟਾਂ ਮੁਕੰਮਲ ਕਰਨੀਆਂ ਪੈਣਗੀਆਂ
- ਇੱਕ ਵਾਰੀ ਅਜਿਹਾ ਕਰ ਲਏ ਜਾਣ ਤੋਂ ਬਾਅਦ ਤੁਹਾਨੂੰ ਇੱਕ ਲਾਈਫਰ ਸੈਂਟਰ ਵਿੱਚ ਭੇਜਿਆ ਜਾਵੇਗਾ ਤਾਂ ਜੋ ਤੁਸੀਂ ਇਸ ਬਾਰੇ ਅੰਤਿਮ ਫ਼ੈਸਲੇ ਦੀ ਉਡੀਕ ਕਰ ਸਕੋ ਕਿ ਤੁਸੀਂ ਕਿੱਥੇ ਜਾਓਗੇ। ਤਦ ਇਹ ਫ਼ੈਸਲਾ ਕਰਨਾ ਮੁੱਖ ਦਫਤਰ ਦੇ ਸਟਾਫ਼ 'ਤੇ ਹੋਵੇਗਾ ਕਿ ਤੁਹਾਨੂੰ ਆਪਣੀ ਸਜ਼ਾ ਭੁਗਤਣ ਲਈ ਆਖ਼ਿਰਕਾਰ ਕਿੱਥੇ ਭੇਜਿਆ ਜਾਵੇਗਾ।

## ਉਹਨਾਂ ਸਜ਼ਾਵਾਂ ਲਈ ਜਿਨ੍ਹਾਂ ਨੂੰ ਨਜ਼ਰਬੰਦੀ ਦੀ ਸਜ਼ਾ ਕਿਹਾ ਜਾਂਦਾ ਹੈ

- ਸਥਾਨਕ ਜੇਲ੍ਹ ਜਾਂ ਰਿਮਾਂਡ ਕੇਂਦਰ ਜਿੱਥੇ ਤੁਹਾਨੂੰ ਰੱਖਿਆ ਜਾ ਰਿਹਾ ਹੈ, ਇਹ ਫ਼ੈਸਲਾ ਕਰੇਗਾ ਕਿ ਤੁਸੀਂ ਕਿਸ YOI ਵਿੱਚ ਜਾਓਗੇ।

## ਜਦੋਂ ਤੁਸੀਂ ਪਹਿਲੀ ਵਾਰੀ YOI ਵਿੱਚ ਪਹੁੰਚਦੇ ਹੋ ਤਾਂ ਕੀ ਹੋਵੇਗਾ

ਤੁਹਾਡੇ ਦੁਆਰਾ ਆਪਣੇ YOI 'ਤੇ ਪਹੁੰਚਣ ਤੋਂ ਬਾਅਦ ਪਹਿਲੇ ਕੁਝ ਦਿਨਾਂ ਤਕ ਜਾਣ-ਪਛਾਣ ਦਾ ਸਿਲਸਿਲਾ ਚੱਲੇਗਾ। ਇੱਥੇਂ-

  - ਤੁਸੀਂ ਜੇਲ੍ਹ ਦੇ ਸਟਾਫ਼ ਨੂੰ ਪ੍ਰਸ਼ਨ ਪੁੱਛ ਸਕਦੇ ਹੋ ਜਾਂ ਕਿਸੇ ਅਜਿਹੀ ਗੱਲ ਬਾਰੇ ਉਹਨਾਂ ਨਾਲ ਗੱਲਬਾਤ ਕਰ ਸਕਦੇ ਹੋ ਜਿਸ ਬਾਰੇ ਤੁਸੀਂ ਚਿੰਤਿਤ ਹੋ।
  - ਤੁਸੀਂ ਅਤੇ ਜੇਲ੍ਹ ਦਾ ਸਟਾਫ਼ ਇਸ ਬਾਰੇ ਵੀ ਗੱਲ ਕਰੋਗੇ ਕਿ YOI ਵਿੱਚ ਰਹਿਣ ਸਮੇਂ ਤੁਸੀਂ ਕੀ ਕੁਝ ਕਰ ਸਕਦੇ ਹੋਂ-

## ਤੁਹਾਡੀ ਸਜ਼ਾ ਦੀ ਵਿਉਂਤਬੰਦੀ (ਜੇ ਤੁਹਾਡੀ ਸਜ਼ਾ 4 ਹਫ਼ਤਿਆਂ ਜਾਂ ਇਸ ਤੋਂ ਵਧੇਰੇ ਸਮੇਂ ਦੀ ਹੈ)

- ਜੇਲ੍ਹ ਦਾ ਸਟਾਫ਼ ਸਜ਼ਾ ਦੀ ਵਿਉਂਤਬੰਦੀ ਅਖਵਾਉਂਦੀ ਇੱਕ ਯੋਜਨਾ ਤਿਆਰ ਕਰਨ ਲਈ ਤੁਹਾਡੇ ਨਾਲ ਮਿਲਕੇ ਕੰਮ ਕਰੇਗਾ।
- ਇਸ ਯੋਜਨਾ ਵਿੱਚ ਉਹਨਾਂ ਕੰਮਾਂ ਬਾਰੇ ਗੱਲ ਕੀਤੀ ਜਾਂਦੀ ਹੈ ਜਿਨ੍ਹਾਂ 'ਤੇ ਤੁਹਾਡੇ YOI ਵਿੱਚ ਰਹਿਣ ਸਮੇਂ ਤੁਹਾਡੇ ਦੁਆਰਾ ਕੀਤੇ ਜਾਣ 'ਤੇ ਤੁਹਾਡੇ ਅਤੇ ਜੇਲ੍ਹ ਸਟਾਫ਼ ਵਿਚਕਾਰ ਸਹਿਮਤੀ ਹੋਈ ਹੁੰਦੀ ਹੈ। ਉਦਾਹਰਨ ਲਈ, ਇਸ ਵਿੱਚ ਤੁਹਾਡੀ ਸਿੱਖਿਆ ਅਤੇ ਉਸ ਕੰਮ ਬਾਰੇ ਲਿਖਿਆ ਹੋਵੇਗਾ ਜੋ ਤੁਸੀਂ ਕਰੋਗੇ।
- ਜੇਕਰ YOI ਵਿੱਚ ਤੁਹਾਡੀ 3 ਮਹੀਨਿਆਂ ਤੋਂ ਘੱਟ ਸਮੇਂ ਦੀ ਸਜ਼ਾ ਬਾਕੀ ਰਹਿੰਦੀ ਹੈ ਤਾਂ ਯੋਜਨਾ ਵਿੱਚ ਇਸ ਬਾਰੇ ਗੱਲ ਕੀਤੀ ਜਾਵੇਗੀ ਕਿ ਤੁਹਾਨੂੰ ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਦੀ ਜ਼ਿੰਦਗੀ ਲਈ ਤਿਆਰ ਹੋਣ ਲਈ ਕੀ ਕੁਝ ਕਰਨ ਦੀ ਲੋੜ ਹੈ।
- ਤੁਹਾਡੀ ਸਜ਼ਾ ਦੀ ਵਿਉਂਤਬੰਦੀ ਆਮ ਤੌਰ 'ਤੇ ਤੁਹਾਡੇ ਦੁਆਰਾ YOI ਨੂੰ ਛੱਡ ਜਾਣ ਤੋਂ ਬਾਅਦ ਘੱਟੋ-ਘੱਟ 3 ਮਹੀਨਿਆਂ ਤਕ ਚਲਦੀ ਰਹੇਗੀ। ਅਜਿਹਾ ਇਸ ਲਈ ਕਿਉਂਕਿ ਪ੍ਰੋਬੇਸ਼ਨ ਸੇਵਾ ਵਲੋਂ ਕੋਈ ਵਿਅਕਤੀ (ਆਮ ਤੌਰ 'ਤੇ ਤੁਹਾਡਾ ਅਪਰਾਧ ਪ੍ਰਬੰਧਕ) ਇਹ ਦੇਖਣ ਲਈ ਤੁਹਾਡੇ ਨਾਲ ਮਿਲਕੇ ਕੰਮ ਕਰੇਗਾ ਕਿ ਤੁਸੀਂ YOI ਛੱਡਣ ਤੋਂ ਬਾਅਦ ਕਿਸ ਤਰ੍ਹਾਂ ਜੀਵਨ ਚਲਾ ਰਹੇ ਹੋ।
- ਅਪਰਾਧ ਪ੍ਰਬੰਧਕ ਅਤੇ ਅਪਰਾਧ ਨਿਗਰਾਨ ਅਖਵਾਉਣ ਵਾਲੇ ਵਿਅਕਤੀ ਤੁਹਾਡੀ ਸਜ਼ਾ ਦੀ ਵਿਉਂਤਬੰਦੀ ਵਿਚਲੇ ਸਾਰੇ ਕੰਮ ਕਰਨ ਵਿੱਚ ਤੁਹਾਡੀ ਮਦਦ ਕਰਨਗੇ। ਅਪਰਾਧ ਪ੍ਰਬੰਧਕ ਜੇਲ੍ਹ ਤੋਂ ਬਾਹਰਲੀ ਪ੍ਰੋਬੇਸ਼ਨ ਸੇਵਾ ਕੋਈ ਵਿਅਕਤੀ ਹੁੰਦਾ ਹੈ। ਅਪਰਾਧ ਨਿਗਰਾਨ ਜੇਲ੍ਹ ਦੇ ਅੰਦਰੋਂ ਕੋਈ ਵਿਅਕਤੀ ਹੁੰਦਾ ਹੈ। ਤੁਹਾਡਾ ਨਿੱਜੀ ਅਧਿਕਾਰੀ ਵੀ ਇਸ ਵਿੱਚ ਤੁਹਾਡੀ ਮਦਦ ਕਰੇਗਾ।

# ਉਹ ਕੰਮ ਜੋ ਤੁਸੀਂ YOI ਵਿੱਚ ਰਹਿੰਦੇ ਹੋਏ ਕਰ ਸਕਦੇ ਹੋ

## ਸਿੱਖਿਆ

- YOI ਵਿੱਚ ਰਹਿੰਦੇ ਹੋਏ, ਤੁਹਾਨੂੰ ਨਵੀਆਂ ਚੀਜ਼ਾਂ ਸਿੱਖਣ ਦਾ ਮੌਕਾ ਦਿੱਤਾ ਜਾਵੇਗਾ।
- ਸਾਰੇ YOIs ਕੋਲ ਜਮਾਤਾਂ ਲੱਗਦੀਆਂ ਹਨ ਜਿੱਥੇ ਤੁਸੀਂ ਚੀਜ਼ਾਂ ਸਿੱਖਣ ਲਈ ਜਾ ਸਕਦੇ ਹੋ। ਉਦਾਹਰਨ ਲਈ, ਤੁਸੀਂ ਲੋੜ ਪੈਣ 'ਤੇ ਪੜ੍ਹਨ, ਲਿਖਣ ਅਤੇ ਅੰਕਾਂ ਇਸਤੇਮਾਲ ਕਰਨ ਵਰਗੇ ਕੰਮਾਂ ਵਿੱਚ ਮਦਦ ਲੈ ਸਕਦੇ ਹੋ।
- ਜ਼ਿਆਦਾਤਰ ਜਮਾਤਾਂ ਦਿਨ ਸਮੇਂ ਲੱਗਦੀਆਂ ਹਨ ਪਰ ਕੁਝ ਜਮਾਤਾਂ ਸ਼ਾਇਦ ਸ਼ਾਮ ਨੂੰ ਵੀ ਲੱਗ ਸਕਦੀਆਂ ਹਨ।

## ਸਿਖਲਾਈ

- ਤੁਸੀਂ ਬਹੁਤ ਸਾਰੇ ਸਿਖਲਾਈ ਪ੍ਰਾਪਤ ਕਰ ਸਕਦੇ ਹੋ। ਇਹ ਸਿਖਲਾਈ ਤੁਹਾਨੂੰ ਨਵੇਂ ਹੁਨਰ ਸਿੱਖਣ ਜਾਂ ਕੋਈ ਨੌਕਰੀ ਕੰਮ ਲੱਭਣ ਵਿੱਚ ਮਦਦ ਦੇ ਸਕਦੀ ਹੈ।
- ਸਿਖਲਾਈ ਤੁਹਾਨੂੰ ਕੁਝ ਯੋਗਤਾਵਾਂ ਹਾਸਲ ਕਰਨ ਵਿੱਚ ਵੀ ਮਦਦ ਦੇ ਸਕਦੀ ਹੈ। ਯੋਗਤਾਵਾਂ ਉਹ ਚੀਜ਼ਾਂ ਹੁੰਦੀਆਂ ਹਨ ਜੋ ਤੁਹਾਨੂੰ ਇਮਤਿਹਾਨ ਪਾਸ ਕਰਨ 'ਤੇ ਮਿਲਦੀਆਂ ਹਨ ਜਿਵੇਂ ਕਿ NVQs
- ਤੁਸੀਂ ਆਪਣੇ ਸਥਾਨਕ ਭਾਈਚਾਰੇ ਵਿੱਚ ਇੱਕ ਵਲੰਟੀਅਰ (ਸਵੈ-ਸੇਵਕ) ਵਜੋਂ ਵੀ ਕੰਮ ਕਰ ਸਕਦੇ ਹੋ, ਪਰ ਸਿਰਫ਼ ਤਾਂ ਹੀ ਜੇਕਰ ਜੇਲ੍ਹ ਦਾ ਸਟਾਫ਼ ਸੋਚਦਾ ਹੈ ਕਿ ਅਜਿਹਾ ਕਰਨਾ ਸੁਰੱਖਿਅਤ ਹੈ।

## ਸਰੀਰਕ ਸਿੱਖਿਆ (ਖੇਡਾਂ ਜਾਂ ਜਿਮ ਵਰਗੀਆਂ ਚੀਜ਼ਾਂ)

- ਤੁਸੀਂ ਹਫ਼ਤੇ ਵਿੱਚ ਘੱਟੋ-ਘੱਟ 2 ਘੰਟਿਆਂ ਲਈ ਕਸਰਤ ਅਤੇ ਖੇਡ ਵਰਗੀਆਂ ਚੀਜ਼ਾਂ ਕਰ ਸਕੋਗੇ।
- ਤੁਸੀਂ ਅਜਿਹਾ ਦਿਨ ਸਮੇਂ, ਸ਼ਾਮਾਂ ਨੂੰ ਜਾਂ ਵੀਕਏਂਡਾਂ 'ਤੇ ਕਰ ਸਕਦੇ ਹੋ
- ਅਜਿਹਾ ਜੇਲ੍ਹ ਦੀ ਇਮਾਰਤ ਦੇ ਅੰਦਰ ਜਾਂ ਬਾਹਰ ਕੀਤਾ ਜਾ ਸਕਦਾ ਹੈ। ਤੁਹਾਨੂੰ ਹਰ ਦਿਨ ਖੁੱਲ੍ਹੀ ਹਵਾ ਵਿੱਚ ਕੁਝ ਸਮਾਂ ਬਾਹਰ ਬਿਤਾਉਣ ਦੇ ਯੋਗ ਹੋਣਾ ਚਾਹੀਦਾ ਹੈ।
- ਜੇਕਰ ਤੁਹਾਨੂੰ ਕੋਈ ਸੱਟ ਲੱਗੀ ਹੈ ਜਾਂ ਕਿਸੇ ਖਾਸ ਕਿਸਮ ਦੀ ਕਸਰਤ ਦੀ ਜ਼ਰੂਰਤ ਹੈ ਤਾਂ ਤੁਹਾਨੂੰ ਇਸ ਵਿੱਚ ਮਦਦ ਮਿਲਣੀ ਚਾਹੀਦੀ ਹੈ

## ਵਿਹਲਾ ਸਮਾਂ (ਇਸਨੂੰ ਕਈ ਵਾਰੀ ਮੇਲਮਿਲਾਪ ਕਹਿ ਦਿੱਤਾ ਜਾਂਦਾ ਹੈ)

- ਜ਼ਿਆਦਾਤਰ YOIs ਵਿੱਚ ਤੁਸੀਂ ਹਰ ਦਿਨ ਘੱਟੋ-ਘੱਟ 1 ਘੰਟਾ ਦੂਸਰੇ ਕੈਦੀਆਂ ਨਾਲ ਸਮਾਂ ਬਿਤਾਉਣਾ, ਗੇਮਾਂ ਖੇਡਣਾ ਜਾਂ ਟੀ.ਵੀ. ਦੇਖਣਾ ਵਰਗੇ ਕੰਮਾਂ ਲਈ ਲੈ ਸਕਦੇ ਹੋ।

## ਧਰਮ

- ਤੁਸੀਂ ਹਰ ਹਫ਼ਤੇ ਆਪਣੇ YOI ਵਿਖੇ ਹੋਣ ਵਾਲੀ ਧਾਰਮਿਕ ਪ੍ਰਾਰਥਨਾ 'ਤੇ ਜਾ ਸਕਦੇ ਹੋ।
- ਉੱਥੇ ਵੱਖ-ਵੱਖ ਧਰਮਾਂ ਲਈ ਪ੍ਰਾਰਥਨਾਵਾਂ ਹੋਣੀਆਂ ਚਾਹੀਦੀਆਂ ਹਨ। **ਪੰਨਾ 78** ਦੇਖੋ।

## ਧੂਮ/ਪਾਨ

- ਤੁਸੀਂ 18 ਸਾਲ ਤੋਂ ਘੱਟ ਉਮਰ ਦੇ ਵਿਅਕਤੀਆਂ ਲਈ ਬਣਾਏ ਗਏ ਸਥਾਨਾਂ ਵਿੱਚ ਤਮਾਕੂਨੋਸ਼ੀ ਨਹੀਂ ਕਰ ਸਕਦੇ।
- ਤੁਹਾਨੂੰ 18 ਤੋਂ 20 ਸਾਲ ਉਮਰ ਦੇ ਵਿਅਕਤੀਆਂ ਲਈ ਬਣਾਏ ਗਏ YOIs ਦੇ ਕੁਝ ਖੇਤਰਾਂ ਵਿੱਚ ਸੰਭਾਵਿਤ ਤੌਰ 'ਤੇ ਤੁਹਾਡੇ ਕਮਰੇ ਤੋਂ ਬਾਹਰ ਅਤੇ ਕਈ ਵਾਰੀ ਤੁਹਾਡੇ ਕਮਰੇ ਵਿੱਚ, ਤਮਾਕੂਨੋਸ਼ੀ ਕਰਨ ਦੀ ਆਗਿਆ ਦਿੱਤੀ ਜਾ ਸਕਦੀ ਹੈ।

# YOI ਤੋਂ ਬਾਅਦ ਦੀ ਜ਼ਿੰਦਗੀ ਲਈ ਤਿਆਰੀ ਕਰਨੀ

- ਤੁਸੀਂ YOI ਛੱਡਣ ਤੋਂ ਬਾਅਦ ਦੀ ਜ਼ਿੰਦਗੀ ਲਈ ਤਿਆਰੀ ਕਰਨ ਲਈ ਜੇਲ੍ਹ ਦੇ ਸਟਾਫ਼ ਤੋਂ ਮਦਦ ਲਓਗੇ
- ਉਹ ਅਜਿਹੇ ਕੰਮਾਂ ਬਾਰੇ ਤੁਹਾਡੇ ਨਾਲ ਗੱਲ ਕਰਨਗੇ ਜਿਵੇਂ ਕਿ ਤੁਹਾਡੇ ਅਪਰਾਧ ਪ੍ਰਬੰਧਕ ਨੂੰ ਮਿਲਣਾ, ਤੁਸੀਂ ਕਿੱਥੇ ਰਹੋਗੇ, ਨੌਕਰੀਆਂ, ਸਿਹਤ, ਨਸ਼ੀਲੇ ਪਦਾਰਥ, ਪੈਸੇ ਅਤੇ ਤੁਹਾਡਾ ਪਰਿਵਾਰ

## ਤੁਹਾਡੇ ਜਾਣ ਤੋਂ ਬਾਅਦ ਕੀ ਹੋਵੇਗਾ

ਤੁਸੀਂ YOI ਛੱਡ ਜਾਓਗੇ ਪਰ ਤੁਹਾਨੂੰ ਛੱਡਣ ਤੋਂ ਬਾਅਦ ਅਜੇ ਵੀ ਘੱਟੋ-ਘੱਟ 3 ਮਹੀਨਿਆਂ ਤਕ ਜਾਂ ਆਪਣੇ 22ਵੇਂ ਜਨਮਦਿਨ ਤਕ, ਜੋ ਵੀ ਪਹਿਲਾਂ ਹੋਵੇ, ਕੁਝ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ। ਜੇ ਤੁਸੀਂ ਕਿਸੇ YOI ਵਿੱਚ ਵਧੇਰੇ ਸਮਾਂ ਬਤੀਤ ਕਰਦੇ ਹੋ, ਤਾਂ ਇਹ ਅਵਧੀ ਹੋਰ ਲੰਮੀ ਹੋਵੇਗੀ।

ਇਸਨੂੰ ਨਿਗਰਾਨੀ 'ਤੇ ਹੋਣਾ ਕਿਹਾ ਜਾਂਦਾ ਹੈ। ਪ੍ਰੋਬੇਸ਼ਨ ਸੇਵਾ ਵੱਲੋਂ ਕੋਈ ਵਿਅਕਤੀ, ਸੰਭਾਵਿਤ ਤੌਰ 'ਤੇ ਤੁਹਾਡਾ ਅਪਰਾਧ ਪ੍ਰਬੰਧਕ ਇਹ ਦੇਖਣ ਲਈ ਤੁਹਾਡੇ ਨਾਲ ਮਿਲਕੇ ਕੰਮ ਕਰੇਗਾ ਕਿ ਤੁਸੀਂ YOI ਛੱਡਣ ਤੋਂ ਬਾਅਦ ਕਿਵੇਂ ਚੱਲ ਰਹੇ ਹੋ।

- ਤੁਸੀਂ ਨਿਗਰਾਨੀ 'ਤੇ ਰਹੋਗੇ ਬਸ਼ਰਤੇ ਕਿ
  - ਤੁਹਾਨੂੰ ਕੋਈ ਜੁਰਮਾਨਾ ਨਾ ਚੁਕਾਉਣ ਜਾਂ ਕੋਈ ਅਜਿਹਾ ਕੰਮ ਨਾ ਕਰਨ ਲਈ ਸਜ਼ਾ ਦਿੱਤੀ ਗਈ ਸੀ ਜੋ ਅਦਾਲਤ ਨੇ ਤੁਹਾਨੂੰ ਕਰਨ ਲਈ ਕਿਹਾ ਸੀ (ਇਸ ਨੂੰ ਅਦਾਲਤ ਦੀ ਮਾਨਹਾਨੀ ਕਿਹਾ ਜਾਂਦਾ ਹੈ)
  - YOI ਛੱਡਣ ਸਮੇਂ ਤੁਹਾਡੀ ਉਮਰ 22 ਸਾਲ ਹੋਵੇ

- ਪ੍ਰੋਬੇਸ਼ਨ ਸੇਵਾ ਵਲੋਂ ਕੋਈ ਵਿਅਕਤੀ ਤੁਹਾਡੇ ਦੁਆਰਾ YOI ਛੱਡੇ ਜਾਣ ਤੋਂ ਬਾਅਦ ਘੱਟੋ-ਘੱਟ 3 ਮਹੀਨਿਆਂ ਤਕ ਤੁਹਾਡੇ 'ਤੇ ਨਜ਼ਰ ਰੱਖੇਗਾ।

- YOI ਛੱਡਣ ਸਮੇਂ ਤੁਹਾਨੂੰ ਲਾਇਸੈਂਸ ਅਖਵਾਉਂਦਾ ਇੱਕ ਦਸਤਾਵੇਜ਼ ਦਿੱਤਾ ਜਾਵੇਗਾ। ਲਾਇਸੈਂਸ ਤੁਹਾਨੂੰ ਉਹਨਾਂ ਨਿਯਮਾਂ ਬਾਰੇ ਦੱਸੇਗਾ ਜਿਨ੍ਹਾਂ ਦੀ ਤੁਹਾਨੂੰ ਚਲੇ ਜਾਣ ਤੋਂ ਬਾਅਦ ਪਾਲਣਾ ਕਰਨ ਦੀ ਲੋੜ ਹੁੰਦੀ ਹੈ

- ਕਾਨੂੰਨ ਕਹਿੰਦਾ ਹੈ ਕਿ ਤੁਹਾਨੂੰ ਉਹ ਕੰਮ ਜ਼ਰੂਰ ਕਰਨੇ ਚਾਹੀਦੇ ਹਨ ਜੋ ਲਾਇਸੈਂਸ ਕਹਿੰਦਾ ਹੈ। ਜੇਕਰ ਤੁਹਾਨੂੰ ਸਮਝ ਨਹੀਂ ਆਉਂਦਾ ਕਿ ਲਾਇਸੈਂਸ ਕੀ ਕਹਿੰਦਾ ਹੈ ਤਾਂ ਤੁਹਾਨੂੰ ਜ਼ਰੂਰ ਦੱਸ ਦੇਣਾ ਚਾਹੀਦਾ ਹੈ।

- ਜੇ ਤੁਸੀਂ ਲਾਇਸੈਂਸ ਦੇ ਨਿਯਮ ਤੋੜਦੇ ਹੋ ਤਾਂ ਤੁਹਾਨੂੰ ਸ਼ਾਇਦ ਇੱਕ ਜੁਰਮਾਨਾ ਭਰਨਾ ਪੈ ਸਕਦਾ ਹੈ ਜਾਂ ਫਿਰ ਤੁਹਾਨੂੰ ਸ਼ਾਇਦ YOI ਵਿੱਚ ਵਾਪਸ ਜਾਣਾ ਪੈ ਸਕਦਾ ਹੈ।

- ਜੇ ਤੁਹਾਨੂੰ ਪੈਰੋਲ 'ਤੇ ਰਿਹਾ ਕੀਤਾ ਜਾਂਦਾ ਹੈ ਤਾਂ ਤੁਹਾਨੂੰ ਉਸ ਮਿਤੀ ਤਕ ਲਾਇਸੈਂਸ ਦੇ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ ਜਦੋਂ ਤਕ ਤੁਹਾਨੂੰ ਰਿਹਾ ਕੀਤਾ ਗਿਆ ਹੈ। ਇਸਨੂੰ ਤੁਹਾਡੀ ਗੈਰ-ਪੈਰੋਲ ਮਿਤੀ ਕਿਹਾ ਜਾਂਦਾ ਹੈ।

# ਵਿਸ਼ਾ-ਸੂਚੀ


| ਵਿਸ਼ਾ | ਪੰਨਾ |
|---|---|
| **A** | |
| **adjudications (ਸੁਣਵਾਈਆਂ)** | **89** |
| - on report (ਪੇਸ਼ੀ ਤੇ) | **90** |
| - pleading guilty (ਦੋਸ਼ ਮੰਨ ਲੈਣਾ) | **92** |
| - pleading not guilty (ਦੋਸ਼ ਨਾ ਮੰਨਣਾ) | **93** |
| **AIDS (ਏਡਜ਼)** | **70-71** |
| **alcohol problems (ਸ਼ਰਾਬ ਸੰਬੰਧੀ ਸਮੱਸਿਆਵਾਂ)** | **73, 77** |
| **appealing (ਅਪੀਲ ਕਰਨੀ)** | **22** |
| **arrival (ਪਹੁੰਚ)** | **5** |
| **assessment (ਮੁਲਾਂਕਣ)** | **118** |
| **B** | |
| **benefits (ਬੈਨੀਫਿਟ)** | **30, 127** |
| **bills (ਬਿਲ)** | **33** |
| **C** | |
| **cell (ਕੋਠੜੀ)** | **6, 57-58** |
| **chaplain (ਚੈਪਲੇਨ)** | **79, 81-2** |
| **children (ਬੱਚੇ)** | **29** |
| **civil partnership in prison (ਜੇਲ ਵਿੱਚ ਸਿਵਲ ਪਾਰਟਨਰਸ਼ਿਪ)** | **46** |

| | |
|---|---|
| **civil prisoners (ਦੀਵਾਨੀ ਕੈਦੀ)**<br>- early release (ਜਲਦੀ ਰਿਹਾਈ)<br>- contempt of court (ਅਦਾਲਤ ਦੀ ਮਾਨਹਾਨੀ)<br>- visits from family and friends (ਪਰਿਵਾਰ ਅਤੇ ਮਿੱਤਰਾਂ ਵਲੋਂ ਮੁਲਾਕਾਤਾਂ) | **16**<br>**17**<br>**17**<br>**40** |
| **clothes (ਕੱਪੜੇ)** | **62** |
| **complaints (ਸ਼ਿਕਾਇਤਾਂ)** | **110** |
| **D** | |
| **declaring convictions (ਦੋਸ਼-ਸਿੱਧੀਆਂ ਨੂੰ ਘੋਸ਼ਿਤ ਕਰਨਾ)** | **132** |
| **deportation (ਦੇਸ਼ ਨਿਕਾਲਾ)** | **152** |
| **disabled prisoners (ਅਸਮਰਥ ਕੈਦੀ)** | **109** |
| **Doctor (ਡਾਕਟਰ)** | **67** |
| **drug problems (ਨਸ਼ਿਆਂ ਸੰਬੰਧੀ ਸਮੱਸਿਆਵਾਂ)** | **73, 77** |
| **drug testing (ਨਸ਼ਿਆਂ ਲਈ ਜਾਂਚ)** | **73 - 76** |
| **F** | |
| **faith (ਧਰਮ)** | **78-82** |
| **family and friends (ਪਰਿਵਾਰ ਅਤੇ ਮਿੱਤਰ)**<br>- letters (ਪੱਤਰ)<br>- telephone calls (ਟੈਲੀਫੋਨ ਕਾਲਾਂ)<br>- visits (ਮੁਲਾਕਤਾਂ) | **39**<br>**43-44**<br>**44-45**<br>**39 – 42** |

| | |
|---|---|
| **H** | |
| **health (ਸਿਹਤ)** | **65-72** |
| **help in prison (ਜੇਲ ਵਿੱਚ ਮਦਦ)** | **37-38** |
| **hepatitis (ਹੈਪੇਟਾਈਟਿਸ)** | **72** |
| **high security prisons (ਉਚੱ ਸੁਰੱਖਿਆ ਵਾਲੀਆਂ ਜੇਲ੍ਹਾਂ)** | **55** |
| **HIV (ਐਚ ਆਈ ਵੀ)** | **70-71** |
| **home (ਘਰ)** | |
| - bills (ਬਿਲ) | **33** |
| - council tax (ਕੌਂਸਿਲ ਟੈਕਸ) | **33** |
| - income tax (ਇਨਕਮ ਟੈਕਸ) | **36** |
| - mortgage (ਮਾਰਗੇਜ਼ ) | **32** |
| - national insurance (ਨੈਸ਼ਨਲ ਇਨਸ਼ਊਰੈਂਸ) | **34** |
| - pension (ਪੈਨਸ਼ਨ) | **35** |
| - rent (ਕਿਰਾਇਆ) | **30-31** |
| **home detention curfew (ਘਰੇਲੂ ਨਜ਼ਰਬੰਦੀ ਕਰਫਿਊ)** | **138-140** |
| **I** | |
| **immigration detainees (ਇੰਮੀਗ੍ਰੇਸ਼ਣ ਦੇ ਨਜ਼ਰਬੰਦ)** | **18** |
| - bail (ਜਮਾਨਤ) | **19** |
| - help and advice (ਮਦਦ ਅਤੇ ਸਲਾਹ) | **20-21** |

| | |
|---|---|
| L | |
| **learning (ਸਿੱਖਣਾ)** | **121-122** |
| **leaving prison (ਜੇਲ ਤੋਂ ਬਾਹਰ ਆਉਣਾ)**<br>- benefits (ਬੈਨਿਫਿਟ)<br>- gate arrest (ਗੇਟ 'ਤੇ ਗਿਰਫਤਾਰੀ)<br>- grants and loans (ਗ੍ਰਾਂਟਾਂ ਅਤੇ ਲੋਨ)<br>- housing (ਹਾਊਸਿੰਗ)<br>- money (ਧਨ)<br>- release time (ਰਿਹਾਈ ਦਾ ਸਮਾਂ) | **125**<br>**127**<br>**130**<br>**128**<br>**126-127**<br>**127**<br>**129** |
| **local prisons (ਸਥਾਨਕ ਜੇਲ੍ਹਾਂ)** | **54** |
| M | |
| **marriage in prison (ਜੇਲ੍ਹ ਵਿੱਚ ਵਿਆਹ)** | **46** |
| **medicine (ਦਵਾਈ)** | **68** |
| **money (ਪੈਸੇ)** | **59-60** |
| P | |
| **parole (ਪੈਰੋਲ)** | **141 - 144** |
| **private prisons (ਨਿਜੀ ਜੇਲ੍ਹਾਂ)** | **55** |
| **privileges (ਵਿਸ਼ੇਸ਼ ਅਧਿਕਾਰ)** | **64** |
| **punishment (ਸਜ਼ਾ)** | **87 - 89** |

| | |
|---|---|
| R | |
| **race equality (ਨਸਲੀ ਸਮਾਨਤਾ)** | **106-108** |
| **recall (ਮੁੜ ਤੋਂ ਬੁਲਾਉਣਾ)**<br>- **foreign national prisoners (ਵਿਦੇਸ਼ੀ ਨਾਗਰਿਕ ਕੈਦੀ)** | **149-150**<br>**151** |
| **records (ਰਿਕਾਰਡ)**<br>- prison (ਜੇਲ੍ਹ)<br>- health (ਸਿਹਤ) | <br>**49-50**<br>**69** |
| **rehabilitation (ਮੁੜ ਵਸੇਵਾਂ)** | **130- 131** |
| **release on licence (ਲਾਇਸੈਂਸ ਤੇ ਰਿਹਾਈ)**<br>- childcare (ਬੱਚਿਆਂ ਦੀ ਦੇਖਭਾਲ)<br>- end of custody licence scheme (ਹਿਰਾਸਤ ਲਾਇਸੈਂਸ ਸਕੀਮ ਦੀ ਸਮਾਪਤੀ)<br>- ROTL (ਆਰ ਓ ਟੀ ਐਲ)<br>- resettlement (ਮੁੜ ਸਥਾਪਨਾ)<br>- special purposes (ਵਿਸ਼ੇਸ਼ ਮਕਸਦ) | **134**<br>**135**<br>**136-137**<br>**134**<br>**135**<br>**135** |
| **religion (ਵਿਸ਼ੇਸ਼ ਮਕਸਦ)** | **78- 82** |
| **repatriation (ਵਾਪਸ ਭੇਜਣਾ)** | **152-153** |
| **rules (ਨਿਯਮ)** | **83- 86** |
| S | |
| **searches (ਤਲਾਸ਼ੀਆਂ)** | **103-104** |
| **segregation (ਵੱਖਰਾ ਰੱਖਣਾ)** | **99-100** |

| | |
|---|---|
| **sentences (ਸਜਾਵਾਂ)** | **25** |
| - how long (ਕਿੰਨੀ ਲੰਬੀਆਂ) | **26-28** |
| - sentence plan (ਸਜ਼ਾ ਦੀ ਯੋਜਨਾ) | **118, 120** |
| **adult prisoners (ਬਾਲਗ ਕੈਦੀ)** | **26, 145** |
| - on or after April 2005 (ਅਪਰੈਲ 2005 ਨੂੰ ਜਾਂ ਇਸ ਤੋਂ ਬਾਅਦ) | **27, 148-149** |
| | **26-27, 146-148** |
| - on or before April 2005 (ਅਪਰੈਲ 2005 ਨੂੰ ਜਾਂ ਇਸ ਤੋਂ ਪਹਿਲਾਂ) | **28** |
| - before October 1992 (ਅਕਤੂਬਰ 1992 ਤੋਂ ਪਹਿਲਾਂ) | **26,145** |
| - up to 12 months (12 ਮਹੀਨਿਆਂ ਤੱਕ ਦੇ ਸਮੇਂ ਲਈ) | **145** |
| **young offenders (ਨੌਜੁਆਨ ਅਪਰਾਧੀ)** | |
| **smoking (ਧੂਮਰਪਾਨ)** | **60- 61** |
| **solicitors (ਵਕੀਲ)** | **47** |
| - letters (ਚਿੱਠੀਆਂ) | **47** |
| - visits (ਮੁਲਾਕਾਤਾਂ) | **48** |
| **special accommodation (ਵਿਸ਼ੇਸ਼ ਰਿਹਾਇਸ਼)** | **100-101** |
| **supervision (ਨਿਗਰਾਨੀ)** | **138** |
| **T** | |
| **training (ਸਿਖਲਾਈ)** | **122** |

| | |
|---|---|
| **training prisons (ਸਿਖਲਾਈ ਜੇਲ੍ਹਾਂ)** | **54** |
| **transfers (ਤਬਾਦਲੇ)** | **153-154** |
| **U** | |
| **unconvicted prisoners (ਗੈਰ ਦੋਸ਼ ਸਿੱਧ ਕੈਦੀ)**<br>- bail (ਜਮਾਨਤ)<br>- court (ਅਦਾਲਤ)<br>- sureties (ਜਮਾਨਤਾਂ) | **7**<br>**8**<br>**9-11, 13**<br>**11-12** |
| **W** | |
| **work (ਕੰਮ)** | **123-124** |
| **Y** | |
| **young offender (ਨੌਜੁਆਨ ਦੇ ਅਪਰਾਧੀ)** | **155** |
| - **arrival (ਪਹੁੰਚਣਾ)**<br>- **education (ਸਿੱਖਿਆ)**<br>- **leaving (ਜਾਣਾ)**<br>- **sentences (ਸਜਾਵਾਂ)**<br>- **supervision (ਨਿਗਰਾਨੀ)**<br>- **training (ਸਿਖਲਾਈ)** | **156**<br>**157**<br>**158**<br>**53, 145, 155**<br>**159**<br>**157** |

# ਜੇਲ੍ਹ ਸੁਧਾਰ ਟ੍ਰਸਟ ਬਾਰੇ

ਜੇਲ੍ਹ ਸੁਧਾਰ ਟ੍ਰਸਟ ਇੱਕ ਨਿਰਪੱਖ ਅਤੇ ਸ਼ਾਨਦਾਰ ਜੇਲ੍ਹ ਪ੍ਰਣਾਲੀ ਤਿਆਰ ਕਰਨ ਲਈ ਕੰਮ ਕਰਦਾ ਹੈ। ਅਸੀਂ ਅਜਿਹਾ ਇਹ ਦੇਖ ਕੇ ਜੇਲ੍ਹਾਂ ਕਿਵੇਂ ਚੱਲ ਰਹੀਆਂ ਹਨ, ਕੈਦੀਆਂ, ਸਟਾਫ਼ ਅਤੇ ਬਾਹਰ ਦੇ ਵਿਅਕਤੀਆਂ ਨੂੰ ਜਾਣਕਾਰੀ ਦੇਕੇ ਅਤੇ ਸਰਕਾਰ ਅਤੇ ਅਧਿਕਾਰੀਆਂ ਨੂੰ ਤਬਦੀਲੀਆਂ ਕਰਨ ਲਈ ਨਿਵੇਦਨ ਕਰਕੇ ਕਰਦੇ ਹਾਂ।

## ਅਸੀਂ ਧੰਨਵਾਦੀ ਹਾਂ


- ਹਰ ਮਜੈਸਟੀਜ਼ ਪ੍ਰਿਸ਼ਜ਼ ਸਰਵਿਸ (HMPS) ਦੇ ਅਤੇ ਜੇਲ੍ਹ ਸੁਧਾਰ ਟ੍ਰਸਟ ਇਸ ਪੁਸਤਕ ਨੂੰ ਤਿਆਰ ਕਰਨ ਵਿੱਚ ਮਦਦ ਦੇਣ ਲਈ ਐਚ.ਐਮ.ਪੀ. ਵੈਂਡਜ਼ਵਰਥ ਦੇ ਕੈਦੀਆਂ ਅਤੇ ਸਟਾਫ਼ ਦਾ ਧੰਨਵਾਦ ਕਰਨਾ ਚਾਹੇਗਾ

- ਜੇਲ੍ਹ ਸੁਧਾਰ ਟ੍ਰਸਟ, ਕੈਦੀਆਂ ਨੂੰ ਜਾਣਕਾਰੀ ਦੇਣ ਦੀ ਪ੍ਰਣਾਲੀ ਵਿੱਚ ਸੁਧਾਰ ਲਿਆਉਣ ਲਈ ਸਾਡੀ ਚੈਰਿਟੀ ਦੀ ਸਹਾਇਤਾ ਕਰਨ ਵਾਸਤੇ ਦਿ ਬਿਗ ਲਾਟਰੀ ਫੰਡ ਅਤੇ ਵੇਲਜ਼ ਦੀ ਰਾਜਕੁਮਾਰੀ ਡਾਇਨਾ ਯਾਦਗਾਰੀ ਫੰਡ ਦਾ ਧੰਨਵਾਦ ਕਰਨਾ ਚਾਹੇਗਾ।

- ਮੈਨਕੈਪ


IBSN ਨੰਬਰ 0 046209 86 3

## What is this book about?

- What you need to know about prison life.
- Prison rules and ways of doing things.
- Your rights.

*"The handbook is like an A-Z of information for prisoners. We could never do without it."*

Adeleke, prisoner HMP Wandsworth

*"When a prisoner first comes into prison he often doesn't know the questions he needs to ask. This guide is an invaluable aid."*

Prison Officer

Ministry of JUSTICE
Safer Custody and Offender Rights
NOMS
1st Floor, Fry,
2 Marsham Street
London, SW1P 4DF
www.hmprisonservice.gov.uk

PRISON REFORM TRUST
Prison Reform Trust
15 Northburgh Street,
London, EC1V 0JR
Tel: 020 7251 5070
e-mail: prt@prisonreformtrust.org.uk
www.prisonreformtrust.org.uk

Prison Service Vocab Number BZ032 (Rev 2008) Form Number 2311
ISBN 0 946209 86 3
Printed by HM Prison Service
Prison Reform Trust Registered Charity No. 1035525
Company Limited by Guarantee No. 2906362 Registered in England & Wales